




Twenty-Fifth Year of Publication ਨਿਊਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 47; November 23, 2024 20451 N. Plum Grove Rd., Palatine, IL 60074 Ph:847-359-0746, Fax:847-705-9388


## ਸੁਖਬੀਰ ਦੇ ਅਸਤੀਫੇ ਪਿੱਛੋਂ ਭੰਬਲਭੂਸਾ

**ਚੰਡੀਗੜ੍ਹ:** ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ੇ ਮਗਰੋਂ ਸ਼ੁਰੂ ਹੋਏ ਘਟਨਾਕ੍ਰਮ ਨੇ ਨਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ। ਪਹਿਲਾਂ ਸੁਖਬੀਰ ਵੱਲੋਂ ਅਚਨਚੇਤ ਦਿੱਤੇ ਅਸਤੀਫ਼ੇ ਨੂੰ ਲੈ ਕੇ ਪੰਥਕ ਹਲਕਿਆਂ 'ਚ ਹੈਰਾਨੀ ਸੀ ਅਤੇ ਇਸ ਪੇਸ਼ਕਸ਼ ਦੀ ਸ਼ਲਾਘਾ ਕੀਤੀ ਜਾ ਰਹੀ ਸੀ ਪਰ ਪਾਰਟੀ ਦੀ ਵਰਕਿੰਗ ਕਮੇਟੀ ਵੱਲੋਂ ਬਾਦਲ ਦੀ ਹਮਾਇਤ 'ਚ ਲਏ ਸਟੈਂਡ ਮਗਰੋਂ ਚੇਤੰਨ ਪੰਥਕ ਧਿਰਾਂ 'ਚ ਚਰਚੇ ਛਿੜੇ ਹਨ ਕਿ ਇਹ ਸ਼ਾਇਦ ਅੰਦਰੂਨੀ ਤੌਰ ਉਤੇ 'ਦੋਸਤਾਨਾ' ਤਰੀਕੇ ਨਾਲ ਪਟਕਥਾ ਲਿਖੀ ਗਈ ਸੀ।

ਵਰਕਿੰਗ ਕਮੇਟੀ ਨੇ ਸੁਖਬੀਰ ਦੇ ਅਸਤੀਫ਼ੇ ਬਾਰੇ ਫੈਸਲਾ ਕਰਨ ਤੋਂ ਪਹਿਲਾਂ ਪਾਰਟੀ ਦੇ ਜ਼ਿਲ੍ਹਾ ਪ੍ਰਧਾਨਾਂ, ਹਲਕਾ ਇੰਚਾਰਜਾਂ, ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਯੂਥ ਅਕਾਲੀ ਦਲ ਤੋਂ ਇਲਾਵਾ ਇਸਤਰੀ ਅਕਾਲੀ ਦਲ ਦੇ ਮੈਂਬਰਾਂ ਤੋਂ ਰਾਇ ਲੈਣ ਦਾ ਫੈਸਲਾ ਕੀਤਾ ਹੈ। ਵਰਕਿੰਗ ਕਮੇਟੀ ਨੇ ਸਰਬਸੰਮਤੀ ਨਾਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਅਸਤੀਫ਼ੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ। ਕਮੇਟੀ ਨੇ ਆਖਿਆ ਹੈ ਕਿ ਜੇ ਸੁਖਬੀਰ ਨੇ ਅਸਤੀਫ਼ਾ ਵਾਪਸ ਨਾ ਲਿਆ ਤਾਂ ਕਮੇਟੀ ਦੇ ਸਾਰੇ ਮੈਂਬਰ ਵੀ ਸਮੂਹਿਕ ਤੌਰ 'ਤੇ ਅਸਤੀਫ਼ਾ ਦੇ ਦੇਣਗੇ।

ਇਧਰ, ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨੇ ਵਰਕਿੰਗ ਕਮੇਟੀ ਦੀ ਮੀਟਿੰਗ ਨੂੰ ਸੋਚੀ-ਸਮਝੀ ਸਾਜ਼ਿਸ਼ ਅਤੇ ਡਰਾਮਾ ਕਰਾਰ ਦਿੱਤਾ ਹੈ। ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਜਦੋਂ ਅਕਾਲ ਤਖਤ ਸਾਹਿਬ ਨੇ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਸੀ, ਉਸੇ ਦਿਨ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ। ਹੁਣ ਸਾਰਾ ਕੁਝ ਸੁਖਬੀਰ ਸਿੰਘ ਬਾਦਲ ਨੂੰ ਬਚਾਉਣ ਲਈ ਕੀਤਾ ਜਾ ਰਿਹਾ ਹੈ।



ਗੌਰਤਲਬ ਹੈ ਕਿ ਪੰਜਾਬ ਦੀ ਸਿਆਸਤ 'ਚ ਲੰਬਾ ਸਮਾਂ ਰਾਜ ਕਰਨ ਵਾਲੇ ਅਕਾਲੀ ਦਲ ਦੀ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਨਮੋਸ਼ੀ ਭਰੀ ਹਾਰ ਤੋਂ ਬਾਅਦ ਹੀ ਕੁਝ ਆਗੂਆਂ ਵੱਲੋਂ ਸੁਖਬੀਰ ਸਿੰਘ ਬਾਦਲ ਦੇ ਅਸਤੀਫ਼ੇ ਦੀ ਮੰਗ ਕੀਤੀ ਜਾ ਰਹੀ ਸੀ ਪਰ ਉਸ ਸਮੇਂ ਉਨ੍ਹਾਂ ਵੱਲੋਂ ਅਸਤੀਫ਼ਾ ਨਹੀਂ ਦਿੱਤਾ ਗਿਆ ਸੀ। 2017 ਦੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ ਦੇ ਸੱਤਾ ਵਿਚੋਂ ਬਾਹਰ ਹੋਣ ਦੇ ਨਾਲ-ਨਾਲ ਉਹ ਮੁੱਖ ਵਿਰੋਧੀ ਧਿਰ ਵਜੋਂ ਵੀ ਆਪਣੀ ਥਾਂ ਨਹੀਂ ਬਣਾ ਸਕਿਆ ਸੀ। ਉਸ ਸਮੇਂ ਪਹਿਲੀ ਵਾਰ ਚੋਣ ਲੜਨ ਵਾਲੀ ਆਮ ਆਦਮੀ ਪਾਰਟੀ (ਆਪ) ਮੁੱਖ ਵਿਰੋਧੀ ਧਿਰ ਬਣ ਗਈ ਸੀ। ਇਸ ਤੋਂ ਬਾਅਦ 2019 ਦੀਆਂ ਲੋਕ ਸਭਾ ਚੋਣਾਂ 'ਚ ਵੀ ਪਾਰਟੀ ਦੇ ਪੱਲੇ ਕੁਝ ਨਹੀਂ ਪਿਆ। ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਤਿੰਨ ਸੀਟਾਂ 'ਤੇ ਸਿਮਟ ਗਿਆ। ਚੋਣਾਂ ਵਿਚ ਹੋਈਆਂ ਇਨ੍ਹਾਂ ਹਾਰਾਂ ਕਰ ਕੇ ਕਈ ਸੀਨੀਅਰ ਆਗੂਆਂ ਵੱਲੋਂ ਸੁਖਬੀਰ ਸਿੰਘ ਬਾਦਲ ਦੇ ਅਸਤੀਫ਼ੇ ਦੀ ਮੰਗ ਕੀਤੀ ਜਾ ਰਹੀ ਸੀ।

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੁਖਬੀਰ ਸਿੰਘ ਬਾਦਲ ਨੂੰ 2007 ਤੋਂ 2017 ਤੱਕ ਕੀਤੀਆਂ ਗਲਤੀਆਂ ਲਈ 'ਤਨਖਾਹੀਆ' ਕਰਾਰ ਦੇ ਦਿੱਤਾ ਸੀ। ਹਾਲਾਂਕਿ ਅਕਾਲ ਤਖ਼ਤ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ 'ਤਨਖਾਹੀਆ' ਕਰਾਰ ਦਿੱਤੇ ਜਾਣ ਤੋਂ ਢਾਈ ਮਹੀਨੇ ਬਾਅਦ ਤੱਕ ਕੋਈ ਧਾਰਮਿਕ ਸਜ਼ਾ ਨਹੀਂ ਸੁਣਾਈ ਗਈ ਹੈ। ਇਸੇ ਕਰ ਕੇ ਸੁਖਬੀਰ ਸਿੰਘ ਬਾਦਲ ਨੇ ਪਿਛਲੇ ਦਿਨੀਂ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਜਲਦ ਕਾਰਵਾਈ ਦੀ ਅਪੀਲ ਕੀਤੀ ਸੀ।

ਦਰਅਸਲ, ਪਿਛਲੇ ਕਈ ਸਾਲਾਂ ਤੋਂ ਅਕਾਲੀ ਦਲ ਜਿਸ ਸਿਆਸੀ ਘੁੰਮਣਘੇਰੀ ਵਿਚ ਘਿਰਿਆ ਹੋਇਆ ਹੈ, ਉਸ ਵਿਚੋਂ ਨਿਕਲਣ ਲਈ ਇਸ ਨੂੰ ਕੋਈ ਰਾਹ ਨਹੀਂ ਮਿਲ ਰਿਹਾ। ਇਸ ਦੇ ਨਾਲ ਹੀ ਪਾਰਟੀ ਆਗੂਆਂ ਵੱਲੋਂ ਇਹ ਲਾਈਨ ਵੀ ਅਖ਼ਤਿਆਰ ਕੀਤੀ ਗਈ ਕਿ ਅਕਾਲ ਤਖ਼ਤ ਵੱਲੋਂ ਸਿਰਫ਼ ਧਾਰਮਿਕ ਸਜ਼ਾ ਹੀ ਲਾਈ ਜਾ ਸਕਦੀ ਹੈ ਅਤੇ ਜੇ ਕਿਸੇ ਤਰ੍ਹਾਂ ਦੀ ਰਾਜਨੀਤਕ ਸਜ਼ਾ ਲਾਈ ਗਈ ਤਾਂ ਇਸ ਨਾਲ ਦਿੱਕਤਾਂ ਪੈਦਾ ਹੋ ਸਕਦੀਆਂ ਹਨ। ਇਸ ਸਭ ਦੇ ਬਾਵਜੂਦ ਇਸ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਚੁੱਕੀ ਹੈ ਅਤੇ ਪਾਰਟੀ ਲੀਡਰਸ਼ਿਪ ਅਜੇ ਵੀ ਉਹੀ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕਰ ਰਹੀ ਹੈ ਜਿਸ ਕਰ ਕੇ ਇਹ ਨੌਬਤ ਬਣੀ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪਹਿਲਾਂ ਵਿਧਾਨ ਸਭਾ ਅਤੇ ਮਗਰੋਂ ਸੰਸਦੀ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਮਾੜੇ ਪ੍ਰਦਰਸ਼ਨ

*(ਬਾਕੀ ਸਫਾ 6 'ਤੇ)*

### ਮੌਜੂਦਾ ਹਾਲਾਤ ਲਈ ਸੁਖਬੀਰ ਸਿੰਘ ਬਾਦਲ ਜ਼ਿੰਮੇਵਾਰ: ਢੀਂਡਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਮੌਜੂਦਾ ਪੰਥਕ ਤੇ ਸਿਆਸੀ ਹਾਲਾਤ 'ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਪੰਥ ਤੇ ਪੰਜਾਬ ਦੀ ਸਿਰਮੌਰ ਸਿਆਸੀ ਪਾਰਟੀ ਜ਼ਿਮਨੀ ਚੋਣਾਂ ਵਿਚ ਚਾਰ ਉਮੀਦਵਾਰ ਨਹੀਂ ਉਤਾਰ ਸਕੀ। ਉਨ੍ਹਾਂ ਅਕਾਲੀ ਦਲ ਦੇ ਮੌਜੂਦਾ ਹਾਲਾਤ ਲਈ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਜਦੋਂ ਤੋ ਸੁਖਬੀਰ ਨੇ ਪਾਰਟੀ ਦੀ ਕਮਾਨ ਸੰਭਾਲੀ ਹੈ, ਉਸ ਸਮੇਂ ਤੋਂ ਅਕਾਲੀ ਦਲ ਹਾਸ਼ੀਏ 'ਤੇ ਆਉਂਦਾ ਗਿਆ। ਅਕਾਲੀ ਦਲ ਆਪਣੇ ਸੌ ਵਰ੍ਹੇ ਮੌਕੇ ਮਹਿਜ਼ ਤਿੰਨ ਸੀਟਾਂ 'ਤੇ ਸਿਮਟ ਗਿਆ ਅਤੇ ਲੰਘੀਆਂ ਲੋਕ ਸਭਾ ਚੋਣਾਂ ਵਿਚ ਦਸ ਸੀਟਾਂ 'ਤੇ ਜ਼ਮਾਨਤ ਜ਼ਬਤ ਹੋਈ।

## ਕਿਸਾਨ ਜਥੇਬੰਦੀਆਂ ਵੱਲੋਂ ਦਿੱਲੀ ਕੂਚ ਦਾ ਐਲਾਨ



**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਦੀਆਂ ਹੱਦਾਂ ਸ਼ੰਭੂ, ਖਨੌਰੀ ਤੇ ਰਤਨਪੁਰ ਬਾਰਡਰ (ਰਾਜਸਥਾਨ) ਉਤੇ 280 ਦਿਨਾਂ ਤੋਂ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੰਗਾਂ ਲਈ ਪੱਕਾ ਮੋਰਚਾ ਲਾਈ ਬੈਠੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਨੇ 6 ਦਸੰਬਰ ਨੂੰ ਦਿੱਲੀ ਕੂਚ ਕਰਨ ਦਾ ਐਲਾਨ ਕੀਤਾ ਹੈ। ਦੋਵਾਂ ਜਥੇਬੰਦੀਆਂ ਦੇ ਆਗੂਆਂ ਨੇ ਆਖਿਆ ਹੈ ਕਿ 6 ਦਸੰਬਰ ਨੂੰ ਸ਼ੰਭੂ ਬਾਰਡਰ ਰਾਹੀ ਦਿੱਲੀ ਵੱਲ ਕੂਚ ਕੀਤਾ ਜਾਵੇਗਾ। ਆਗੂਆਂ ਦਾ ਕਹਿਣਾ ਹੈ ਕਿ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀ ਸਰਹੱਦ 'ਤੇ ਲੱਗੇ ਮੋਰਚੇ ਨੂੰ ਖਤਮ ਕਰਵਾਉਣ ਵੇਲੇ ਕੇਂਦਰ ਸਰਕਾਰ ਨੇ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਲਿਖਤੀ ਤੌਰ 'ਤੇ ਮੰਨੀਆਂ ਸਨ ਪਰ ਉਨ੍ਹਾਂ ਨੂੰ ਪੂਰਾ ਨਹੀਂ ਕੀਤਾ।

ਇਹੀ ਮੰਗਾਂ ਮਨਵਾਉਣ ਲਈ ਉਨ੍ਹਾਂ ਮੁੜ ਦਿੱਲੀ ਕੂਚ ਕਰਨ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਮੰਗਾਂ ਪੂਰੀਆਂ ਹੋਣ ਤੱਕ ਪਿੱਛੇ ਨਾ ਹਟਣ ਦਾ ਅਹਿਦ ਵੀ ਲਿਆ। ਉਨ੍ਹਾਂ ਕਿਹਾ ਕਿ ਦਿੱਲੀ ਕੂਚ ਕਰਨ ਤੋਂ ਪਹਿਲਾਂ 26 ਨਵੰਬਰ ਤੋਂ ਜਗਜੀਤ ਸਿੰਘ ਡੱਲੇਵਾਲ ਖਨੌਰੀ ਬਾਰਡਰ 'ਤੇ ਮਰਨ ਵਰਤ 'ਤੇ ਬੈਠਣਗੇ। ਇਸ ਤੋਂ 10 ਦਿਨ ਬਾਅਦ ਕਿਸਾਨ

*(ਬਾਕੀ ਸਫਾ 6 'ਤੇ)*


ਮੋਰਟਗੇਜ, ਇੰਸ਼ੋਰੈਸ ਅਤੇ ਪ੍ਰਾਪਰਟੀ ਨਾਲ ਸਬੰਧਤ ਸੇਵਾਵਾਂ

Mortgage | Insurance | Property

Dhillon Agencies

Home Mortgages, Commercial Loans, All kinds of Insurances, Residential / Commercial properties

* ਪ੍ਰਾਪਰਟੀ, ਲੋਨਜ਼ ਅਤੇ ਇੰਸ਼ੋਰੈਂਸ ਲਈ ਸਭ ਤੋਂ ਭਰੋਸੇਮੰਦ ਢਿੱਲੋਂ ਏਜੰਸੀਜ਼ ਹਰ ਸਮੇਂ ਤੁਹਾਡੀ ਸੇਵਾ ਵਿਚ ਹਾਜ਼ਰ ਹੈ।
* ਆਪਣੇ ਸੁਪਨਿਆਂ ਦਾ ਘਰ ਜਾਂ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ, ਮੋਰਟਗੇਜ, ਕਾਮਰਸ਼ੀਅਲ ਲੋਨਜ਼ ਅਤੇ ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਾਡੇ ਨਾਲ ਸੰਪਰਕ ਕਰੋ।

@ Mortgages: mortgages@dhillonagencies.com; Insurances: insurances@dhillonagencies.com; Properties: properties @dhillonagencies.com

dhillonagencies.com (516) 441-0188

8624 239th Street, Bellerose, NY11426





Corporate NMLS# 68434
AZ License# BK-0945946

Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਰਾਜੋਆਣਾ ਦੀ ਪਟੀਸ਼ਨ ਰਾਸ਼ਟਰਪਤੀ ਸਾਹਮਣੇ ਪੇਸ਼ ਕਰਨ ਸਬੰਧੀ ਹੁਕਮਾਂ 'ਤੇ ਰੋਕ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਆਪਣੇ ਉਸ ਹੁਕਮ ਉਤੇ ਰੋਕ ਲਗਾ ਦਿੱਤੀ, ਜਿਸ ਤਹਿਤ ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਸਕੱਤਰ ਨੂੰ ਨਿਰਦੇਸ਼ ਦਿੱਤਾ ਗਿਆ ਸੀ ਕਿ ਉਹ 1995 'ਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ 'ਚ ਮੌਤ ਦੀ ਸਜ਼ਾਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀਪਟੀਸ਼ਨ ਰਾਸ਼ਟਰਪਤੀ ਸਾਹਮਣੇ ਪੇਸ਼ ਕਰਨ। ਜਸਟਿਸ ਬੀਆਰ ਗਵਈ, ਜਸਟਿਸ ਪੀਕੇ ਮਿਸ਼ਰਾ ਅਤੇ ਜਸਟਿਸ ਕੇਵੀ ਵਿਸ਼ਵਨਾਥਨ ਦੇ ਬੈਂਚ ਨੇ ਪਹਿਲਾਂ ਆਪਣੇ ਹੁਕਮ 'ਚ ਰਾਸ਼ਟਰਪਤੀ ਮੁਰਮੂ ਨੂੰ ਰਾਜੋਆਣਾ ਦੀ ਰਹਿਮ ਦੀ ਪਟੀਸ਼ਨ 'ਤੇ ਦੋ ਹਫ਼ਤਿਆਂ ਅੰਦਰ ਵਿਚਾਰ ਕਰਨ ਦੀ ਅਪੀਲ ਕੀਤੀ ਸੀ। ਹਾਲਾਂਕਿ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਅਪੀਲ ਕੀਤੀ ਕਿ ਇਸ ਹੁਕਮ 'ਤੇ ਅਮਲ ਨਹੀਂ ਕੀਤਾ ਜਾਣਾ ਚਾਹੀਦਾ ਕਿਉਂਕਿ ਇਹ ਮੁੱਦਾ ਬਹੁਤ 'ਸੰਵੇਦਨਸ਼ੀਲ' ਹੈ ਅਤੇ ਇਸ 'ਤੇ ਮੁੜ ਸੁਣਵਾਈ ਕੀਤੀ ਜਾਣੀ ਚਾਹੀਦੀ ਹੈ।

ਮਹਿਤਾ ਨੇ ਬੈਂਚ ਨੂੰ ਦੱਸਿਆ ਕਿ ਫਾਈਲ ਅਜੇ ਗ੍ਰਹਿ ਮੰਤਰਾਲੇ ਕੋਲ ਹੈ, ਰਾਸ਼ਟਰਪਤੀ ਕੋਲ ਨਹੀਂ। ਬੈਂਚ ਨੇ ਮਹਿਤਾ ਦੀ ਅਪੀਲ ਸਵੀਕਾਰ ਕਰ ਲਈ ਅਤੇ ਮਾਮਲਾ ਅਗਲੀ ਸੁਣਵਾਈ ਲਈ ਸੂਚੀਬੱਧ ਕੀਤਾ।



ਸੁਪਰੀਮ ਕੋਰਟ ਨੇ ਪਿਛਲੇ ਸਾਲ ਤਿੰਨ ਮਈ ਨੂੰ ਰਾਜੋਆਣਾ ਨੂੰ ਸੁਣਾਈ ਗਈ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਤੇ ਕਿਹਾ ਸੀ ਕਿ ਸਮਰੱਥ ਅਥਾਰਿਟੀ ਉਸ ਦੀ ਰਹਿਮ ਦੀ ਪਟੀਸ਼ਨ 'ਤੇ ਵਿਚਾਰ ਕਰ ਸਕਦੀ ਹੈ। ਰਾਜੋਆਣਾ ਨੂੰ 31 ਅਗਸਤ 1995 ਨੂੰ ਚੰਡੀਗੜ੍ਹ 'ਚ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਹੋਏ ਧਮਾਕੇ ਦੇ ਮਾਮਲੇ 'ਚ ਦੋਸ਼ੀ ਪਾਇਆ ਗਿਆ ਸੀ। ਇਸ ਘਟਨਾ 'ਚ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਤੇ 16 ਹੋਰ ਵਿਅਕਤੀ ਮਾਰੇ ਗਏ ਸਨ।

ਇਕ ਵਿਸ਼ੇਸ਼ ਅਦਾਲਤ ਨੇ ਜੁਲਾਈ 2007 ਵਿਚ ਰਾਜੋਆਣਾ ਨੂੰ ਇਸ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਸੀ। ਰਾਜੋਆਣਾ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦੀ ਤਰਫ਼ੋਂ ਮਾਰਚ 2012 ਵਿਚ ਸੰਵਿਧਾਨ ਦੀ ਧਾਰਾ 72 ਤਹਿਤ ਰਹਿਮ ਦੀ ਅਪੀਲ ਦਾਇਰ ਕੀਤੀ ਗਈ ਸੀ। ਪਿਛਲੇ ਸਾਲ 3 ਮਈ ਨੂੰ ਸੁਪਰੀਮ ਕੋਰਟ ਨੇ ਉਸ ਦੀ ਮੌਤ ਦੀ ਸਜ਼ਾ ਨੂੰ ਘਟਾਉਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਉਸ ਦੀ ਰਹਿਮ ਦੀ ਅਪੀਲ ਨਾਲ ਸਮਰੱਥ ਅਥਾਰਟੀ ਵੱਲੋਂ ਨਜਿੱਠਿਆ ਜਾ ਸਕਦਾ ਹੈ।

## ਪੈਰੋਲ ਵਿਚ ਪੰਜਾਬ ਸਰਕਾਰ ਬਣੀ ਅੜਿੱਕਾ: ਮਜੀਠੀਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਬਲਵੰਤ ਸਿੰਘ ਰਾਜੋਆਣਾ ਦੀ ਪੈਰੋਲ ਦੇ ਰਾਹ 'ਚ ਪੰਜਾਬ ਦੀ 'ਆਪ' ਸਰਕਾਰ ਅੜਿੱਕਾ ਬਣ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਵਕੀਲ ਨੇ ਬਹਾਨਾ ਬਣਾਇਆ ਹੈ ਕਿ ਛੁੱਟੀਆਂ ਹੋਣ ਕਾਰਨ ਉਹ ਸਮੇਂ ਸਿਰ ਆਪਣਾ ਜਵਾਬ ਪੇਸ਼ ਨਹੀਂ ਕਰ ਸਕੇ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਉਸ ਦਾ ਇਸ ਅਤਿ- ਸੰਵੇਦਨਸ਼ੀਲ ਮਾਮਲੇ 'ਤੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਦਾ ਕੋਈ ਇਰਾਦਾ ਨਹੀਂ ਹੈ। ਸ੍ਰੀ ਮਜੀਠੀਆ ਨੇ ਕਿਹਾ ਕਿ ਇਸ ਤੋਂ ਪਹਿਲਾਂ 'ਆਪ' ਦੀ ਦਿੱਲੀ ਵਿਚਲੀ ਸਰਕਾਰ ਨੇ ਬੰਦੀ ਸਿੰਘ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਅਪੀਲ 'ਤੇ ਸੱਤ ਵਾਰ ਵਿਚਾਰ ਕੀਤਾ, ਪਰ ਅਖੀਰ 'ਚ ਇਸ ਨੂੰ ਠੁਕਰਾ ਦਿੱਤਾ।

## ਲਾਈਵ ਸ਼ੋਅ ਦੌਰਾਨ ਪੰਜਾਬੀ ਗਾਇਕ 'ਤੇ ਹਮਲਾ



**ਚੰਡੀਗੜ੍ਹ:** ਪੰਜਾਬੀ ਗਾਇਕ ਗੈਰੀ ਸੰਧੂ ਉਤੇ ਵਿਦੇਸ਼ ਵਿਚ ਲਾਈਵ ਸ਼ੋਅ ਦੌਰਾਨ ਹਮਲਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਗਾਇਕ ਗੈਰੀ ਸੰਧੂ 'ਤੇ ਆਸਟਰੇਲੀਆ 'ਚ ਲਾਈਵ ਪਰਫਾਰਮੈਂਸ ਦੌਰਾਨ ਕਥਿਤ ਤੌਰ 'ਤੇ ਹਮਲਾ ਕੀਤਾ ਗਿਆ। ਇਸ ਸਬੰਧੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਵਾਇਰਲ ਵੀਡੀਓ ਵਿਚ ਵਿਅਕਤੀ ਸਟੇਜ 'ਤੇ ਚੜ੍ਹ ਗਿਆ ਅਤੇ ਗੈਰੀ ਸੰਧੂ ਦਾ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ। ਮੌਕੇ 'ਤੇ ਮੌਜੂਦ ਸੁਰੱਖਿਆ ਕਰਮੀਆਂ ਅਤੇ ਪੁਲਿਸ ਅਧਿਕਾਰੀਆਂ ਨੇ ਤੁਰਤ ਦਖਲ ਦੇ ਕੇ ਹਮਲਾਵਰ ਨੂੰ ਰੋਕਿਆ ਅਤੇ ਪਰ ਉਹ ਸਟੇਜ ਤੋਂ ਫਰਾਰ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਗੈਰੀ ਸੰਧੂ ਆਪਣੇ ਆਸਟਰੇਲੀਆ ਦੌਰੇ ਦੇ ਹਿੱਸੇ ਵਜੋਂ ਨਿਊ ਸਾਊਥ ਵੇਲਜ਼ ਵਿਚ ਲਾਈਵ ਸ਼ੋਅ ਦੌਰਾਨ ਗਾ ਰਿਹਾ ਸੀ। ਇਸ ਦੌਰਾਨ ਜਦੋਂ ਸੰਧੂ ਨੇ ਭੀੜ ਵੱਲ ਇਤਰਾਜ਼ਯੋਗ ਇਸ਼ਾਰਾ ਕੀਤਾ ਤਾਂ ਪ੍ਰਸ਼ੰਸਕ ਭੜਕ ਉਠੇ ਅਤੇ ਇਕ ਵਿਅਕਤੀ ਸਟੇਜ 'ਤੇ ਆ ਗਿਆ ਅਤੇ ਗੈਰੀ ਸੰਧੂ ਨੂੰ ਫੜ੍ਹ ਲਿਆ।ਹਾਲਾਂਕਿ ਸੁਰੱਖਿਆ ਨੇ ਥੋੜੀ ਜੱਦੋ-ਜਹਿਦ ਤੋਂ ਬਾਅਦ ਹਮਲਾਵਰ ਨੂੰ ਹੇਠਾਂ ਸੁੱਟ ਲਿਆ। ਵੀਡੀਓਜ਼ ਸੋਸ਼ਲ ਮੀਡੀਆ ਉਤੇ ਵਾਇਰਲ ਹੋਣ ਤੋਂ ਬਾਅਦ ਰਲੇ-ਮਿਲੇ ਪ੍ਰਤੀਕਰਮ ਆ ਰਹੇ ਹਨ ਅਤੇ ਕੁਝ ਉਪਭੋਗਤਾਵਾਂ ਗੈਰੀ ਸੰਧੂ ਦੀ ਆਲੋਚਨਾ ਵੀ ਕੀਤੀ ਗਈ ਹੈ।

# ਮਹਿਲਾਵਾਂ ਖਿਲਾਫ ਟਿੱਪਣੀ: ਮਹਿਲਾ ਕਮਿਸ਼ਨ ਵੱਲੋਂ ਚੰਨੀ ਨੂੰ ਨੋਟਿਸ ਜਾਰੀ

**ਚੰਡੀਗੜ੍ਹ:** ਪੰਜਾਬ ਵਿਚ ਜ਼ਿਮਨੀ ਚੋਣਾਂ ਦੇ ਪ੍ਰਚਾਰ ਮੌਕੇ ਸੰਬੋਧਨ ਦੌਰਾਨ ਸਾਹਮਣੇ ਆ ਰਹੀਆਂ ਵੀਡੀਓਜ਼ ਰਾਹੀਂ ਕਈ ਤਰ੍ਹਾਂ ਦੀਆਂ ਟਿੱਪਣੀਆਂ ਨੂੰ ਸਿਆਸੀ ਰੰਗਤ ਚੜ੍ਹਨ ਲੱਗੀ ਹੈ। ਵਿਰੋਧੀ ਪਾਰਟੀਆਂ ਦੇ ਆਗੂ ਇਕ ਦੂਜੇ ਦਾ ਵਿਰੋਧ ਕਰਨ ਲਈ ਕੋਈ ਮੌਕਾ ਨਹੀਂ ਗਵਾ ਰਹੇ। ਇਸੇ ਸਬੰਧਤ ਪੰਜਾਬ ਸਾਬਕਾ ਮੁੱਖ ਮੰਤਰੀ ਅਤੇ ਮੌਜੂਦਾ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਦੀ ਇਕ ਵੀਡੀਓ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਐਕਸ ਅਕਾਊਂਟ 'ਤੇ ਸਾਂਝੀ ਕੀਤੀ ਹੈ, ਜਿਸ ਵਿਚ ਉਹ ਇਕ ਮਜ਼ਾਕੀਆ ਗੱਲ ਦੌਰਾਨ ਮਹਿਲਾਵਾਂ ਸਬੰਧੀ ਕੋਈ ਟਿੱਪਣੀ ਕਰਦੇ ਨਜ਼ਰ ਆਉਂਦੇ ਹਨ।

ਵੀਡੀਓ ਸ਼ੇਅਰ ਕਰਦਿਆਂ ਬਿਕਰਮ ਮਜੀਠੀਆ ਨੇ ਲਿਖਿਆ, "ਕਿ ਧੀਆਂ ਭੈਣਾਂ ਲਈ ਗਲਤ ਸ਼ਬਦ ਵਰਤਣੇ ਉਹ ਵੀ ਜਦੋਂ ਗਿੱਦੜਬਾਹਾ ਤੋਂ ਉਮੀਦਵਾਰ ਭੈਣ ਅੰਮ੍ਰਿਤਾ ਵੜਿੰਗ ਵੀ ਨਾਲ ਖੜ੍ਹੇ ਹੋਣ ਚਰਨਜੀਤ ਚੰਨੀ ਦੀ ਘਟੀਆ ਮਾਨਸਿਕਤਾ ਨੂੰ ਦਰਸਾਉਂਦਾ ਹੈ। ਚਰਨਜੀਤ ਚੰਨੀ ਨੂੰ ਸ਼ਰਮ ਕਰਨੀ ਚਾਹੀਦੀ ਹੈ ਅਤੇ ਅਜਿਹੀਆਂ ਅਪਮਾਨਜਨਕ ਟਿੱਪਣੀਆਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਦੌਰਾਨ ਉਨ੍ਹਾਂ ਇਹ ਵੀ ਲਿਖਿਆ ਕਿ ਇਸ ਤੋਂ ਪਹਿਲਾਂ ਵੀ ਚਰਨਜੀਤ ਚੰਨੀ 'ਤੇ ਆਰੋਪ ਲੱਗੇ ਸਨ ਅਤੇ ਇਕ ਬੇਟੀ ਨਾਲ ਛੇੜਛਾੜ ਦੀ ਵੀਡੀਓ ਵੀ ਸਾਹਮਣੇ ਆਈ ਸੀ। ਵੀਡੀਓ ਸ਼ੇਅਰ ਕਰਦਿਆ ਮਜੀਠੀਆ ਨੇ ਲਿਖਿਆ ਕਿ ਚਰਨਜੀਤ ਚੰਨੀ ਨੂੰ ਇਸ ਵਿਤਕਰੇ ਵਾਲੀ ਸੋਚ 'ਤੇ ਪੰਜਾਬੀਆਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ।



ਰਾਜ ਮਹਿਲਾ ਕਮਿਸ਼ਨ ਨੇ ਚਰਨਜੀਤ ਸਿੰਘ ਚੰਨੀ

ਉਧਰ, ਇਸ ਮਾਮਲੇ ਨੂੰ ਲੈ ਕੇ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਚਰਨਜੀਤ ਸਿੰਘ ਚੰਨੀ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਦਿਆਂ ਔਰਤਾਂ ਅਤੇ ਜਾਟ ਸਿੱਖ ਅਤੇ ਹਿੰਦੂ ਭਾਈਚਾਰਿਆਂ ਵਿਰੁੱਧ ਦਿੱਤੇ ਕਥਿਤ ਇਤਰਾਜ਼ਯੋਗ ਬਿਆਨ ਲਈ 24 ਘੰਟਿਆਂ ਵਿਚ ਜਵਾਬ ਦੇਣ ਲਈ ਕਿਹਾ। ਇਸ ਦੌਰਾਨ ਆਪ ਭਾਜਪਾ ਅਤੇ 'ਆਪ' ਨੇ ਚੰਨੀ ਦੇ ਬਿਆਨ ਦੀ ਨਿੰਦਾ ਕੀਤੀ ਹੈ। 'ਆਪ' ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਕਿਹਾ ਕਿ ਚੰਨੀ ਨੇ ਜੱਟ ਸਿੱਖਾਂ ਅਤੇ ਹਿੰਦੂਆਂ ਖਾਸ ਕਰਕੇ ਔਰਤਾਂ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ ਹੈ। ਇਸ ਦੌਰਾਨ ਭਾਜਪਾ ਲੀਡਰਸ਼ਿਪ ਨੇ ਦਾਅਵਾ ਕੀਤਾ ਕਿ ਚੰਨੀ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ ਅਤੇ ਉਸ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

# ਬੇਲੋੜਾ ਸਾਮਾਨ ਦੇਣ ਵਾਲੇ ਖਾਦ ਡੀਲਰਾਂ ਖਿਲਾਫ ਕਾਰਵਾਈ ਦੇ ਹੁਕਮ

**ਬਰਨਾਲਾ:** ਮੁੱਖ ਖੇਤੀਬਾੜੀ ਅਫਸਰ ਬਰਨਾਲਾ ਡਾ. ਜਗਦੀਸ਼ ਸਿੰਘ ਨੇ ਕਿਹਾ ਹੈ ਕਿ ਜ਼ਿਲ੍ਹੇ 'ਚ ਕਿਸੇ ਖਾਦ ਡੀਲਰ ਵੱਲੋਂ ਕਿਸਾਨਾਂ ਨੂੰ ਖਾਦ ਨਾਲ ਬੇਲੋੜਾ ਸਾਮਾਨ ਦੇਣ ਦੀ ਸ਼ਿਕਾਇਤ ਮਿਲਣ 'ਤੇ ਉਸ ਖ਼ਿਲਾਫ਼ ਵਿਭਾਗੀ ਸਖ਼ਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

ਉਨ੍ਹਾਂ ਸਮੂਹ ਡੀਲਰਾਂ ਨੂੰ ਹਦਾਇਤ ਕੀਤੀ ਕਿ ਸਟਾਕ ਬੋਰਡ ਉੱਪਰ ਰੋਜ਼ਾਨਾ ਖਾਦ ਦਾ ਸਟਾਕ ਅਤੇ ਰੇਟ ਲਿਖਿਆ ਜਾਵੇ। ਉਨ੍ਹਾਂ ਕਿਹਾ ਕਿ ਡੀਲਰਾਂ ਵੱਲੋਂ ਕਿਸਾਨਾਂ ਨੂੰ ਜੋ ਵੀ ਖੇਤੀ ਸਮੱਗਰੀ ਦੀ ਵਿਕਰੀ ਕੀਤੀ ਜਾਂਦੀ ਹੈ, ਉਸ ਦਾ ਪੱਕਾ ਬਿੱਲ ਕੱਟ ਕੇ ਦਿੱਤਾ ਜਾਵੇ ਅਤੇ ਕੇਵਲ ਲੋੜੀਂਦੀ ਸਮੱਗਰੀ ਦੀ ਹੀ ਕਿਸਾਨਾਂ ਨੂੰ ਵਿਕਰੀ ਕੀਤੀ ਜਾਵੇ ਅਤੇ ਕੋਈ ਹੋਰ ਬੇਲੋੜੀਆਂ ਵਸਤਾਂ ਕਿਸਾਨਾਂ ਨੂੰ ਨਾ ਦਿੱਤੀਆਂ ਜਾਣ।




ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ ਕਿ ਕਣਕ ਦੀ ਕਾਸ਼ਤ ਲਈ ਫਾਸਫੋਰਸ ਖੁਰਾਕੀ ਤੱਤ ਦੀ ਜ਼ਰੂਰਤ ਹੁੰਦੀ ਹੈ ਜਿਸ ਦੀ ਪੂਰਤੀ ਲਈ ਕਿਸਾਨਾਂ ਵੱਲੋਂ ਡੀ.ਏ.ਪੀ. ਖਾਦ ਦੀ ਬਿਜਾਈ ਸਮੇਂ ਵਰਤੋਂ ਕੀਤੀ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਡੀ.ਏ.ਪੀ. ਖਾਦ ਦੇ ਬਦਲ ਵਜੋਂ ਕਿਸਾਨ ਖਾਦ ਅਤੇ ਟ੍ਰਿਪਲ ਸੁਪਰ ਫਾਸਫੇਟ ਖਾਦ, ਸਿੰਗਲ ਸੁਪਰ ਫਾਸਫੇਟ ਅਤੇ ਹੋਰ ਫਾਸਫੈਟਿਕ ਖਾਦਾਂ ਦੀ ਵੀ ਵਰਤੋਂ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਪੜਤਾਲ ਦੌਰਾਨ ਜੇਕਰ ਕੋਈ ਦੁਕਾਨਦਾਰ ਬਗੈਰ ਬਿੱਲ ਤੋਂ ਖਾਦ, ਦਵਾਈ ਜਾਂ ਬੀਜ ਵੇਚਦਾ ਮਿਲਿਆ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਖਾਦ, ਕੀਟਨਾਸ਼ਕ ਰਸਾਇਣ ਜਾਂ ਬੀਜ ਖਰੀਦਣ ਸਮੇਂ ਦੁਕਾਨਦਾਰ ਤੋਂ ਬਿੱਲ ਜ਼ਰੂਰ ਲੈਣ।

# ਪੰਜਾਬ ਵਿਚ ਕਈ ਵਾਰ ਹਾਕਮ ਧਿਰ ਦੇ ਉਲਟ ਭੁਗਤੀਆਂ ਜ਼ਿਮਨੀ ਚੋਣਾਂ

**ਚੰਡੀਗੜ੍ਹ:** ਪੰਜਾਬ ਵਿਚ ਹਕੂਮਤ ਨੂੰ ਜ਼ਿਮਨੀ ਚੋਣਾਂ ਦੀ ਪ੍ਰੀਖਿਆ 'ਚੋਂ ਲੰਘਣਾ ਪਿਆ ਹੈ ਪਰ ਜਦੋਂ ਵੀ ਵਿਧਾਨ ਸਭਾ ਸੀਟਾਂ ਕਿਸੇ ਕਾਰਨ ਖਾਲੀ ਹੋਈਆਂ ਤਾਂ ਵੋਟਰਾਂ ਲਈ ਵੀ ਪਰਖ ਦਾ ਸਮਾਂ ਆਇਆ। 1952 ਤੋਂ ਲੈ ਕੇ ਹੁਣ ਤੱਕ ਪੰਜਾਬ 'ਚ ਲੋਕਾਂ ਨੂੰ 62 ਵਾਰ ਜ਼ਿਮਨੀ ਚੋਣਾਂ ਵਿਚ ਨਵੇਂ ਸਿਰਿਓਂ ਆਪਣਾ ਨੁਮਾਇੰਦਾ ਚੁਣਨਾ ਪਿਆ ਹੈ। ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਸਾਂਝੇ ਪੰਜਾਬ ਸਮੇਂ 23 ਵਾਰ ਜ਼ਿਮਨੀ ਚੋਣ ਹੋਈ, ਜਦੋਂ ਕਿ 1967 ਤੋਂ ਬਾਅਦ ਹੁਣ ਤੱਕ 39 ਵਾਰ ਜ਼ਿਮਨੀ ਚੋਣਾਂ ਹੋਈਆਂ ਹਨ। ਪੁਰਾਣੇ ਸਮੇਂ ਵਿਚ ਵਿਧਾਨ ਸਭਾ ਦੀ ਸੀਟ ਮੌਜੂਦਾ ਨੁਮਾਇੰਦੇ ਦੀ ਮੌਤ ਹੋਣ ਜਾਂ ਫਿਰ ਅਦਾਲਤਾਂ ਵੱਲੋਂ ਚੁਣੇ ਨੁਮਾਇੰਦੇ ਨੂੰ ਅਯੋਗ ਐਲਾਨੇ ਜਾਣ ਦੀ ਸੂਰਤ ਵਿਚ ਖਾਲੀ ਹੁੰਦੀ ਸੀ। ਪਿਛਲੇ ਸਮੇਂ ਤੋਂ ਇਹ ਰੁਝਾਨ ਵੀ ਬਣਿਆ ਕਿ ਹਕੂਮਤਾਂ ਨੇ ਆਪਣੀ ਪ੍ਰਭਾਵ ਕਾਇਮ ਕਰਨ ਵਾਸਤੇ ਦੂਜੀਆਂ ਪਾਰਟੀਆਂ ਦੇ ਵਿਧਾਇਕਾਂ ਤੋਂ ਪਹਿਲਾਂ ਅਸਤੀਫ਼ੇ ਦਿਵਾਏ ਅਤੇ ਮਗਰੋਂ ਆਪਣੀ ਪਾਰਟੀ ਵੱਲੋਂ ਚੋਣ ਲੜਾ ਕੇ ਚੋਣ ਜਿੱਤੀ। ਸਾਲ 2013-14 ਵਿੱਚ ਮੋਗਾ ਦੇ ਕਾਂਗਰਸੀ ਵਿਧਾਇਕ ਜੋਗਿੰਦਰ ਪਾਲ ਜੈਨ ਅਤੇ ਤਲਵੰਡੀ ਸਾਬੋ ਦੇ ਕਾਂਗਰਸੀ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਨੇ ਅਸਤੀਫ਼ੇ ਦਿੱਤੇ ਸਨ। ਅਸਤੀਫ਼ੇ ਦੇਣ ਮਗਰੋਂ ਉਨ੍ਹਾਂ ਨੇ ਅਕਾਲੀ ਦਲ ਵਿਚ ਸ਼ਾਮਲ ਹੋ ਕੇ ਮੁੜ ਜ਼ਿਮਨੀ ਚੋਣ ਲੜੀ ਅਤੇ ਜਿੱਤ ਗਏ।



ਜ਼ਿਮਨੀ ਚੋਣਾਂ ਦੇ ਨਤੀਜਿਆਂ ਬਾਰੇ ਇਹ ਧਾਰਨਾ ਹੈ ਕਿ ਆਮ ਤੌਰ 'ਤੇ ਸੱਤਾਧਾਰੀ ਧਿਰ ਹੀ ਜਿੱਤਦੀ ਹੈ ਪਰ ਕਈ ਵਾਰ ਇਹ ਧਾਰਨਾ ਟੁੱਟੀ ਵੀ ਹੈ। ਬਹੁਗਿਣਤੀ ਸੀਟਾਂ ਹਾਕਮ ਧਿਰ ਨੇ ਹੀ ਜਿੱਤੀਆਂ ਹਨ। 'ਆਪ' ਸਰਕਾਰ ਦੌਰਾਨ ਇਸ ਤੋਂ ਪਹਿਲਾਂ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਹੋਈ ਸੀ, ਜੋ 'ਆਪ' ਨੇ ਹੀ ਜਿੱਤੀ ਸੀ। ਇਸ ਤੋਂ ਪਹਿਲਾਂ ਕਾਂਗਰਸੀ ਹਕੂਮਤ (2017-22) ਦੌਰਾਨ ਪੰਜ ਸੀਟਾਂ ਸ਼ਾਹਕੋਟ, ਜਲਾਲਾਬਾਦ, ਦਾਖਾ, ਮੁਕੇਰੀਆਂ ਅਤੇ ਫਗਵਾੜਾ ਦੀਆਂ ਜ਼ਿਮਨੀ ਚੋਣਾਂ ਹੋਈਆਂ, ਜਿਨ੍ਹਾਂ 'ਚੋਂ ਚਾਰ ਕਾਂਗਰਸ ਨੇ ਜਿੱਤੀਆਂ ਜਦੋਂ ਕਿ ਦਾਖਾ ਸੀਟ ਵਿਰੋਧੀ ਧਿਰ ਦੇ ਮਨਪ੍ਰੀਤ ਸਿੰਘ ਇਆਲੀ ਨੇ ਜਿੱਤੀ। ਉਸ ਤੋਂ ਪਹਿਲਾਂ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੀ ਦੂਜੀ ਪਾਰੀ (2012-17) ਦੌਰਾਨ ਛੇ ਜ਼ਿਮਨੀ ਚੋਣਾਂ ਹਲਕਾ ਮੋਗਾ, ਤਲਵੰਡੀ ਸਾਬੋ, ਪਟਿਆਲਾ, ਧੂਰੀ, ਖਡੂਰ ਸਾਹਿਬ ਅਤੇ ਦਸੂਹਾ 'ਚ ਹੋਈ ਸੀ। ਇਨ੍ਹਾਂ 'ਚੋਂ ਪੰਜ ਹਾਕਮ ਧਿਰ ਨੇ ਜਿੱਤੀਆਂ, ਜਦੋਂ ਕਿ ਪਟਿਆਲਾ ਸੀਟ ਤੋਂ ਕਾਂਗਰਸ ਦੀ ਪ੍ਰਨੀਤ ਕੌਰ ਨੇ ਜਿੱਤ ਦਰਜ ਕੀਤੀ ਸੀ। ਗੱਠਜੋੜ ਦੀ ਪਹਿਲੀ ਪਾਰੀ (2007-12) ਦੌਰਾਨ ਚਾਰ ਸੀਟਾਂ ਅੰਮ੍ਰਿਤਸਰ ਦੱਖਣੀ, ਕਾਹਨੂੰਵਾਨ, ਬਨੂੜ ਅਤੇ ਜਲਾਲਾਬਾਦ ਸੀਟ 'ਤੇ ਜ਼ਿਮਨੀ ਚੋਣ ਹੋਈ ਸੀ ਅਤੇ ਇਹ ਚਾਰੋਂ ਸੀਟਾਂ ਸੱਤਾਧਾਰੀ ਧਿਰ ਜਿੱਤਣ ਵਿਚ ਕਾਮਯਾਬ ਰਹੀ ਸੀ। ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਪਾਰੀ (2002-07) ਦੌਰਾਨ ਤਿੰਨ ਸੀਟਾਂ ਕਪੂਰਥਲਾ, ਗੜ੍ਹਸ਼ੰਕਰ ਅਤੇ ਅਜਨਾਲਾ 'ਚ ਜ਼ਿਮਨੀ ਚੋਣਾਂ ਹੋਈਆਂ ਤੇ ਇਹ ਸਾਰੀਆਂ ਸੀਟਾਂ ਹਾਕਮ ਧਿਰ ਦੇ ਖਾਤੇ ਗਈਆਂ। 1997-2002 ਦੌਰਾਨ ਅਕਾਲੀ ਭਾਜਪਾ ਦੀ ਸਰਕਾਰ ਦੌਰਾਨ ਛੇ ਸੀਟਾਂ 'ਤੇ ਚੋਣਾਂ ਹੋਈਆਂ, ਜਿਨ੍ਹਾਂ 'ਚੋਂ ਚਾਰ ਸੀਟਾਂ ਹਾਕਮ ਧਿਰ ਨੇ ਜਦੋਂ ਕਿ ਦੋ ਸੀਟਾਂ ਕਾਂਗਰਸ ਨੇ ਜਿੱਤੀਆਂ। ਆਦਮਪੁਰ ਹਲਕੇ ਤੋਂ ਕਾਂਗਰਸੀ ਉਮੀਦਵਾਰ ਕੰਵਲਜੀਤ ਸਿੰਘ ਅਤੇ ਲੁਧਿਆਣਾ ਦੱਖਣੀ ਤੋਂ ਕਾਂਗਰਸ ਦੇ ਰਾਕੇਸ਼ ਪਾਂਡੇ ਨੇ ਚੋਣ ਜਿੱਤੀ ਸੀ।

ਇਸ ਸਮੇਂ ਦੌਰਾਨ 1997 ਵਿਚ ਕਿਲ੍ਹਾ ਰਾਏਪੁਰ ਹਲਕੇ ਦੀ ਸੀਟ ਅਕਾਲੀ ਦਲ ਦੇ ਜਗਦੀਸ਼ ਸਿੰਘ ਗਰਚਾ ਨੇ ਜਿੱਤੀ ਸੀ ਅਤੇ ਇਸ ਸੀਟ ਤੋਂ ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਜੇਤੂ ਰਹੇ ਸਨ। ਦੋ ਸੀਟਾਂ ਤੋਂ ਚੋਣ ਲੜਨ ਕਰਕੇ ਬਾਦਲ ਨੇ ਕਿਲ੍ਹਾ ਰਾਏਪੁਰ ਦੀ ਸੀਟ ਤੋਂ ਅਸਤੀਫ਼ਾ ਦੇ ਦਿੱਤਾ ਸੀ ਜਿਸ ਕਰ ਕੇ ਇੱਥੇ ਜ਼ਿਮਨੀ ਚੋਣ ਹੋਈ ਸੀ। ਬੇਅੰਤ ਸਿੰਘ ਦੀ ਹਕੂਮਤ ਸਮੇਂ ਤਿੰਨ ਸੀਟਾਂ ਨਕੋਦਰ, ਅਜਨਾਲਾ ਅਤੇ ਗਿੱਦੜਬਾਹਾ ਦੀ ਚੋਣ ਹੋਈ ਸੀ, ਜਿਨ੍ਹਾਂ ਚੋਂ ਕਾਂਗਰਸ ਨੇ ਸਿਰਫ਼ ਨਕੋਦਰ ਸੀਟ ਜਿੱਤੀ ਸੀ। ਪੰਜਾਬੀ ਸੂਬਾ ਬਣਨ ਮਗਰੋਂ 1967 ਤੋਂ 1982 ਤੱਕ ਸੱਤ ਜ਼ਿਮਨੀ ਚੋਣਾਂ ਹੋਈਆਂ ਜਿਨ੍ਹਾਂ 'ਚੋਂ ਪੰਜ ਸੀਟਾਂ ਸ਼੍ਰੋਮਣੀ ਅਕਾਲੀ ਦਲ ਨੇ ਜਿੱਤੀਆਂ ਅਤੇ ਦੋ ਸੀਟਾਂ 'ਤੇ ਕਾਂਗਰਸ ਜੇਤੂ ਰਹੀ ਸੀ।

# ਜਬਰੀ ਵਸੂਲੀ ਕਰਨ ਵਾਲੇ ਇੰਗਲੈਂਡ ਵਿਚਲੇ ਮਾਫੀਆ ਦਾ ਪਰਦਾਫਾਸ਼

**ਜਲੰਧਰ:** ਦਿਹਾਤੀ ਪੁਲਿਸ ਨੇ ਕੌਮਾਂਤਰੀ ਪੱਧਰ ਦੇ ਗਰੋਹ ਦੇ 10 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਕੋਲੋਂ 7 ਪਿਸਤੌਲਾਂ ਅਤੇ 10 ਮੈਗਜ਼ੀਨ ਬਰਾਮਦ ਕੀਤੇ ਹਨ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਇਹ ਸਿੰਡੀਕੇਟ ਸਰਹੱਦ ਪਾਰੋਂ ਕਾਰਵਾਈਆਂ ਨੂੰ ਅੰਜ਼ਾਮ ਦਿੰਦਾ ਸੀ ਅਤੇ ਇਸ ਦੇ ਪ੍ਰਮੁੱਖ ਸੰਚਾਲਕ ਇੰਗਲੈਂਡ, ਯੂਨਾਨ ਅਤੇ ਮਨੀਲਾ ਵਿਚ ਬੈਠ ਕੇ ਪੰਜਾਬ ਵਿਚ ਫਿਰੌਤੀ ਤੇ ਗੋਲੀਬਾਰੀ ਦੀਆਂ ਵਾਰਦਾਤਾਂ ਨੂੰ ਅੰਜ਼ਾਮ ਦੇਣ ਦੇ ਹੁਕਮ ਦਿੰਦੇ ਸਨ।

ਇਸ ਤੋਂ ਇਲਾਵਾ ਜਲੰਧਰ ਦਿਹਾਤੀ ਪੁਲਿਸ ਨੇ ਮੱਧ ਪ੍ਰਦੇਸ਼ ਤੋਂ ਚਲਾਏ ਜਾ ਰਹੇ ਹਥਿਆਰਾਂ ਦੀ ਖਰੀਦ ਸਬੰਧੀ ਨੈੱਟਵਰਕ ਦਾ ਵੀ ਪਰਦਾਫਾਸ਼ ਕੀਤਾ ਹੈ। ਦਿਹਾਤੀ ਪੁਲਿਸ ਦੇ ਐਸ.ਐਸ.ਪੀ. ਹਰਕੰਵਲਪਾਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਇੰਗਲੈਂਡ ਤੋਂ ਇਸ ਗਰੋਹ ਨੂੰ ਚਲਾਇਆ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਥਾਣਾ ਲੋਹੀਆਂ ਦੇ ਐਸ.ਐਚ.ਓ. ਯਾਦਵਿੰਦਰ ਸਿੰਘ ਦੀ ਅਗਵਾਈ ਵਾਲੀ ਪੁਲਿਸ ਟੀਮ ਨੇ ਗਿੱਦੜਪਿੰਡੀ ਹਾਈਟੈਕ ਟੌਲ ਪਲਾਜ਼ਾ ਨੇੜੇ ਗੱਡੀ ਨੂੰ ਰੋਕਿਆ ਅਤੇ ਤਲਾਸ਼ੀ ਦੌਰਾਨ ਦੋ .32 ਬੋਰ ਦੇ ਪਿਸਤੌਲ ਸਣੇ ਛੇ ਰੌਂਦ ਅਤੇ ਪੰਜ ਮੈਗਜ਼ੀਨ ਬਰਾਮਦ ਕਰ ਕੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ।

ਮੁਲਜ਼ਮਾਂ ਦੀ ਪਛਾਣ ਅਮਨਦੀਪ ਸਿੰਘ ਉਰਫ਼ ਅਮਨ ਵਾਸੀ ਬਿੱਲੀ ਵੜੈਚ, ਜਗਵਿੰਦਰ ਸਿੰਘ ਉਰਫ਼ ਸ਼ਨੀ ਵਾਸੀ ਮੂਲੇਵਾਲ ਖਹਿਰਾ ਅਤੇ ਜਸਕਰਨ ਸਿੰਘ ਉਰਫ਼ ਸਾਰਾ ਵਾਸੀ ਸਿੱਧਵਾਂ ਦੋਨਾ ਵਜੋਂ ਹੋਈ ਹੈ। ਮੁਲਜ਼ਮਾਂ ਨੇ ਖੁਲਾਸਾ ਕੀਤਾ ਕਿ ਇਹ ਕਾਰਵਾਈਆਂ ਯੂਕੇ ਆਧਾਰਿਤ ਮੁੱਖ ਸਰਗਣਾ ਜਗਦੀਪ ਸਿੰਘ ਉਰਫ ਜੱਗਾ, ਗ੍ਰੀਸ ਆਧਾਰਿਤ ਪਰਮਜੀਤ ਸਿੰਘ ਉਰਫ ਪੰਮਾ ਵੱਲੋਂ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ ਅਤੇ ਮਨੀਲਾ ਆਧਾਰਿਤ ਮਨਜਿੰਦਰ ਸਿੰਘ ਉਰਫ ਮਨੀ ਵੱਲੋਂ ਲੌਜਿਸਟੀਕਲ ਤਾਲਮੇਲ ਜ਼ਰੀਏ ਚਲਾਈਆਂ ਜਾ ਰਹੀਆਂ ਸਨ।

ਉਨ੍ਹਾਂ ਦੱਸਿਆ ਕਿ ਗਰੋਹ ਨੇ ਹਾਲ ਹੀ ਵਿਚ ਆਪਣੇ ਵਿਦੇਸ਼ੀ ਹੈਂਡਲਰਾਂ ਦੇ ਕਹਿਣ 'ਤੇ ਮੱਧ ਪ੍ਰਦੇਸ਼ ਦੇ ਖਰਗੋਨ ਸ਼ਹਿਰ ਤੋਂ ਪਿਸਤੌਲਾਂ ਖ਼ਰੀਦੀਆਂ ਸਨ। ਦੂਜੀ ਘਟਨਾ ਵਿਚ ਪੁਲੀਸ ਟੀਮ ਨੇ ਗਰੋਹ ਦੇ ਤਿੰਨ ਹੋਰ ਮੈਂਬਰਾਂ ਦੀ ਪਛਾਣ ਅਜੈ ਕੁਮਾਰ ਉਰਫ਼ ਬਿੱਲਾ ਵਾਸੀ ਸ਼ਾਹਜਹਾਨਪੁਰ, ਵਿਸ਼ਾਲ ਵਾਸੀ ਸੀਨਪੁਰਾ, ਕਪੂਰਥਲਾ ਅਤੇ ਦੋਨੇਵਾਲ ਦੇ ਨਾਬਾਲਗ ਵਜੋਂ ਕੀਤੀ ਹੈ। ਉਨ੍ਹਾਂ ਦੇ ਕਬਜ਼ੇ ਵਿੱਚੋਂ .32 ਬੋਰ ਦੀ ਪਿਸਤੌਲ ਸਣੇ ਤਿੰਨ ਕਾਰਤੂਸ ਅਤੇ ਜੁਪੀਟਰ ਸਕੂਟਰ ਬਰਾਮਦ ਕੀਤਾ ਹੈ। ਇੰਸਪੈਕਟਰ ਪੁਸ਼ਪ ਬਾਲੀ ਦੀ ਅਗਵਾਈ ਵਿਚ ਸੀ.ਆਈ.ਏ. ਸਟਾਫ਼ ਜਲੰਧਰ ਦਿਹਾਤੀ ਨੇ ਇਕ ਹੋਰ ਗਰੋਹ ਦੇ ਚਾਰ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਦੀ ਪਛਾਣ ਹਰਵਿੰਦਰ ਸਿੰਘ ਉਰਫ਼ ਰਾਜੂ ਵਾਸੀ ਅਹਿਮਦਪੁਰ, ਦਲਵਿੰਦਰ ਸਿੰਘ ਉਰਫ਼ ਗੁਰੀ ਵਾਸੀ ਧਾਲੀਵਾਲ ਦੋਨਾ, ਸਰਬਜੀਤ ਸਿੰਘ ਉਰਫ਼ ਪੰਜਾਬ ਉਰਫ਼ ਕਾਕਾ ਵਾਸੀ ਅਠੌਲਾ ਅਤੇ ਹਰਪ੍ਰੀਤ ਸਿੰਘ ਉਰਫ ਸ਼ੇਰਾ ਵਾਸੀ ਕਟਾਣੀ ਗੇਟ ਵਜੋਂ ਹੋਈ ਹੈ। ਮੁਲਜ਼ਮਾਂ ਦੇ ਕਬਜ਼ੇ ਵਿਚੋਂ ਛੇ ਰੌਂਦ ਸਣੇ ਦੋ .32 ਬੋਰ ਦੇ ਪਿਸਤੌਲ ਤੇ ਤਿੰਨ ਮੈਗਜ਼ੀਨ ਅਤੇ ਦੋ ਰੌਂਦ ਸਣੇ .315 ਬੋਰ ਦਾ ਪਿਸਤੌਲ ਬਰਾਮਦ ਕੀਤਾ ਹੈ। ਉਨ੍ਹਾਂ ਕੋਲੋਂ ਪਲੈਟੀਨਾ ਮੋਟਰਸਾਈਕਲ ਅਤੇ ਐਕਟਿਵਾ ਸਕੂਟਰ ਬਰਾਮਦ ਹੋਇਆ। ਇਸ ਸਬੰਧੀ ਥਾਣਾ ਲੋਹੀਆਂ ਅਤੇ ਥਾਣਾ ਮਕਸੂਦਾਂ ਵਿਚ ਕੇਸ ਦਰਜ ਕੀਤੇ ਗਏ ਹਨ।

# ਜਾਅਲਸਾਜ਼ੀ ਕਰਨ ਵਾਲੇ ਅਕਾਲੀ ਆਗੂ ਨੂੰ ਕੈਦ

**ਮੋਗਾ:** ਸ਼੍ਰੋਮਣੀ ਅਕਾਲੀ ਦਲ ਬੀਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਕੌਂਸਲਰ ਚਰਨਜੀਤ ਸਿੰਘ ਝੰਡੇਆਣਾ ਨੂੰ ਜਾਅਲਸਾਜ਼ੀ ਦੇ ਦੋਸ਼ ਹੇਠ ਸਥਾਨਕ ਜੁਡੀਸ਼ਲ ਮੈਜਿਸਟਰੇਟ ਦਰਜਾ ਪਹਿਲਾ ਬਲਜਿੰਦਰ ਕੌਰ ਮਾਨ ਦੀ ਅਦਾਲਤ ਨੇ ਤਿੰਨ ਧਾਰਾਵਾਂ ਹੇਠ ਇਕ-ਇਕ ਸਾਲ ਦੀ ਕੈਦ ਤੇ 1500 ਰੁਪਏ ਜੁਰਮਾਨਾ ਅਦਾ ਕਰਨ ਦਾ ਹੁਕਮ ਸੁਣਾਇਆ ਹੈ।

ਇਸ ਮਾਮਲੇ ਵਿਚ ਸ਼ਹਿਰ ਦੇ ਨਾਮੀ ਡਾਕਟਰ ਸੰਜੀਵ ਮਿੱਤਲ ਨੂੰ ਦੋਸ਼ ਮੁਕਤ ਕਰਾਰ ਦਿੰਦਿਆਂ ਅਦਾਲਤ ਨੇ 50 ਹਜ਼ਾਰ ਰੁਪਏ ਦੀ ਮੁਚੱਲਕੇ ਉੱਤੇ ਰਿਹਾਅ ਕੀਤਾ ਹੈ। ਆਰ.ਟੀ.ਆਈ. ਕਾਰਕੁਨ ਸੁਰੇਸ਼ ਸੂਦ ਨੇ ਦੱਸਿਆ ਕਿ ਉਸ ਨੇ ਅਕਾਲੀ ਆਗੂ ਚਰਨਜੀਤ ਸਿੰਘ ਝੰਡੇਆਣਾ, ਡਾਕਟਰ ਸੰਜੀਵ ਮਿੱਤਲ ਅਤੇ ਸਥਾਨਕ ਜੀਵਨ ਬੀਮਾ ਨਿਗਮ ਸ਼ਾਖਾ ਦੇ ਮੈਨੇਜਰ ਮਨਜੀਤ ਸਿੰਘ ਖ਼ਿਲਾਫ਼ ਸਾਲ 2012 ਵਿਚ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਨੂੰ ਪਾਲਸੀ ਨਹੀਂ ਮਿਲੀ। ਉਸ ਨੇ ਆਪਣਾ ਤੇ ਦੋ ਬੱਚਿਆਂ ਦਾ ਚਰਨਜੀਤ ਰਾਹੀਂ ਬੀਮਾ ਕਰਵਾਇਆ ਸੀ। ਉਸ ਨੂੰ ਕੁਝ ਦਿਨ ਬਾਅਦ ਪਾਲਸੀ ਡਾਕ ਰਾਹੀਂ ਪ੍ਰਾਪਤ ਹੋਣ ਦਾ ਭਰੋਸਾ ਦਿੱਤਾ ਗਿਆ ਸੀ ਪਰ ਪਾਲਸੀ ਨਹੀਂ ਮਿਲੀ। ਜੀਵਨ ਬੀਮਾ ਨਿਗਮ ਸ਼ਾਖਾ ਦੇ ਮੈਨੇਜਰ ਨਾਲ ਰਾਬਤਾ ਕਾਇਮ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਏਜੰਟ ਚਰਨਜੀਤ ਸਿੰਘ ਝੰਡੇਆਣਾ ਪਾਲਸੀ ਲਿਜਾ ਚੁੱਕਿਆ ਹੈ। ਚਰਨਜੀਤ ਨੇ ਉਸ ਦੇ ਫ਼ਰਜ਼ੀ ਦਸਤਖ਼ਤ ਕਰਕੇ ਅਧਿਕਾਰ ਪੱਤਰ ਤਿਆਰ ਕੀਤਾ ਸੀ।




UMA TRAVELS
2535 West Devon Ave.,
Chicago, IL 60659
For Delhi-Bombay Ahmedabad, Hydrabad-Madras
Call For Special Sale Fares
Call: 773-338-5603


# Matrimonials

## ਲੜਕੇ ਦੀ ਲੋੜ ਹੈ

looking for a USA Citizen match for 6/1988 born, 5'9' divorced girl and has one child living with. She has completed her nursing associate in India, currently working in India and holding a Canada visitor visa. The girl belongs to Punjab (Ludhiana). Please contact us at: Cell 262-960-7366. 47-49

Ramgharia Family looking for a suitable match for their Canada PR 25, 5'4" daughter. Girl has Done Computer engineering diploma and currently studying Cybersecurity in bachelors. She is working as Cyber security supervisor. Please Contact us at : 639-895-1350. 46-49

Jat Sikh family seeks a comparable match from a progressive family for their 1991 born, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago. Please contact with details at surjitkaur1937@outlook.com or 224-422-4773. 44-47

## ਲੜਕੀ ਦੀ ਲੋੜ ਹੈ

Arora family seeks a compatible match for their 33 years, 5'11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133 (whatsapp) or Email at: tejveeraroras@gmail.com 47-50

Jat Sikh parents looking for a suitable match for their 27, 6'-0" son, born & raised in the US. He is currently an AVP for an investment bank and resides in Chicago. Looking for a match from Jat Sikh family, U.S. or Canadian Citizen. Please contact us at 1-224-545-1048 or singhpaul696@gmail.com 45-48

Seeking gursikh and educated match for Saini sikh turbaned boy. 97 born, 5'4". B.Tech from IIT, Guwahati. Working as Sr. Engineer in MNC in Bangalore. Serious enquiries, please contact us at: 765-570-0149 (USA) or 98182-87307 (INDIA) 44-47

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨਫਰਾਂਸਿਸਕੋ, ਬੇ ਏਰੀਆ, ਕੈਲੇਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਵ੍ਹਟਸਐਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਆਪਣੇ ਵੇਰਵੇ ਈਮੇਲ cjsingh55@gmail.com 'ਤੇ ਭੇਜ ਸਕਦੇ ਹੋ। 41-44


SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
For Emergency
Call anytime at
847-436-9010



EARLY BIRD SALE!!!!
Etihad, Air India,
KLM, Lufthansa,
Delta, Qatar Airlines.
Domestic fares available



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ
Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease,
At any Age, Try Alternative Treatment
Homeopathic Natural Medicines Serving Since 1973



Gurdip Singh Sandhu
Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India
Ph: (408) 687-1899
(925) 557-9093
Email: Homeomdicine@yahoo.com
Website: www.Homeopathyatoz.com
7021 Village Parkway, Dublin, CA 94568
Practice under provision of Act S8_577
State of CA



ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

# ਕੈਨੇਡਾ ਦੀ ਸਖਤੀ ਮਗਰੋਂ ਹਜ਼ਾਰਾਂ ਕੌਮਾਂਤਰੀ ਵਿਦਿਆਰਥੀਆਂ ਨੇ ਪਨਾਹ ਮੰਗੀ



**ਵੈਨਕੂਵਰ:** ਕੈਨੇਡਾ ਦੇ ਆਵਾਸ ਵਿਭਾਗ ਵੱਲੋਂ ਵਿਦੇਸ਼ੀਆਂ ਦੇ ਕੈਨੇਡਾ 'ਚ ਵੱਸਣ ਲਈ ਵਰਤੇ ਜਾਂਦੇ ਨਾਜਾਇਜ਼ ਢੰਗਾਂ 'ਤੇ ਨਕੇਲ ਕੱਸੇ ਜਾਣ ਮਗਰੋਂ ਬਹੁਤੇ ਕੌਮਾਂਤਰੀ ਵਿਦਿਆਰਥੀ ਪੱਕੇ ਹੋਣ ਲਈ ਪਨਾਹ (ਸ਼ਰਨ) ਮੰਗਣ ਲੱਗੇ ਹਨ। ਵਿਭਾਗੀ ਅੰਕੜਿਆਂ ਅਨੁਸਾਰ ਇਸ ਸਾਲ ਦੇ ਪਹਿਲੇ 9 ਮਹੀਨਿਆਂ ਵਿਚ (1 ਜਨਵਰੀ ਤੋਂ 30 ਸਤੰਬਰ ਤੱਕ) 13,660 ਕੌਮਾਂਤਰੀ ਵਿਦਿਆਰਥੀਆਂ ਨੇ ਸ਼ਰਨਾਰਥੀ ਵਜੋਂ ਪਨਾਹ ਲਈ ਅਰਜ਼ੀਆਂ ਦਿੱਤੀਆਂ ਹਨ। ਹਾਲਾਂਕਿ ਵਿਭਾਗ ਦੇ ਮੰਤਰੀ ਮਾਈਕ ਮਿੱਲਰ ਨੇ ਆਖਿਆ ਕਿ ਵਿਦੇਸ਼ਾਂ 'ਚ ਬੈਠੇ ਲਾਲਚੀ ਇਮੀਗਰੇਸ਼ਨ ਸਲਾਹਕਾਰ ਇਨ੍ਹਾਂ ਨੂੰ ਗੁੰਮਰਾਹ ਕਰਕੇ ਗਲਤ ਰਸਤੇ ਤੋਰ ਰਹੇ ਹਨ।

ਮੰਤਰੀ ਨੇ ਸਪੱਸ਼ਟ ਕੀਤਾ ਕਿ ਵਿਦਿਆਰਥੀਆਂ ਵੱਲੋਂ ਸ਼ਰਨ ਦੀ ਮੰਗ ਕਰਨਾ ਹਾਸੋਹੀਣਾ ਹੈ। ਅੰਕੜਿਆਂ ਅਨੁਸਾਰ ਛੇ ਵਰ੍ਹੇ ਪਹਿਲਾਂ ਸਾਲ 2018 ਵਿਚ ਸਿਰਫ 1,810 ਲੋਕਾਂ ਨੇ ਪਨਾਹ ਲਈ ਦਰਖਾਸਤਾਂ ਦਿੱਤੀਆਂ ਸਨ। ਪੂਰੇ ਸਾਲ (2023) ਦਾ ਇਹ ਅੰਕੜਾ 12 ਹਜ਼ਾਰ ਸੀ ਪਰ ਇਸ ਸਾਲ (2024) ਦੇ 9 ਮਹੀਨਿਆਂ 'ਚ ਰਿਕਾਰਡ ਟੁੱਟ ਗਏ ਹਨ ਤੇ 30 ਸਤੰਬਰ ਤੱਕ ਪਨਾਹ ਲੈਣ ਲਈ 13,660 ਕੌਮਾਂਤਰੀ ਵਿਦਿਆਰਥੀਆਂ ਦੀਆਂ ਅਰਜ਼ੀਆਂ ਮਿਲੀਆਂ ਹਨ। ਮੰਤਰੀ ਨੇ ਕਿਹਾ ਕਿ ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਵਲੋਂ ਕੱਚੇ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਦੇ ਬਿਆਨ ਮਗਰੋਂ ਇਹ ਰੁਝਾਨ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਏਜੰਟਾਂ ਵਲੋਂ ਗੁੰਮਰਾਹ ਕੀਤੇ ਹਜ਼ਾਰਾਂ ਹੋਰ ਲੋਕ ਵੀ ਇਸ ਰਸਤੇ ਪੈ ਸਕਦੇ ਹਨ। ਮੰਤਰੀ ਨੇ ਦਾਅਵਾ ਕੀਤਾ ਕਿ ਅਜਿਹੀਆਂ ਦਰਖਾਸਤਾਂ 'ਚੋਂ ਕੁਝ ਸੱਚੀਆਂ ਹੋ ਸਕਦੀਆਂ ਹਨ। ਮਿੱਲਰ ਨੇ ਕਿਹਾ ਕਿ ਪੜ੍ਹਾਈ ਪੂਰੀ ਕਰਨ ਦੀ ਥਾਂ ਪਹਿਲੇ ਦੂਜੇ ਸਾਲ ਪਨਾਹ ਮੰਗਣ ਤੋਂ ਆਪਣੇ ਆਪ ਸਾਬਤ ਹੋ ਜਾਂਦਾ ਹੈ ਕਿ ਦਰਖਾਸਤ ਕਰਤਾ ਦੇ ਪਿਤਰੀ ਮੁਲਕ ਤੋਂ (ਉਸ ਨੂੰ) ਖ਼ਤਰੇ ਦਾ ਦਾਅਵਾ ਝੂਠਾ ਹੈ। ਉਨ੍ਹਾਂ ਸਵਾਲ ਉਠਾਇਆ, "ਪਨਾਹ ਲਈ ਅਪਲਾਈ ਕਰਨ ਵਾਲਿਆਂ ਨੂੰ ਕੈਨੇਡਾ ਆਉਣ ਤੋਂ ਬਾਅਦ ਆਪਣੇ ਦੇਸ਼ ਦੇ ਸਿਸਟਮ ਤੋਂ ਡਰ ਲੱਗਣ ਦਾ ਕੋਈ ਕਾਰਨ ਨਹੀਂ ਬਣਦਾ।" ਵਿਭਾਗੀ ਅੰਕੜਿਆਂ ਅਨੁਸਾਰ ਪਨਾਹ ਮੰਗਣ ਦੀਆਂ ਜ਼ਿਆਦਾ ਦਰਖਾਸਤਾਂ ਉਨ੍ਹਾਂ ਵਿੱਦਿਅਕ ਅਦਾਰਿਆਂ ਦੇ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਆਈਆਂ ਜਿਨ੍ਹਾਂ 'ਚ ਇਸ ਵਾਰ ਸਰਕਾਰ ਨੇ ਕਿਸੇ ਨੂੰ ਦਾਖਲੇ ਦੀ ਆਗਿਆ ਨਹੀਂ ਦਿੱਤੀ। ਇਨ੍ਹਾਂ ਵਿਚ ਨਿਆਗਰਾ ਕਾਲਜ ਦੇ 410, ਸੈਨੇਕਾ ਕਾਲਜ ਆਫ ਟੈਕਨਾਲੋਜੀ ਦੇ 490, ਕਿਚਨਰ ਦੇ ਕੁਨੈਸਟੋਗਾ ਕਾਲਜ ਦੇ 520 ਵਿਦਿਆਰਥੀਆਂ ਨੇ ਪਨਾਹ ਲੈਣ ਲਈ ਅਪਲਾਈ ਕੀਤਾ ਹੈ।

### ਇਮੀਗਰੇਸ਼ਨ ਸਲਾਹਕਾਰਾਂ ਨੂੰ ਲਾਇਸੈਂਸ ਦੇਣ ਵਾਲੇ ਕਾਲਜ ਨੂੰ ਤਾੜਨਾ

**ਵੈਨਕੂਵਰ:** ਆਵਾਸ ਵਿਭਾਗ ਦੇ ਮੰਤਰੀ ਮਾਈਕ ਮਿੱਲਰ ਨੇ ਇਸ ਮਾਮਲੇ ਨੂੰ ਲੈ ਕੇ ਕੈਨੇਡਾ ਦੇ ਇਮੀਗਰੇਸ਼ਨ ਸਲਾਹਕਾਰਾਂ ਨੂੰ ਲਾਇਸੈਂਸ ਦੇਣ ਵਾਲੇ ਕਾਲਜ ਨੂੰ ਵੀ ਤਾੜਨਾ ਕੀਤਾ ਹੈ। ਉਨ੍ਹਾਂ ਕਿ ਉਹ (ਕਾਲਜ) ਯਕੀਨੀ ਬਣਾਵੇ ਕਿ ਸਥਾਨਕ ਲਾਇਸੈਂਸ ਹੋਲਡਰਾਂ 'ਚੋਂ ਕੋਈ ਵੀ ਪਨਾਹ ਮੰਗਣ ਦਾ ਮਸ਼ਵਰਾ ਦੇ ਕੇ ਅਪਲਾਈ ਤਾਂ ਨਹੀਂ ਕਰਵਾ ਰਿਹਾ? ਮੰਤਰੀ ਅਜਿਹੇ ਲਾਇਸੈਂਸ ਹੋਲਡਰਾਂ ਵਿਰੁੱਧ ਸਖਤ ਕਾਰਵਾਈ ਦੇ ਅਦੇਸ਼ ਦਿੱਤੇ ਹਨ। ਕਾਲਜ ਦੇ ਮੁਖੀ ਜੌਹਨ ਮੁਰੇ ਅਨੁਸਾਰ ਉਨ੍ਹਾਂ ਸਾਰੇ ਲਾਇਸੈਂਸ ਹੋਲਡਰਾਂ 'ਤੇ ਨਜ਼ਰ ਰੱਖੀ ਹੋਈ ਹੈ ਤੇ ਕੋਤਾਹੀ ਕਰਨ ਵਾਲਿਆਂ ਦੇ ਲਾਇਸੈਂਸ ਰੱਦ ਕਰਕੇ ਅਪਰਾਧਕ ਕੇਸ ਦਰਜ ਕਰਵਾਉਣ 'ਚ ਕੋਈ ਢਿੱਲ ਨਹੀਂ ਵਰਤੀ ਜਾਵੇਗੀ।

## ਬਰਤਾਨਵੀ 'ਵਰਸਿਟੀਆਂ 'ਚ ਭਾਰਤੀ ਵਿਦਿਆਰਥੀਆਂ ਦੇ ਦਾਖਲੇ ਘਟੇ

**ਲੰਡਨ:** ਇੰਗਲੈਂਡ ਵਿਚ ਉੱਚ ਸਿੱਖਿਆ ਖੇਤਰ 'ਚ ਸਥਿਰਤਾ ਬਾਰੇ ਨਵੀਂ ਰਿਪੋਰਟ ਤੋਂ ਪਤਾ ਲੱਗਾ ਹੈ ਕਿ ਭਾਰਤੀ ਵਿਦਿਆਰਥੀਆਂ ਨੂੰ ਬਰਤਾਨੀਆ ਦੀਆਂ ਯੂਨੀਵਰਸਿਟੀਆਂ 'ਚ ਦਾਖਲੇ ਲਈ ਅਰਜ਼ੀ ਦੇਣ ਤੋਂ ਰੋਕਿਆ ਜਾ ਰਿਹਾ ਹੈ, ਜਿਸ ਨਾਲ ਅਜਿਹੇ ਸਮੇਂ 'ਚ ਯੂਨੀਵਰਸਿਟੀਆਂ ਦੇ ਵਿੱਤੀ ਸੰਕਟ ਵੱਧ ਗਏ ਹਨ ਜਦੋਂ ਸਿੱਖਿਆ ਸੰਸਥਾਵਾਂ ਪਹਿਲਾਂ ਹੀ ਘੱਟ ਫੰਡ ਦਾ ਸਾਹਮਣਾ ਕਰ ਰਹੀਆਂ ਹਨ।

ਆਫਿਸ ਫਾਰ ਸਟੂਡੈਂਟਜ਼ ਵੱਲੋਂ ਕੀਤੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ 20.4 ਫੀਸਦ ਦੀ ਕਮੀ ਆਈ ਹੈ ਅਤੇ ਹੁਣ ਭਾਰਤੀ ਵਿਦਿਆਰਥੀਆਂ ਦੀ ਗਿਣਤੀ 1,39,914 ਤੋਂ ਘੱਟ ਕੇ 1,11,329 ਰਹਿ ਗਈ ਹੈ। ਬਰਤਾਨੀਆ 'ਚ ਭਾਰਤੀ ਵਿਦਿਆਰਥੀ ਸਮੂਹਾਂ ਨੇ ਕਿਹਾ ਕਿ ਨੌਕਰੀਆਂ ਦੀਆਂ ਸੀਮਤ ਸੰਭਾਵਨਾਵਾਂ ਅਤੇ ਹਾਲ ਹੀ ਵਿਚ ਕੁਝ ਸ਼ਹਿਰਾਂ 'ਚ ਪਰਵਾਸੀਆਂ ਖ਼ਿਲਾਫ਼ ਦੰਗਿਆਂ ਤੋਂ ਬਾਅਦ ਸੁਰੱਖਿਆ ਫਿਕਰਾਂ ਵਿਚਾਲੇ ਹੋਰ ਗਿਰਾਵਟ ਦੀ ਉਮੀਦ ਕੀਤੀ ਜਾ ਸਕਦੀ ਹੈ। ਸਰਕਾਰ ਦੇ ਸਿੱਖਿਆ ਵਿਭਾਗ ਦੀ ਗ਼ੈਰ-ਵਿਭਾਗੀ ਜਨਤਕ ਸੰਸਥਾ 'ਆਫਿਸ ਫਾਰ ਸਟੂਡੈਂਟਜ਼' ਦੀ ਰਿਪੋਰਟ 'ਚ ਕਿਹਾ ਗਿਆ ਹੈ, 'ਕੁਝ ਅਹਿਮ ਮੁਲਕਾਂ 'ਚ ਭਵਿੱਖੀ ਗ਼ੈਰ-ਬਰਤਾਨਵੀ ਵਿਦਿਆਰਥੀਆਂ ਦੇ ਵਿਦਿਆਰਥੀ ਵੀਜ਼ਾ ਅਰਜ਼ੀਆਂ 'ਚ ਕਾਫੀ ਕਮੀ ਆਈ ਹੈ। ਇਹ ਅੰਕੜਾ ਕੌਮਾਂਤਰੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਸਪਾਂਸਰਡ ਪ੍ਰਵਾਨਗੀਆਂ ਦੀ ਕੁੱਲ ਗਿਣਤੀ 'ਚ 11.8 ਫੀਸਦ ਦੀ ਕਮੀ ਨੂੰ ਦਰਸਾਉਂਦਾ ਹੈ।'

## ਅਮਰੀਕਾ ਭਾਰਤ ਨੂੰ 1440 ਪੁਰਾਤਨ ਵਸਤਾਂ ਮੋੜੇਗਾ



**ਨਿਊ ਯਾਰਕ:** ਅਮਰੀਕਾ ਵੱਲੋਂ ਭਾਰਤ ਨੂੰ ਇਕ ਕਰੋੜ ਡਾਲਰ ਮੁੱਲ ਦੀਆਂ 1440 ਪੁਰਾਤਨ ਵਸਤਾਂ ਮੋੜੀਆਂ ਜਾਣਗੀਆਂ। ਮੈਨਹਟਨ ਜ਼ਿਲ੍ਹਾ ਅਟਾਰਨੀ ਐਲਵਿਨ ਐੱਲ ਬਰੈਗ ਜੂਨੀਅਰ ਨੇ ਇਕ ਬਿਆਨ 'ਚ ਕਿਹਾ ਕਿ ਬੀਤੇ ਕੁਝ ਸਮੇਂ ਦੌਰਾਨ ਤਸਕਰਾਂ ਕੋਲੋਂ ਬਰਾਮਦ ਕੀਤੀਆਂ ਗਈਆਂ ਪ੍ਰਾਚੀਨ ਵਸਤਾਂ ਇਕ ਸਮਾਗਮ ਦੌਰਾਨ ਭਾਰਤੀ ਕੌਂਸੁਲੇਟ ਜਨਰਲ ਦੇ ਮਨੀਸ਼ ਕੁਲਹਾੜੀ ਨੂੰ ਸੌਂਪੀਆਂ ਗਈਆਂ ਸਨ।

ਬਿਆਨ ਮੁਤਾਬਕ ਬਰੈਗ ਨੇ ਇਕ ਕਰੋੜ ਡਾਲਰ ਮੁੱਲ ਦੀਆਂ 1440 ਪ੍ਰਾਚੀਨ ਵਸਤਾਂ ਭਾਰਤ ਨੂੰ ਮੋੜਨ ਦਾ ਐਲਾਨ ਕੀਤਾ ਹੈ। ਬਰੈਗ ਨੇ ਕਿਹਾ ਕਿ ਉਹ ਭਾਰਤੀ ਸੱਭਿਆਚਾਰਕ ਵਿਰਾਸਤ ਨੂੰ ਨਿਸ਼ਾਨਾ ਬਣਾਉਣ ਵਾਲੇ ਤਸਕਰਾਂ ਦੇ ਨੈੱਟਵਰਕ ਦੀ ਜਾਂਚ ਜਾਰੀ ਰਖਣਗੇ।

ਮੋੜੀਆਂ ਗਈਆਂ ਵਸਤਾਂ 'ਚ ਮੱਧ ਪ੍ਰਦੇਸ਼ ਦੇ ਮੰਦਰ 'ਚੋਂ ਚੋਰੀ ਕੀਤੀ ਗਈ ਮੂਰਤੀ ਅਤੇ ਰਾਜਸਥਾਨ ਦੇ ਤਨੇਸਾਰਾ ਮਹਾਦੇਵ ਪਿੰਡ 'ਚੋਂ ਲੁੱਟੀ ਗਈ ਮੂਰਤੀ ਸ਼ਾਮਲ ਹੈ। ਬਿਆਨ 'ਚ ਦੱਸਿਆ ਗਿਆ ਕਿ ਬਰੈਗ ਦੇ ਕਾਰਜਕਾਲ ਦੌਰਾਨ ਜ਼ਿਲ੍ਹਾ ਅਟਾਰਨੀ ਦੀ ਪ੍ਰਾਚੀਨ ਵਸਤਾਂ ਦੀ ਤਸਕਰੀ ਵਿਰੋਧੀ ਇਕਾਈ ਨੇ 30 ਤੋਂ ਵਧ ਮੁਲਕਾਂ ਤੋਂ ਚੋਰੀ ਹੋਈਆਂ 2100 ਵਸਤਾਂ ਬਰਾਮਦ ਕੀਤੀਆਂ ਹਨ ਜਿਨ੍ਹਾਂ ਦੀ ਕੀਮਤ ਕਰੀਬ 23 ਕਰੋੜ ਡਾਲਰ ਬਣਦੀ ਹੈ।

## ਹਰਮਨਪ੍ਰੀਤ ਕੈਨੇਡਾ ਵਿਚ ਵਕੀਲ ਬਣੀ

**ਬਠਿੰਡਾ:** ਜ਼ਿਲ੍ਹੇ ਦੇ ਪਿੰਡ ਬੱਲੋ ਦੀ ਹਰਮਨਪ੍ਰੀਤ ਕੌਰ ਕੈਨੇਡਾ ਵਿਚ ਵਕੀਲ ਬਣ ਗਈ ਹੈ। ਉਸ ਨੇ ਕਾਨੂੰਨ ਦੀ ਪੜ੍ਹਾਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਮੁਕੰਮਲ ਕੀਤੀ ਤੇ ਉਚੇਰੀ ਪੜ੍ਹਾਈ ਲਈ ਕੈਨੇਡਾ ਦੇ ਸੂਬਾ ਓਂਟਾਰੀਓ ਚਲੀ ਗਈ। ਇੱਥੇ ਉਸ ਨੇ ਵਕਾਲਤ ਦਾ ਲਾਇਸੈਂਸ ਲੈਣ ਲਈ ਬੈਰਿਸਟਰ ਅਤੇ ਸੋਲੀਸਟਰ ਦੇ ਇਮਤਿਹਾਨ ਪਾਸ ਕੀਤੇ। ਹਰਮਨਪ੍ਰੀਤ ਕੌਰ ਨੇ ਕੈਨੇਡਾ ਦੀ ਧਰਤੀ 'ਤੇ ਵਕੀਲ ਬਣਨ ਦਾ ਸੁਪਨਾ ਪੂਰਾ ਕਰਨ ਪਿੱਛੇ ਆਪਣੇ ਪਿਤਾ ਜਗਜੀਤ ਸਿੰਘ ਅਤੇ ਦਿੱਲੀ ਵਿਚ ਤਾਇਨਾਤ ਆਪਣੀ ਭੈਣ ਆਈ.ਏ.ਐਸ. ਕੋਮਲਪ੍ਰੀਤ ਕੌਰ ਦਾ ਯੋਗਦਾਨ ਦੱਸਿਆ। ਓਂਟਾਰੀਓ ਦੀ ਬਾਰ ਕੌਂਸਲ ਵੱਲੋਂ ਉਸ ਨੂੰ ਲਾਇਸੈਂਸ ਜਾਰੀ ਕਰ ਦਿੱਤਾ ਗਿਆ ਹੈ।

## ਕੈਨੇਡਾ ਵਿਚ ਧਾਰਮਿਕ ਸਥਾਨਾਂ ਨੇੜੇ ਵਿਖਾਵਿਆਂ 'ਤੇ ਰੋਕ

**ਵੈਨਕੂਵਰ:** ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਕੌਂਸੁਲੇਟ ਅਮਲੇ ਵੱਲੋਂ ਧਾਰਮਿਕ ਸਥਾਨ ਅੰਦਰ ਲਾਏ ਕੈਂਪ ਮੌਕੇ ਹੁੱਲੜਬਾਜ਼ੀ ਨੂੰ ਫਿਰਕੂ ਰੰਗਤ ਦੇਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਬਰੈਂਪਟਨ ਅਤੇ ਮਿਸੀਸਾਗਾ ਨਗਰ ਨਿਗਮਾਂ ਨੇ ਧਾਰਮਿਕ ਸਥਾਨਾਂ ਦੇ 100 ਮੀਟਰ ਘੇਰੇ 'ਚ ਵਿਖਾਵੇ ਰੋਕਣ ਬਾਰੇ ਮਤਾ ਪਾਸ ਕੀਤੇ ਹਨ। ਮਤਿਆਂ ਦੇ ਖਰੜੇ ਨੂੰ ਅੰਤਿਮ ਰੂਪ ਦੇ ਕੇ ਹੋਂਦ 'ਚ ਲਿਆਉਣ ਮਗਰੋਂ ਅਜਿਹੇ ਪ੍ਰਦਰਸ਼ਨਕਾਰੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਹੋ ਸਕੇਗੀ।




ਹੁਣ ਤੱਕ ਅਜਿਹਾ ਪ੍ਰਬੰਧ ਨਾ ਹੋਣ ਕਾਰਨ ਹੀ 3 ਨਵੰਬਰ ਨੂੰ ਮੁਜ਼ਾਹਰਾਕਾਰੀਆਂ ਨਾਲ ਨਰਮਾਈ ਵਰਤੀ ਗਈ ਸੀ, ਜਦਕਿ ਹੁਣ ਇਹ ਰੋਕਾਂ ਲਾਗੂ ਹੋਣ 'ਤੇ ਤਣਾਅ ਦੀਆਂ ਸੰਭਾਵਨਾਵਾਂ ਖਤਮ ਹੋ ਜਾਣਗੀਆਂ। ਜਾਣਕਾਰੀ ਮੁਤਾਬਕ ਬਰੈਂਪਟਨ ਅਤੇ ਮਿਸੀਸਾਗਾ ਨਗਰ ਨਿਗਮਾਂ ਦੇ ਮਤਿਆਂ 'ਚ ਭਾਵੇਂ 100 ਮੀਟਰ ਦੂਰੀ ਦਾ ਜ਼ਿਕਰ ਹੈ ਪਰ ਹਾਲਾਤ ਅਨੁਸਾਰ ਘੱਟੋ-ਘੱਟ ਦੂਰੀ ਵਧਾਏ ਘਟਾਏ ਜਾਣ ਦੀ ਗੁੰਜਾਇਸ਼ ਦਾ ਪ੍ਰਬੰਧ ਵੀ ਹੈ। ਦੋਵਾਂ ਨਿਗਮਾਂ ਵਿਚ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ। ਇਸ ਦੌਰਾਨ ਭਾਰਤੀ ਕੌਂਸਲੇਟ ਦਫ਼ਤਰ ਦੇ ਅਮਲੇ ਨੂੰ ਧਾਰਮਿਕ ਸਥਾਨਾਂ ਤੇ ਕੈਂਪ ਲਾਉਣ ਤੋਂ ਸੰਕੋਚ ਕਰਨ ਦੀ ਮੰਗ ਕੀਤੀ ਗਈ।

ਬਰੈਂਪਟਨ ਤੇ ਮਿਸਸਾਗਾ 'ਚ ਅਮਨ-ਕਾਨੂੰਨ ਬਹਾਲ ਰੱਖਣ ਲਈ ਪਾਬੰਦ ਪੀਲ ਖੇਤਰੀ ਪੁਲਿਸ ਨੇ ਇਸ ਫ਼ੈਸਲੇ ਦਾ ਸਵਾਗਤ ਕਰਦਿਆਂ ਭਰੋਸਾ ਜਤਾਇਆ ਕਿ ਇਸ ਨਾਲ ਧਾਰਮਿਕ ਸਥਾਨਾਂ ਅੰਦਰਲੇ ਸ਼ਰਧਾਲੂਆਂ ਦੇ ਮਨ ਦੀ ਸ਼ਾਂਤੀ 'ਚ ਵਿਘਨ ਨਹੀਂ ਪਏਗਾ। ਪੁਲਿਸ ਬੁਲਾਰੇ ਨੇ ਕਿਹਾ ਕਿ ਉਹ ਭਾਰਤੀ ਕੌਂਸੁਲੇਟ ਦਫਤਰ, ਧਾਰਮਿਕ ਸਥਾਨ ਕਮੇਟੀਆਂ ਤੇ ਹੋਰਾਂ ਨਾਲ ਰਾਬਤਾ ਰੱਖਦਿਆਂ ਇਹ ਯਕੀਨੀ ਬਣਾਉਣਗੇ ਕਿ ਫਿਰ ਤੋਂ ਬਰੈਂਪਟਨ ਵਰਗੀ ਮੰਦਭਾਗੀ ਘਟਨਾ ਦੇ ਆਸਾਰ ਨਾ ਬਣ ਸਕਣ। ਉਨ੍ਹਾਂ ਆਖਿਆ ਕਿ ਧਾਰਮਿਕ ਸਥਾਨਾਂ ਨੇੜੇ ਪੁਲਿਸ ਦੀ ਗਸ਼ਤ ਵਧਾਈ ਗਈ ਹੈ ਤੇ ਸ਼ਰਾਰਤੀ ਅਨਸਰਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ।

## ਗੈਰ-ਕਾਨੂੰਨੀ ਪਰਵਾਸੀਆਂ ਨੂੰ ਪੁੱਠਾ ਮੋੜੇਗੀ ਟਰੂਡੋ ਸਰਕਾਰ

**ਵਿਨੀਪੈਗ:** ਕੈਨੇਡਾ ਵਿਚ ਗ਼ੈਰ-ਕਾਨੂੰਨੀ ਤੌਰ ਉਤੇ ਮੌਜੂਦ ਪਰਵਾਸੀਆਂ ਵਿਰੁੱਧ ਸਖ਼ਤੀ ਵਰਤਣ ਦੇ ਸੰਕੇਤ ਦਿੰਦਿਆਂ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਹੈ ਕਿ ਸਸਤੇ ਮਜ਼ਦੂਰਾਂ ਦੀ ਉਪਲਬਧਤਾ ਵਾਲਾ ਦੌਰ ਬੀਤੇ ਦੀ ਗੱਲ ਹੋ ਚੁੱਕੀ ਹੈ ਅਤੇ ਹੁਣ ਕੈਨੇਡੀਅਨ ਐਂਪਲਾਇਰਜ਼ ਨੂੰ ਉੱਚੀਆਂ ਉਜਰਤ ਦਰਾਂ 'ਤੇ ਕਾਮੇ ਰੱਖਣੇ ਹੋਣਗੇ। ਮਾਰਕ ਮਿਲਰ ਦਾ ਕਹਿਣਾ ਸੀ ਕਿ ਟੈਂਪਰੇਰੀ ਵੀਜ਼ਾ 'ਤੇ ਆਏ ਪਰ ਸਮੇਂ ਸਿਰ ਵਾਪਸੀ ਨਾ ਕਰਨ ਵਾਲੇ ਵਿਅਕਤੀਆਂ ਨੂੰ ਆਉਂਦੇ ਕੁਝ ਮਹੀਨਿਆਂ ਦੌਰਾਨ ਵੱਡੀ ਗਿਣਤੀ ਵਿਚ ਡਿਪੋਰਟ ਕੀਤਾ ਜਾ ਸਕਦਾ ਹੈ।

ਮੰਨਿਆ ਜਾ ਰਿਹਾ ਹੈ ਕਿ ਡਿਪੋਰਟ ਕੀਤੇ ਜਾਣ ਵਾਲੇ ਪਰਵਾਸੀਆਂ ਵਿਚੋਂ ਜ਼ਿਆਦਾਤਰ ਉਹ ਲੋਕ ਹੋ ਸਕਦੇ ਹਨ ਜਿਨ੍ਹਾਂ ਨੂੰ ਪਿਛਲੇ ਅੱਠ ਸਾਲ ਦੌਰਾਨ ਦੇਸ਼ ਛੱਡਣ ਦੇ ਹੁਕਮ ਦਿੱਤੇ ਗਏ ਪਰ ਉਹ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅਫ਼ਸਰਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦਿਆਂ ਆਪਣਾ ਟਿਕਾਣਾ ਹੀ ਬਦਲ ਰਹੇ ਹਨ।

ਗ੍ਰੇਟਰ ਵੈਨਕੂਵਰ ਬੋਰਡ ਆਫ਼ ਟਰੇਡ ਵੱਲੋਂ ਕਰਵਾਏ ਸਮਾਗਮ ਵਿਚ ਪੁੱਜੇ ਇਮੀਗ੍ਰੇਸ਼ਨ ਮੰਤਰੀ ਨੇ ਅੱਗੇ ਕਿਹਾ ਕਿ ਰੁਜ਼ਗਾਰਦਾਤਾਵਾਂ ਅਤੇ ਕਾਮਿਆਂ ਦਰਮਿਆਨ ਸਭ ਤੋਂ ਮਾੜੇ ਸਬੰਧ ਦੇਖਣੇ ਹੋਣ ਤਾਂ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਸ਼੍ਰੇਣੀ ਵਿਚ ਦੇਖੇ ਜਾ ਸਕਦੇ ਹਨ ਜਿੱਥੇ ਕਿਰਤੀਆਂ ਦਾ ਵੱਡੇ ਪੱਧਰ 'ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਖੇਤੀ ਸੈਕਟਰ ਅਤੇ ਫੂਡ ਪ੍ਰੋਸੈਸਿੰਗ ਵਿਚ ਤਾਂ ਆਰਜ਼ੀ ਵਿਦੇਸ਼ੀ ਕਾਮਿਆਂ ਨੂੰ ਬਣਦਾ ਮਿਹਨਤਾਨਾ ਵੀ ਨਹੀਂ ਮਿਲਦਾ ਪਰ ਫੈਡਰਲ ਸਰਕਾਰ ਵੱਲੋਂ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਅਥਾਹ ਆਮਦ 'ਤੇ ਰੋਕ ਲਾ ਦਿੱਤੀ ਗਈ ਹੈ ਅਤੇ ਹੁਣ ਸਸਤੇ ਵਿਦੇਸ਼ੀ ਮਜ਼ਦੂਰ ਮਿਲਣ ਵਾਲਾ ਦੌਰ ਲੰਘ ਚੁੱਕਾ ਹੈ।



ਮਾਰਕ ਮਿਲਰ ਨੇ ਦੱਸਿਆ ਕਿ ਨਵੇਂ ਵਰ੍ਹੇ ਵਿਚ ਦਾਖਲ ਹੁੰਦਿਆਂ ਹਾਲਾਤ ਹੋਰ ਬਿਹਤਰ ਹੋਣਗੇ ਅਤੇ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਗਿਣਤੀ ਹੋਰ ਘਟ ਜਾਵੇਗੀ। ਉਨ੍ਹਾਂ ਦਲੀਲ ਦਿੱਤੀ ਕਿ ਕੈਨੇਡਾ ਵਿਚ ਮੌਜੂਦ ਕਿਰਤੀਆਂ ਨੂੰ ਪੀਆਰ ਦੇਣ ਵੱਲ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਅਤੇ ਵਿਦੇਸ਼ਾਂ ਤੋਂ ਕਿਰਤੀ ਸੱਦਣ ਦਾ ਰੁਝਾਨ ਘਟਾਇਆ ਗਿਆ ਹੈ।

ਆਰਜ਼ੀ ਵੀਜ਼ਾ ਉਤੇ ਆਏ ਲੋਕਾਂ ਦਾ ਜ਼ਿਕਰ ਕਰਦਿਆਂ ਇਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਵੱਡੀ ਗਿਣਤੀ ਵਿਚ ਲੋਕ ਵੀਜ਼ਾ ਮਿਆਦ ਲੰਘਣ ਤੋਂ ਬਾਅਦ ਵੀ ਵਾਪਸੀ ਨਹੀਂ ਕਰਦੇ ਅਤੇ ਇਸ ਤਰੀਕੇ ਨਾਲ ਉਹ ਕਾਨੂੰਨ ਤੋੜ ਰਹੇ ਹੁੰਦੇ ਹਨ। ਦੱਸ ਦਈਏ ਕਿ ਗਲੋਬਲ ਨਿਊਜ਼ ਵੱਲੋਂ ਪ੍ਰਕਾਸ਼ਿਤ ਇਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਕਿ ਅਪਰਾਧਿਕ ਸਰਗਰਮੀਆਂ ਵਿਚ ਸ਼ਾਮਲ ਪਰਵਾਸੀਆਂ ਨੂੰ ਡਿਪੋਰਟ ਕਰਨ ਦੇ ਹੁਕਮ ਤਾਂ ਜਾਰੀ ਹੋਏ ਪਰ 2018 ਤੱਕ 1,200 ਲੋਕ ਕੈਨੇਡਾ ਵਿਚ ਹੀ ਮੌਜੂਦ ਸਨ।

ਉੱਧਰ ਅਮਰੀਕਾ ਚੋਣਾਂ ਵਿਚ ਡੋਨਲਡ ਟਰੰਪ ਦੀ ਜਿੱਤ ਮਗਰੋਂ ਪੈਦਾ ਹੋਏ ਹਾਲਾਤ ਬਾਰੇ ਮਾਰਕ ਮਿਲਰ ਨੇ ਕਿਹਾ ਕਿ ਉਹ ਟੌਮ ਹੋਮੈਨ ਨਾਲ ਸਿੱਧੀ ਗੱਲਬਾਤ ਕਰਨਾ ਚਾਹੁਣਗੇ। ਬਿਨਾਂ ਸ਼ੱਕ ਗੱਲਬਾਤ ਦਾ ਰਾਹ ਸੁਖਾਲਾ ਨਹੀਂ ਹੋਵੇਗਾ ਪਰ ਕੈਨੇਡਾ ਉਮੀਦ ਕਰਦਾ ਹੈ ਕਿ ਨਵੀਂ ਅਮਰੀਕੀ ਸਰਕਾਰ ਸੇਫ਼ ਥਰਡ ਕੰਟਰੀ ਐਗਰੀਮੈਂਟ ਦੀ ਪਾਲਣਾ ਯਕੀਨੀ ਬਣਾਵੇਗੀ।

### ਆਰਜ਼ੀ ਪਰਵਾਸੀ ਕਾਮਿਆਂ ਦੀ ਗਿਣਤੀ ਹੋਰ ਘਟੇਗੀ: ਮਿਲਰ

**ਵਿਨੀਪੈਗ:** ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਦੱਸਿਆ ਕਿ ਨਵੇਂ ਵਰ੍ਹੇ ਵਿਚ ਦਾਖ਼ਲ ਹੁੰਦਿਆਂ ਹਾਲਾਤ ਬਿਹਤਰ ਹੋਣਗੇ ਅਤੇ ਆਰਜ਼ੀ ਪਰਵਾਸੀ ਕਾਮਿਆਂ ਦੀ ਗਿਣਤੀ ਹੋਰ ਘੱਟ ਜਾਵੇਗੀ। ਉਨ੍ਹਾਂ ਦਲੀਲ ਦਿੱਤੀ ਕਿ ਕੈਨੇਡਾ ਵਿਚ ਮੌਜੂਦ ਕਿਰਤੀਆਂ ਨੂੰ ਪੀਆਰ ਦੇਣ ਵੱਲ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਅਤੇ ਵਿਦੇਸ਼ਾਂ ਤੋਂ ਕਿਰਤੀ ਸੱਦਣ ਦਾ ਰੁਝਾਨ ਘਟਿਆ ਹੈ। ਇਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਵੱਡੀ ਗਿਣਤੀ ਲੋਕ ਵੀਜ਼ਾ ਦੀ ਮਿਆਦ ਲੰਘਣ ਤੋਂ ਬਾਅਦ ਵੀ ਵਾਪਸੀ ਨਹੀਂ ਕਰਦੇ ਅਤੇ ਇਸ ਤਰੀਕੇ ਨਾਲ ਉਹ ਕਾਨੂੰਨ ਤੋੜ ਰਹੇ ਹੁੰਦੇ ਹਨ।

# ਕਿਸਾਨ ਜਥੇਬੰਦੀਆਂ ਵੱਲੋਂ ਸੰਘਰਸ਼ ਹੋਰ ਤਿੱਖਾ ਕਰਨ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਦੀਆਂ ਹੱਦਾਂ 'ਤੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਦੇ ਹੱਕ 'ਚ ਪਿਛਲੇ ਨੌਂ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਕਿਸਾਨ ਮਜ਼ਦੂਰ ਮੋਰਚਾ ਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਨੇ ਅੰਦੋਲਨ ਨੂੰ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ ਹੈ।

ਮੋਰਚੇ ਦੇ ਆਗੂ ਸਰਵਣ ਸਿੰਘ ਪੰਧੇਰ ਤੇ ਜਗਜੀਤ ਸਿੰਘ ਡੱਲੇਵਾਲ ਸਣੇ ਹੋਰਨਾਂ ਕਿਸਾਨ ਆਗੂਆਂ ਨੇ ਕਿਹਾ ਕਿ ਦੋਵਾਂ ਸਰਕਾਰਾਂ ਦੀ ਅਣਦੇਖੀ ਦਾ ਸ਼ਿਕਾਰ ਕਿਸਾਨਾਂ ਤੇ ਮਜ਼ਦੂਰਾਂ ਨੂੰ ਹੋਣਾ ਪੈ ਰਿਹਾ ਹੈ। ਇਸੇ ਕਰਕੇ ਪੰਜਾਬ ਦੀਆਂ ਮੰਡੀਆਂ ਵਿਚ ਝੋਨੇ ਦੀ ਖ਼ਰੀਦ ਦਾ ਕੰਮ ਪਛੜ ਜਾਣ ਕਰਕੇ ਕਣਕ ਦੀ ਬਿਜਾਈ ਦੇਰੀ ਨਾਲ ਹੋ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਸੂਬਾ ਸਰਕਾਰ ਕਣਕ ਦੀ ਬਿਜਾਈ ਤੋਂ ਪਹਿਲਾਂ ਹੀ ਕਿਸਾਨਾਂ ਲਈ ਬੋਨਸ ਜਾਂ ਵਿਸ਼ੇਸ਼ ਪੈਕੇਜ ਦਾ ਐਲਾਨ ਕਰੇ।

ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਦਿੱਲੀ ਵਿਚ ਅੰਦੋਲਨ ਖਤਮ ਕਰਨ ਸਮੇਂ ਕਿਸਾਨਾਂ ਦੀਆਂ ਮੰਗਾਂ ਨੂੰ ਲਿਖਤੀ ਤੌਰ 'ਤੇ ਮੰਨਿਆ ਸੀ, ਪਰ ਹਾਲੇ ਤੱਕ ਮੰਗਾਂ ਪੂਰੀਆਂ ਨਹੀਂ ਕੀਤੀਆਂ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੀ ਕਿਸਾਨਾਂ ਨੂੰ ਲੋੜੀਂਦਾ ਡੀ.ਏ.ਪੀ. ਮੁਹੱਈਆ ਕਰਵਾਉਣ ਵਿਚ ਨਾਕਾਮ ਰਹਿ ਰਹੀ ਹੈ। ਕਿਸਾਨ ਆਗੂਆਂ ਨੇ ਕਿਹਾ



ਕਿ ਕੇਂਦਰ ਸਰਕਾਰ ਦੀ ਅਣਦੇਖੀ ਵਿਰੁੱਧ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ 26 ਨਵੰਬਰ ਤੋਂ ਖਨੌਰੀ ਬਾਰਡਰ 'ਤੇ ਚੱਲ ਰਹੇ ਮੋਰਚੇ ਵਿਚ ਮਰਨ ਵਰਤ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕੇਂਦਰ ਸਰਕਾਰ ਅੰਦੋਲਨ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਠੋਸ ਕਦਮ ਨਹੀਂ ਚੁੱਕਦੀ ਹੈ, ਉੱਦੋਂ ਤੱਕ ਮਰਨ ਵਰਤ ਜਾਰੀ ਰਹੇਗਾ।

ਕੇਂਦਰ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਖ਼ਿਲਾਫ਼ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਸੂਬਾਈ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ 26 ਨਵੰਬਰ ਤੋਂ ਮਰਨ ਵਰਤ 'ਤੇ ਬੈਠ ਰਹੇ ਹਨ। ਕਿਸਾਨ ਨੇਤਾਵਾਂ ਅਤੇ ਖਾਸ ਕਰਕੇ ਖੁਦ ਜਗਜੀਤ ਸਿੰਘ ਡੱਲੇਵਾਲ ਦਾ ਕਹਿਣਾ ਸੀ ਕਿ ਇਸ ਦੌਰਾਨ ਜੇ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ ਤਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਤੇ ਸਾਥੀ ਕਿਸਾਨ ਉਨ੍ਹਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ ਨਹੀਂ ਕਰਨਗੇ ਤੇ ਉਸ ਤੋਂ ਬਾਅਦ ਅਗਲਾ ਆਗੂ ਮਰਨ ਵਰਤ 'ਤੇ ਬੈਠੇਗਾ। ਇਸ ਤਰ੍ਹਾਂ ਮਰਨ ਵਰਤਾਂ ਦੀ ਇਹ ਲੜੀ ਉਦੋਂ ਤੱਕ ਚੱਲਦੀ ਰਹੇਗੀ, ਜਦ ਤੱਕ ਸਰਕਾਰ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਪ੍ਰਵਾਨ ਨਹੀਂ ਕਰ ਲੈਂਦੀ। ਜ਼ਿਕਰਯੋਗ ਹੈ ਕਿ ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਕਿਸਾਨ ਮੋਰਚੇ ਦੌਰਾਨ ਪ੍ਰਵਾਨ ਕੀਤੀਆਂ ਗਈਆਂ ਮੰਗਾਂ ਨੂੰ ਲਾਗੂ ਕਰਵਾਉਣ ਦੇ ਮਨੋਰਥ ਨਾਲ ਜਦੋਂ ਸੰਯੁਕਤ ਕਿਸਾਨ ਮੋਰਚਾ ਗੈਰ ਸਿਆਸੀ ਅਤੇ ਕਿਸਾਨ ਮਜ਼ਦੂਰ ਮੋਰਚੇ ਦੀ ਅਗਵਾਈ ਹੇਠ ਕਿਸਾਨ ਦਿੱਲੀ ਨੂੰ ਜਾ ਰਹੇ ਸਨ ਤਾਂ ਹਰਿਆਣਾ ਸਰਕਾਰ ਵੱਲੋਂ ਸ਼ੰਭੂ ਅਤੇ ਢਾਬੀਗੁੱਜਰਾਂ ਬਾਰਡਰਾਂ 'ਤੇ ਜ਼ਬਰਦਸਤ ਬੈਰੀਕੇਡਿੰਗ ਕਰਕੇ ਕਿਸਾਨਾਂ ਨੂੰ ਅਗਾਂਹ ਵਧਣ ਤੋਂ ਰੋਕ ਲਿਆ ਗਿਆ। ਇਸ ਤਰ੍ਹਾਂ ਇਨ੍ਹਾਂ ਦੋਵਾਂ ਬਾਰਡਰਾਂ ਸਣੇ ਕੁਝ ਹੋਰ ਬਾਰਡਰਾਂ 'ਤੇ ਵੀ ਕਿਸਾਨ 13 ਫਰਵਰੀ 2024 ਤੋਂ ਪੱਕੇ ਹੀ ਡੇਰੇ ਲਾਈ ਬੈਠੇ ਹਨ।

## ਸਰਕਾਰ ਨੇ ਕਿਸਾਨਾਂ ਤੇ ਪਾਣੀਆਂ ਦੇ ਮਸਲੇ ਵਿਸਾਰੇ: ਰਾਜੇਵਾਲ

**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨਾਂ ਦੀਆਂ ਮੰਗਾਂ, ਪੰਜਾਬ ਦੇ ਮਸਲਿਆਂ ਤੇ ਚੰਡੀਗੜ੍ਹ 'ਤੇ ਪੰਜਾਬ ਦੇ ਹੱਕ ਨੂੰ ਲੈ ਕੇ ਦਸੰਬਰ ਮਹੀਨੇ ਵਿਚ ਰਾਜਧਾਨੀ ਚੰਡੀਗੜ੍ਹ ਵਿਚ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਹ ਗੱਲ ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ.) ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਇੱਥੇ ਕਿਸਾਨ ਭਵਨ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪਹਿਲਾਂ ਹੀ ਕਿਸਾਨਾਂ ਨਾਲ ਧੱਕਾ ਕੀਤਾ ਜਾਂਦਾ ਰਿਹਾ ਹੈ ਅਤੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਤੇ ਪੰਜਾਬ ਦੇ ਮੁੱਦਿਆਂ ਨੂੰ ਸ਼ੁਰੂ ਤੋਂ ਨਜ਼ਰ-ਅੰਦਾਜ਼ ਕੀਤਾ ਗਿਆ ਹੈ। ਸ੍ਰੀ ਰਾਜੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਹਮੇਸ਼ਾ ਹੀ ਪੰਜਾਬ ਨਾਲ ਧੱਕਾ ਕੀਤਾ ਜਾਂਦਾ ਹੈ। ਇਸੇ ਕਰਕੇ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਵਿਚ ਸੈਨੇਟ ਚੋਣਾਂ ਨਹੀਂ ਕਰਵਾਈਆਂ ਜਾ ਰਹੀਆਂ ਹਨ। ਹੁਣ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਦੀ ਇਮਾਰਤ ਬਣਾਉਣ ਲਈ 10 ਏਕੜ ਜ਼ਮੀਨ ਦੇਣ ਦਾ ਫੈਸਲਾ ਕਰ ਲਿਆ ਹੈ।

# ਪਿੰਡ ਸਰਾਭਾ ਨੂੰ ਸੈਰ-ਸਪਾਟਾ ਨਕਸ਼ੇ 'ਤੇ ਲਿਆਵਾਂਗੇ: ਸੌਂਦ

**ਗੁਰੂਸਰ ਸੁਧਾਰ:** ਪਿੰਡ ਸਰਾਭਾ ਵਿਚ ਗ਼ਦਰ ਲਹਿਰ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਮੌਕੇ ਸੂਬਾ ਪੱਧਰੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਸਭ ਤੋਂ ਛੋਟੀ ਉਮਰੇ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਸਾਥੀ ਦੇਸ਼ ਦੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹਨ।

ਇਸ ਦੌਰਾਨ ਕੈਬਨਿਟ ਮੰਤਰੀ ਨੇ ਕਰਤਾਰ ਸਿੰਘ ਸਰਾਭਾ ਤੋਂ ਇਲਾਵਾ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ, ਸ਼ਹੀਦ ਜਗਤ ਸਿੰਘ ਸੁਰ ਸਿੰਘ, ਸ਼ਹੀਦ ਹਰਨਾਮ ਸਿੰਘ ਸਿਆਲਕੋਟੀ, ਸ਼ਹੀਦ ਬਖ਼ਸ਼ੀਸ਼ ਸਿੰਘ, ਸ਼ਹੀਦ ਸੁਰੈਣ ਸਿੰਘ (ਵੱਡਾ) ਅਤੇ ਸ਼ਹੀਦ ਸੁਰੈਣ ਸਿੰਘ (ਛੋਟਾ) ਨੂੰ ਵੀ ਸ਼ਰਧਾਂਜਲੀਆਂ ਭੇਟ ਕੀਤੀਆਂ। ਕੈਬਨਿਟ ਮੰਤਰੀ ਸ੍ਰੀ ਸੌਂਦ ਨੇ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ 19 ਸਾਲ ਦੀ ਉਮਰ 'ਚ ਦੇਸ਼ ਲਈ ਆਪਣੀ ਜਾਨ ਕੁਰਬਾਨ



ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਮਹਾਨ ਸ਼ਹੀਦ ਨੇ ਦੇਸ਼ ਨੂੰ ਵਿਦੇਸ਼ੀ ਸਾਮਰਾਜਵਾਦ ਦੇ ਚੁੰਗਲ ਤੋਂ ਮੁਕਤ ਕਰਵਾਉਣ ਲਈ ਅਹਿਮ ਭੂਮਿਕਾ ਨਿਭਾਈ ਅਤੇ ਗ਼ਦਰ ਪਾਰਟੀ ਦੇ ਸਰਗਰਮ ਆਗੂ ਵਜੋਂ ਪਹਿਲਾਂ ਵਿਦੇਸ਼ ਅਤੇ ਫਿਰ ਭਾਰਤ 'ਚ ਆਜ਼ਾਦੀ ਸੰਘਰਸ਼ ਲਈ ਅਣਥੱਕ ਮਿਹਨਤ ਕੀਤੀ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਘਰ ਅਤੇ ਪਿੰਡ ਦੇ ਮੁੱਖ ਚੌਕ ਵਿਚ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਕੈਬਨਿਟ ਮੰਤਰੀ ਸ੍ਰੀ ਸੌਂਦ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਪਿੰਡ ਨੂੰ ਸੂਬੇ ਦੇ ਸੈਰ ਸਪਾਟਾ ਨਕਸ਼ੇ 'ਤੇ ਲਿਆਉਣ ਦਾ ਵੀ ਐਲਾਨ ਕੀਤਾ। ਉਨ੍ਹਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਲਈ 10 ਲੱਖ ਰੁਪਏ, ਪਿੰਡ ਸਰਾਭਾ ਦੀ ਸਰਬਸੰਮਤੀ ਨਾਲ ਚੁਣੀ ਗਈ ਪੰਚਾਇਤ ਲਈ 5 ਲੱਖ ਰੁਪਏ ਤੋਂ ਇਲਾਵਾ ਮਹਾਨ ਆਜ਼ਾਦੀ ਘੁਲਾਟੀਏ ਸ਼ਹੀਦ ਸਰਾਭਾ ਦੇ ਜੱਦੀ ਘਰ ਦੀ ਮੁਰੰਮਤ ਤੇ ਪਿੰਡ ਦੇ ਵਿਕਾਸ ਲਈ ਵਾਧੂ ਫੰਡ ਦੇਣ ਦਾ ਐਲਾਨ ਕੀਤਾ।

# ਲੁਧਿਆਣਾ ਨੇੜੇ ਅਤਿ-ਆਧੁਨਿਕ ਸੁਰੱਖਿਆ ਜੇਲ੍ਹ ਬਣੇਗੀ: ਭੁੱਲਰ

**ਕਪੂਰਥਲਾ:** ਪੰਜਾਬ ਦੇ ਜੇਲ੍ਹਾਂ ਬਾਰੇ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਆਖਿਆ ਹੈ ਕਿ 100 ਕਰੋੜ ਰੁਪਏ ਨਾਲ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਗੋਰਸੀਆਂ ਕਾਦਰ ਬਖ਼ਸ਼ ਵਿਚ ਅਤਿ-ਆਧੁਨਿਕ ਸੁਰੱਖਿਆ ਜੇਲ੍ਹ ਬਣਾਈ ਜਾ ਰਹੀ ਹੈ, ਜੋ ਅਗਲੇ ਸਾਲ ਤੱਕ ਮੁਕੰਮਲ ਹੋ ਜਾਵੇਗੀ। ਇਨ-ਸਰਵਿਸ ਟ੍ਰੇਨਿੰਗ ਸੈਂਟਰ ਕਪੂਰਥਲਾ ਵਿਚ ਪੰਜਾਬ ਜੇਲ੍ਹ ਵਿਭਾਗ ਦੇ 173 ਵਾਰਡਨਾਂ ਤੇ 6 ਮੈਟਰਨਾਂ ਦੀ ਪਾਸਿੰਗ ਆਊਟ ਪਰੇਡ ਮੌਕੇ ਸੰਬੋਧਨ ਕਰਦਿਆਂ ਭੁੱਲਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੇਲ੍ਹਾਂ ਦੀ ਸੁਰੱਖਿਆ ਦੇ ਨਾਲ ਨਾਲ ਬੰਦੀਆਂ ਨੂੰ ਜੇਲ੍ਹਾਂ 'ਚ ਰੁਜ਼ਗਾਰ ਦੇ ਕੇ ਉਨ੍ਹਾਂ ਨੂੰ ਸਮਾਜ ਦੀ ਆਰਥਿਕ ਤਰੱਕੀ 'ਚ ਭਾਗੀਦਾਰ ਬਣਾਉਣ ਲਈ ਕਈ ਕਦਮ ਚੁੱਕੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 13 ਜੇਲ੍ਹਾਂ 'ਚ ਮੋਬਾਈਲ ਫੋਨਾਂ ਦੀ ਵਰਤੋਂ ਰੋਕਣ ਲਈ ਜੈਮਰ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜੇਲ੍ਹਾਂ 'ਚ ਬੰਦੀਆਂ ਨੂੰ ਨਵੇਂ ਕਿੱਤਾਮੁਖੀ ਕੋਰਸ ਕਰਵਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।



ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਵੱਲੋਂ ਪਰੇਡ ਦਾ ਨਿਰੀਖਣ ਵੀ ਕੀਤਾ ਗਿਆ ਹੈ। ਉਨ੍ਹਾਂ ਸਿਖਲਾਈ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਕੈਡੇਟਾਂ ਦਾ ਸਨਮਾਨ ਕੀਤਾ।

# ਸ਼ੰਭੂ ਮੋਰਚੇ 'ਤੇ ਪਹਿਲੀ ਪਾਤਸ਼ਾਹੀ ਦਾ ਪ੍ਰਕਾਸ਼ ਪੁਰਬ ਮਨਾਇਆ

**ਪਟਿਆਲਾ:** ਕਿਸਾਨ-ਮਜ਼ਦੂਰ ਜਥੇਬੰਦੀਆਂ ਵੱਲੋਂ 13 ਫਰਵਰੀ ਤੋਂ ਕਿਸਾਨ ਤੇ ਮਜ਼ਦੂਰ ਮੰਗਾਂ ਦੀ ਪ੍ਰਾਪਤੀ ਲਈ ਸ਼ੰਭੂ, ਖਨੌਰੀ ਅਤੇ ਰਤਨਪੁਰਾ ਬਾਰਡਰਾਂ 'ਤੇ ਸੰਘਰਸ਼ ਜਾਰੀ ਹੈ। ਇਨ੍ਹਾਂ ਥਾਵਾਂ 'ਤੇ ਗੁਰੂ ਨਾਨਕ ਦੇਵ ਦਾ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ ਗਿਆ।

ਇਸ ਮੌਕੇ ਅੰਦੋਲਨ ਦੇ ਸੀਨੀਅਰ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ



ਕਿ ਲੋਕਾਈ ਨੂੰ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ ਕ੍ਰਾਂਤੀਕਾਰੀ ਸੁਨੇਹਾ ਦੇਣ ਵਾਲੇ ਗੁਰੂ ਜੀ ਨੇ ਉਸ ਵੇਲੇ ਦੇ ਜ਼ਾਲਮ ਹਾਕਮਾਂ ਅਤੇ ਧਰਮ ਦੇ ਨਾਂ ਉੱਤੇ ਆਮ ਲੋਕਾਂ ਦੀ ਲੁੱਟ ਕਰਨ ਵਾਲਿਆਂ ਦਾ ਵਿਰੋਧ ਕੀਤਾ ਸੀ। ਸ਼ੰਭੂ ਬਾਰਡਰ 'ਤੇ ਵੱਡੀ ਗਿਣਤੀ ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ ਵੱਲੋਂ ਗੁਰੂ ਸਾਹਿਬਾਨ ਦੀਆਂ ਸਿੱਖਿਆ 'ਤੇ ਚੱਲ ਕੇ ਮੌਜੂਦਾ ਸਮੇਂ ਸਰਕਾਰਾਂ ਦੇ ਜ਼ੁਲਮ ਅਤੇ ਲੁੱਟ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਦਾ ਅਹਿਦ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਵੱਡੇ ਪੱਧਰ 'ਤੇ ਦੇਸ਼ ਭਰ ਵਿਚ ਗੁਰਪੁਰਬ ਮਨਾਇਆ ਜਾ ਰਿਹਾ ਹੈ ਪਰ ਇਸ ਦੇ ਨਾਲ ਹੀ ਲੋਕਾਂ ਨੂੰ ਅਪੀਲ ਹੈ ਕਿ ਕਿਸਾਨ ਹੱਕਾਂ ਦੇ ਸੰਘਰਸ਼ ਲਈ ਲਾਮਬੰਦੀ ਕੀਤੀ ਜਾਵੇ ਅਤੇ ਆਉਂਦੇ ਦਿਨਾਂ ਵਿਚ ਕੀਤੇ ਜਾ ਰਹੇ ਵੱਡੇ ਐਲਾਨਾਂ ਨੂੰ ਲਾਗੂ ਕਰਨ ਲਈ ਤਿਆਰੀਆਂ ਕੀਤੀਆਂ ਜਾਣ।

## ਭਾਜਪਾ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਅਸਤੀਫਾ ਦੇਣ ਦੀ ਗੱਲ ਕਬੂਲੀ



**ਚੰਡੀਗੜ੍ਹ:** ਪੰਜਾਬ ਭਾਜਪਾ ਨੂੰ ਸੂਬੇ ਦੀਆਂ ਚਾਰ ਜ਼ਿਮਨੀ ਚੋਣਾਂ ਤੋਂ ਪਹਿਲਾਂ ਵੱਡਾ ਝਟਕਾ ਲੱਗਿਆ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਆਪਣੇ ਅਸਤੀਫ਼ੇ ਦੇ ਗੱਲ ਕਬੂਲ ਲਈ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ 2024 ਵਿਚ ਖਰਾਬ ਪ੍ਰਦਰਸ਼ਨ ਦੇ ਚਲਦਿਆਂ ਨੈਤਿਕਤਾ ਦੇ ਆਧਾਰ 'ਤੇ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਸ੍ਰੀ ਜਾਖੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੋਕ ਸਭਾ ਚੋਣਾਂ ਵਿਚ ਭਾਵੇਂ ਭਾਜਪਾ ਦਾ ਵੋਟ ਬੈਂਕ 6 ਫ਼ੀਸਦ ਤੋਂ ਵਧ ਕੇ 18 ਫ਼ੀਸਦ 'ਤੇ ਪਹੁੰਚ ਗਿਆ ਸੀ, ਪਰ ਭਾਜਪਾ ਇਕ ਵੀ ਸੀਟ ਜਿੱਤਣ ਵਿਚ ਨਾਕਾਮ ਰਹੀ ਸੀ। ਅਜਿਹੇ ਹਾਲਾਤ ਵਿਚ ਹਾਰ ਦੀ ਜ਼ਿੰਮੇਵਾਰੀ ਪ੍ਰਧਾਨ ਦੀ ਬਣਦੀ ਹੈ। ਇਸੇ ਕਰਕੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੌਮੀ ਪ੍ਰਧਾਨ ਜੇਪੀ ਨੱਢਾ ਨੂੰ ਮਿਲ ਕੇ ਅਹੁਦੇ ਤੋਂ ਹਟਾਉਣ ਦੀ ਪੇਸ਼ਕਸ਼ ਕੀਤੀ ਸੀ।

# ਪੰਜਾਬ 'ਚ ਹਵਾ ਪ੍ਰਦੂਸ਼ਣ ਤੇ ਧੁੰਦ ਕਾਰਨ ਹਾਲਾਤ ਵਿਗੜੇ

**ਚੰਡੀਗੜ੍ਹ:** ਪੰਜਾਬ ਵਿਚ ਕਈ ਦਿਨਾਂ ਤੋਂ ਵਧੇ ਹਵਾ ਪ੍ਰਦੂਸ਼ਣ ਦੇ ਨਾਲ ਪੈ ਰਹੀ ਧੁੰਦ ਨੇ ਲੋਕਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਹਵਾ ਪ੍ਰਦੂਸ਼ਣ ਤੇ ਧੁੰਦ ਕਰ ਕੇ ਲੋਕਾਂ ਨੂੰ ਸੜਕਾਂ 'ਤੇ ਦਿਖਣਾ ਬੰਦ ਹੋ ਗਿਆ ਹੈ, ਜਿਸ ਕਰ ਕੇ ਵਾਹਨ ਚਲਾਉਣ ਸਮੇਂ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਵਿਚ ਅੰਮ੍ਰਿਤਸਰ ਸ਼ਹਿਰ ਸਭ ਤੋਂ ਵੱਧ ਪ੍ਰਦੂਸ਼ਿਤ ਰਿਹਾ ਹੈ, ਜਿੱਥੇ ਹਵਾ ਦੀ ਗੁਣਵੱਤਾ ਦਾ ਪੱਧਰ (ਏ.ਕਿਊ.ਆਈ.) 325 ਤੋਂ ਟੱਪ ਗਿਆ। ਅਜਿਹੇ ਹਾਲਾਤ ਵਿਚ ਲੋਕਾਂ ਨੂੰ ਸਾਹ ਲੈਣ ਵਿਚ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਮੁਤਾਬਕ ਪਟਿਆਲਾ ਦਾ ਏ.ਕਿਊ.ਆਈ. 235, ਮੰਡੀ ਗੋਬਿੰਦਗੜ੍ਹ ਦਾ 224, ਲੁਧਿਆਣਾ ਦਾ 218, ਜਲੰਧਰ ਦਾ 217, ਖੰਨਾ ਦਾ 179 ਅਤੇ ਰੂਪਨਗਰ ਦਾ ਏ.ਕਿਊ.ਆਈ. 155 ਦਰਜ ਕੀਤਾ



ਗਿਆ। ਹਾਲਾਂਕਿ, ਪੰਜਾਬ ਦੀ ਹਵਾ ਹਰਿਆਣਾ ਨਾਲੋਂ ਵਧੇਰੇ ਸਾਫ਼ ਦਰਜ ਕੀਤੀ ਗਈ। ਹਰਿਆਣਾ ਵਿਚ ਹਵਾ ਦੀ ਗੁਣਵੱਤਾ ਦਾ ਪੱਧਰ ਬਹੁਤ ਖ਼ਰਾਬ ਦਰਜ ਕੀਤਾ ਗਿਆ। ਉੱਧਰ, ਸ਼ਾਮ ਸਮੇਂ ਅੰਮ੍ਰਿਤਸਰ ਵਿਚ ਮੀਂਹ ਪਿਆ। ਇਸੇ ਦੌਰਾਨ ਮੌਸਮ ਵਿਭਾਗ ਨੇ ਗੁਰਦਾਸਪੁਰ, ਹੁਸ਼ਿਆਰਪੁਰ, ਪਠਾਨਕੋਟ ਤੇ ਆਲੇ-ਦੁਆਲੇ ਦੇ ਹੋਰ ਇਲਾਕਿਆਂ ਵਿਚ ਵੀ ਰਾਤ ਸਮੇਂ ਕਿਣ-ਮਿਣ ਹੋਣ ਦੀ ਪੇਸ਼ੀਨਗੋਈ ਕੀਤੀ ਹੈ। ਇਸ ਲਈ ਮੌਸਮ ਵਿਗਿਆਨੀਆਂ ਨੇ ਯੈਲੋ ਅਲਰਟ ਵੀ ਜਾਰੀ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੇ ਅੰਮ੍ਰਿਤਸਰ, ਜਲੰਧਰ, ਬਠਿੰਡਾ ਸਣੇ ਹੋਰਨਾਂ ਕਈ ਸ਼ਹਿਰਾਂ ਵਿਚ ਸਵੇਰ ਸਮੇਂ ਦੇਖਣ ਦੀ ਹੱਦ ਬਹੁਤ ਘਟ ਸੀ, ਜਿਸ ਕਰ ਕੇ ਲੋਕਾਂ ਨੂੰ ਵਾਹਨ ਚਲਾਉਣ ਸਮੇਂ ਵਧੇਰੇ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਪ੍ਰਾਪਤ ਜਾਣਕਾਰੀ ਅਨੁਸਾਰ ਹਰਿਆਣਾ ਦੇ ਜੀਂਦ ਵਿਚ ਏ.ਕਿਊ.ਆਈ. 401 'ਤੇ ਪਹੁੰਚ ਗਿਆ। ਇਸ ਤੋਂ ਇਲਾਵਾ ਭਿਵਾਨੀ ਵਿਚ 392, ਬਹਾਦਰਗੜ੍ਹ ਵਿਚ 383, ਪਾਣੀਪਤ ਵਿਚ 357, ਕੈਥਲ ਵਿਚ 321, ਰੋਹਤਕ ਵਿਚ 309, ਚਰਖੀ ਦਾਦਰੀ ਵਿਚ 297, ਗੁਰੂਗ੍ਰਾਮ ਵਿਚ 297, ਕੁਰੂਕਸ਼ੇਤਰ ਵਿਚ 289, ਕਰਨਾਲ ਵਿਚ 285, ਪੰਚਕੂਲਾ ਵਿਚ 227 ਅਤੇ ਅੰਬਾਲਾ ਵਿਚ ਏ.ਕਿਊ.ਆਈ. 209 ਦਰਜ ਕੀਤਾ ਗਿਆ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura

**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਬ੍ਰਿਟਿਸ਼ ਕੋਲੰਬੀਆ ਮੰਤਰੀ ਮੰਡਲ ’ਚ ਪੰਜਾਬੀਆਂ ਦੀ ਝੰਡੀ

**ਵੈਨਕੂਵਰ:** ਪਿਛਲੇ ਮਹੀਨੇ ਬ੍ਰਿਟਿਸ਼ ਕੋਲੰਬੀਆ ਦੀਆਂ ਵਿਧਾਨ ਸਭਾ ਚੋਣਾਂ ‘ਚ ਕੁਝ ਹਲਕਿਆਂ ਵਿਚ ਜਿੱਤ ਦਾ ਫ਼ਰਕ 100 ਵੋਟਾਂ ਤੋਂ ਘੱਟ ਹੋਣ ਕਰ ਕੇ ਦੁਬਾਰਾ ਹੋਈ ਗਿਣਤੀ ਤੋਂ ਬਾਅਦ ਐਲਾਨੇ ਗਏ ਅੰਤਿਮ ਨਤੀਜਿਆਂ ਵਿਚ ਫਿਰ ਤੋਂ ਸੱਤਾ ਵਿਚ ਆਈ ਨਿਊ ਡੈਮੋਕਰੈਟਿਕ ਪਾਰਟੀ ਦੇ ਆਗੂ ਡੇਵਿਡ ਈਬੀ ਨੇ ਆਪਣੇ ਮੰਤਰੀ ਮੰਡਲ ਦਾ ਐਲਾਨ ਕਰਦੇ ਹੋਏ ਮੰਤਰੀਆਂ ਨੂੰ ਵਿਭਾਗਾਂ ਦੀ ਵੰਡ ਵੀ ਕਰ ਦਿੱਤੀ ਹੈ।

ਪਹਿਲੀ ਵਾਰ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹੀ ਨਿੱਕੀ ਸ਼ਰਮਾ ਨੂੰ ਉਪ ਮੁੱਖ ਮੰਤਰੀ ਅਤੇ ਅਟਾਰਨੀ ਜਨਰਲ ਬਣਾਇਆ ਗਿਆ ਹੈ। ਸੱਤਵੀਂ ਵਾਰ ਜੇਤੂ ਰਹੇ ਜਗਰੂਪ ਬਰਾੜ ਨੂੰ ਪਹਿਲੀ ਵਾਰ ਮੰਤਰੀ ਬਣਾ ਕੇ ਖਾਣਾਂ ਅਤੇ ਖਣਿਜ ਦੇ ਵਿਭਾਗ ਸੌਂਪੇ ਗਏ ਹਨ। ਰਵੀ ਪਰਮਾਰ ਜੰਗਲਾਤ ਮੰਤਰੀ ਹੋਣਗੇ। ਰਵੀ ਕਾਹਲੋਂ ਨੂੰ ਪਹਿਲੇ ਵਿਭਾਗ ਹਾਊਸਿੰਗ ਦੇ ਨਾਲ ਹੁਣ ਮਿਊਂਸਿਪਲ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ। ਕੁੱਲ 24 ਮੰਤਰੀਆਂ ਅਤੇ 4 ਰਾਜ ਮੰਤਰੀਆਂ ਦੇ ਨਾਲ ਨਾਲ ਕੁਝ ਪਾਰਲੀਮਾਨੀ ਸਕੱਤਰ ਬਣਾਏ ਗਏ ਹਨ, ਜਿਨ੍ਹਾਂ ਵਿਚ ਜੈਸੀ ਸੁੰਨੜ, ਹਰਵਿੰਦਰ ਸੰਧੂ, ਆਮਨਾ ਸ਼ਾਹ, ਸੁਨੀਤਾ ਧੀਰ ਦੇ ਨਾਮ ਸ਼ਾਮਲ ਹਨ।

ਡੇਵਿਡ ਈਬੀ ਵੱਲੋਂ ਸਾਰੇ ਭਾਈਚਾਰਿਆਂ ਨੂੰ ਉਨ੍ਹਾਂ ਦੀ ਵਿਧਾਨ ਸਭਾ ਵਿਚ ਹੋਂਦ ਨੂੰ ਧਿਆਨ ਵਿਚ ਰੱਖ ਕੇ ਬਣਦਾ ਹਿੱਸਾ ਦਿੱਤਾ ਗਿਆ ਹੈ। ਲਿੰਗਕ ਭੇਦਭਾਵ ਦੀ ਉਂਗਲ ਉੱਠਣ ਦੇ ਮੌਕਿਆਂ ਨੂੰ ਧਿਆਨ ਵਿਚ ਰੱਖਦਿਆਂ ਔਰਤਾਂ ਨੂੰ ਵੀ ਬਰਾਬਰੀ ਨਾਲ ਨਿਵਾਜਿਆ ਹੈ। ਪਿਛਲੇ ਮੰਤਰੀ ਮੰਡਲ ਵਿਚ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ ਕੁਝ ਆਗੂਆਂ ਦੇ ਵਿਭਾਗ ਇਸ ਵਾਰ ਬਦਲ ਦਿੱਤੇ ਗਏ ਹਨ, ਪਰ ਰਵੀ ਕਾਹਲੋਂ ਵਲੋਂ ਹਾਊਸਿੰਗ ਸਮੱਸਿਆਵਾਂ ਪ੍ਰਤੀ ਨਿਭਾਈ ਚੰਗੀ ਜ਼ਿੰਮੇਵਾਰੀ ਕਾਰਨ ਉਨ੍ਹਾਂ ਨੂੰ ਫਿਰ ਤੋਂ ਉਸੇ ਵਿਭਾਗ ਦੇ ਨਾਲ ਮਿਊਸਪਲ ਸੇਵਾਵਾਂ ਵੀ ਜੋੜ ਦਿੱਤੀਆਂ ਗਈਆਂ ਹਨ। 6 ਵਾਰ ਚੁਣੇ ਜਾਣ ਤੇ ਵਿਧਾਇਕ ਰਹਿੰਦੇ ਆਏ ਜਗਰੂਪ ਬਰਾੜ ਨੂੰ ਖਾਣਾਂ ਤੇ ਖਣਿਜ ਵਾਲਾ ਅਹਿਮ ਵਿਭਾਗ ਦੇ ਕੇ ਉਸਦੇ ਪਿਛਲੇ ਉਲਾਂਭੇ ਲਾਹ ਦਿੱਤੇ ਹਨ। ਨਿੱਕੀ ਸ਼ਰਮਾ ਨੂੰ ਉਸ ਦੀ ਕਾਬਲੀਅਤ ਦੇ ਲਿਹਾਜ਼ ਨਾਲ ਡਿਪਟੀ ਪ੍ਰੀਮੀਅਰ ਬਣਾਇਆ ਗਿਆ ਹੈ, ਜੋ ਕਿਸੇ ਕਾਰਨ ਪ੍ਰੀਮੀਅਰ ਦੀ ਗੈਰਮੌਜੂਦਗੀ ਵਿਚ ਉਸ ਕੁਰਸੀ ‘ਤੇ ਬੈਠ ਸਕੇਗੀ। ਸੱਤ ਸਾਲ ਸਿਹਤ ਮੰਤਰੀ ਵਜੋਂ ਸੇਵਾਵਾਂ ਨਿਭਾ ਰਹੇ ਐਂਡਰੀਅਨ ਡਿਕਸ ਨੂੰ ਊਰਜਾ ਵਿਭਾਗ ਦਿੱਤਾ ਗਿਆ ਹੈ।

## ਗਾਇਕ ਦਿਲਜੀਤ ਦੋਸਾਂਝ ਨੇ ਸਰਕਾਰਾਂ ਨੂੰ ਵੰਗਾਰਿਆ

**ਨਵੀਂ ਦਿੱਲੀ:** ਉਘੇ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਨੇ ਕਿਹਾ ਹੈ ਕਿ ਜੇਕਰ ਸਰਕਾਰ ਦੇਸ਼ ‘ਚ ਸਾਰੇ ਠੇਕੇ ਬੰਦ ਕਰ ਦਿੰਦੀ ਹੈ ਤਾਂ ਉਹ ਦਾਰੂ ਵਾਲੇ ਗੀਤ ਗਾਉਣੇ ਬੰਦ ਕਰ ਦੇਵੇਗਾ। ਉਸ ਨੇ ਕਿਹਾ ਕਿ ਉਹ ਚਾਹੁੰਦਾ ਹੈ ਕਿ ਪਵਿੱਤਰ ਸ਼ਹਿਰ ਅੰਮ੍ਰਿਤਸਰ ਨੂੰ ਵੀ ਡਰਾਈ ਸਿਟੀ (ਸ਼ਰਾਬ ‘ਤੇ ਪਾਬੰਦੀ) ਐਲਾਨਿਆ ਜਾਣਾ ਚਾਹੀਦਾ ਹੈ।

ਅਹਿਮਦਾਬਾਦ ‘ਚ ਹੋਏ ਸ਼ੋਅ ਦੌਰਾਨ ਦਿਲਜੀਤ ਨੇ ਹੈਦਰਾਬਾਦ ‘ਚ ਪ੍ਰੋਗਰਾਮ ਤੋਂ ਪਹਿਲਾਂ ਜਾਰੀ ਹੋਏ ਨੋਟਿਸ ਉਤੇ ਪ੍ਰਤੀਕਰਮ ਦਿੰਦਿਆਂ ਇਹ ਗੱਲ ਆਖੀ। ਦਿਲਜੀਤ ਨੂੰ ਭੇਜੇ ਨੋਟਿਸ ‘ਚ ਤਿਲੰਗਾਨਾ ਸਰਕਾਰ ਨੇ ਕਿਹਾ ਸੀ ਕਿ ਉਹ ਸ਼ਰਾਬ, ਨਸ਼ਿਆਂ ਅਤੇ ਹਿੰਸਾ ਨਾਲ ਸਬੰਧਤ ਗੀਤਾਂ ਨੂੰ ਗਾਉਣ ਤੋਂ ਗੁਰੇਜ਼ ਕਰੇ। ਅਹਿਮਦਾਬਾਦ ‘ਚ ਸ਼ੋਅ ਦੌਰਾਨ ਦਿਲਜੀਤ ਨੇ ਕਿਹਾ, ‘‘ਇਕ ਵਧੀਆ ਖ਼ਬਰ ਹੈ। ਮੈਨੂੰ ਅੱਜ ਕੋਈ ਨੋਟਿਸ ਨਹੀਂ ਮਿਲਿਆ। ਇਕ ਹੋਰ ਵਧੀਆ ਖ਼ਬਰ ਹੈ, ਮੈਂ ਅੱਜ ਵੀ ਦਾਰੂ ਬਾਰੇ ਇਕ ਵੀ ਗੀਤ ਨਹੀਂ ਗਾਊਂਗਾ। ਮੈਨੂੰ ਪੁੱਛੋ ਕਿਉਂ? ਕਿਉਂਕਿ ਗੁਜਰਾਤ ‘ਚ ਦਾਰੂ ‘ਤੇ ਪਾਬੰਦੀ (ਡਰਾਈ ਸਟੇਟ) ਹੈ।“ ਦਿਲਜੀਤ ਨੇ ਕਿਹਾ ਕਿ ਉਹ ਸ਼ਰਾਬ ਨਹੀਂ ਪੀਂਦਾ ਹੈ ਅਤੇ ਇਹ ਪ੍ਰਣ ਲੈਣ ਲਈ ਵੀ ਤਿਆਰ ਹੈ ਕਿ ਉਹ ਦਾਰੂ ਵਾਲੇ ਗੀਤ ਨਹੀਂ ਗਾਏਗਾ ਪਰ ਹਰੇਕ ਸੂਬੇ ਦੀ ਸਰਕਾਰ ਨੂੰ ਡਰਾਈ ਸਟੇਟ ਐਲਾਨਣਾ ਚਾਹੀਦਾ ਹੈ।“

## ਅਮਰੀਕਾ ਵਿਚ ਭਾਰਤੀ ਵਿਦਿਆਰਥੀ ਸਭ ਤੋਂ ਵੱਧ

**ਨਵੀਂ ਦਿੱਲੀ:** ਭਾਰਤ ਪਿਛਲੇ 15 ਸਾਲਾਂ ਵਿਚ ਪਹਿਲੀ ਵਾਰ ਅਮਰੀਕਾ ‘ਚ ਸਭ ਤੋਂ ਜ਼ਿਆਦਾ ਕੌਮਾਂਤਰੀ ਵਿਦਿਆਰਥੀ ਭੇਜਣ ਵਾਲਾ ਦੇਸ਼ ਬਣ ਕੇ ਉੱਭਰਿਆ ਹੈ। ਜਾਰੀ ‘ਓਪਨ ਡੋਰਜ਼ ਰਿਪੋਰਟ-2024‘ ਮੁਤਾਬਕ ਅਮਰੀਕਾ ਦੀਆਂ ਸਿੱਖਿਆ ਸੰਸਥਾਵਾਂ ਵਿਚ ਫਿਲਹਾਲ 3.3 ਲੱਖ ਤੋਂ ਜ਼ਿਆਦਾ ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ।

ਵਿਦਿਅਕ ਵਰ੍ਹੇ 2022-23 ਵਿਚ ਅਮਰੀਕਾ ‘ਚ ਕੌਮਾਂਤਰੀ ਵਿਦਿਆਰਥੀ ਭੇਜਣ ਦੇ ਮਾਮਲੇ ਵਿਚ ਚੀਨ ਪਹਿਲੇ, ਜਦਕਿ ਭਾਰਤ ਦੂਜੇ ਸਥਾਨ ‘ਤੇ ਸੀ। ‘ਓਪਨ ਡੋਰਜ਼ ਰਿਪੋਰਟ‘ ਮੁਤਾਬਕ, ਵਿਦਿਅਕ ਵਰ੍ਹੇ 2023-24 ਵਿਚ ਅਮਰੀਕਾ ‘ਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਰਿਕਾਰਡ 3,31,602 ਉਤੇ ਪਹੁੰਚ ਗਈ। ਇਹ ਗਿਣਤੀ ਵਿਦਿਅਕ ਵਰ੍ਹੇ 2022-23 ਤੋਂ 23 ਫੀਸਦ ਜ਼ਿਆਦਾ ਹੈ ਜਦੋਂ 2,68,923 ਭਾਰਤੀ ਵਿਦਿਆਰਥੀ ਅਮਰੀਕਾ ਦੀਆਂ ਸਿੱਖਿਆ ਸੰਸਥਾਵਾਂ ਵਿਚ ਪੜ੍ਹਾਈ ਕਰ ਰਹੇ ਸਨ। ‘ਓਪਨ ਡੋਰਜ਼ ਰਿਪੋਰਟ‘ ਉਤੇ ਅਮਰੀਕੀ ਦੂਤਾਵਾਸ ਵੱਲੋਂ ਸਾਂਝੇ ਕੀਤੇ ਗਏ ਇਕ ਨੋਟ ਮੁਤਾਬਕ, ‘‘ਭਾਰਤ ਹੁਣ ਅਮਰੀਕਾ ਵਿਚ ਸਭ ਤੋਂ ਜ਼ਿਆਦਾ ਕੌਮਾਂਤਰੀ ਵਿਦਿਆਰਥੀ ਭੇਜਣ ਵਾਲਾ ਦੇਸ਼ ਬਣ ਗਿਆ ਹੈ। ਅਮਰੀਕਾ ਵਿਚ ਪੜ੍ਹ ਰਹੇ ਕੁੱਲ ਕੌਮਾਂਤਰੀ ਵਿਦਿਆਰਥੀਆਂ ‘ਚੋਂ 29 ਫੀਸਦੀ ਭਾਰਤੀ ਹਨ।“ ਨੋਟ ਵਿਚ ਕਿਹਾ ਗਿਆ ਹੈ, ‘‘2008-09 ਤੋਂ ਬਾਅਦ ਭਾਰਤ ਪਹਿਲੀ ਵਾਰ ਅਮਰੀਕਾ ਵਿਚ ਸਭ ਤੋਂ ਜ਼ਿਆਦਾ ਕੌਮਾਂਤਰੀ ਵਿਦਿਆਰਥੀ ਭੇਜਣ ਵਾਲਾ ਦੇਸ਼ ਬਣ ਕੇ ਉੱਭਰਿਆ ਹੈ।

## ਅਮਰੀਕਾ ਨਾਲ ਦੋਸਤਾਨਾ ਸਬੰਧ ਚਾਹੁੰਦੈ ਚੀਨ

**ਸ਼ੰਘਾਈ:** ਚੀਨ ਦੇ ਅਮਰੀਕਾ ‘ਚ ਸਫ਼ੀਰ ਸ਼ਾਈ ਫੇਂਗ ਨੇ ਕਿਹਾ ਹੈ ਕਿ ਉਨ੍ਹਾਂ ਦਾ ਮੁਲਕ ਵਾਸ਼ਿੰਗਟਨ ਨਾਲ ਦੋਸਤਾਨਾ ਸਬੰਧ ਬਣਾਉਣ ਅਤੇ ਭਾਈਵਾਲੀ ਕਰਨ ਦਾ ਇੱਛੁਕ ਹੈ। ਉਨ੍ਹਾਂ ਕਿਹਾ ਕਿ ਚੀਨ ਦੁਨੀਆ ਦੇ ਦੋ ਸਭ ਤੋਂ ਵੱਡੇ ਅਰਥਚਾਰਿਆਂ ਵਿਚਕਾਰ ਮਜ਼ਬੂਤ ਵਾਰਤਾ ਦੀ ਵਕਾਲਤ ਕਰਦਾ ਹੈ।

ਸ਼ਾਈ ਫੇਂਗ ਨੇ ਹਾਂਗਕਾਂਗ ‘ਚ ਦਿੱਤੇ ਭਾਸ਼ਨ ਦੌਰਾਨ ਇਹ ਵੀ ਕਿਹਾ ਕਿ ਚੀਨ ਦੀ ਅਮਰੀਕਾ ਨੂੰ ਦਰਕਿਨਾਰ ਕਰਨ ਜਾਂ ਉਸ ਦੀ ਥਾਂ ਲੈਣ ਦੀ ਕੋਈ ਯੋਜਨਾ ਨਹੀਂ ਹੈ। ਉਨ੍ਹਾਂ ਇਹ ਗੱਲਾਂ ਚੀਨ ‘ਚ ਅਮਰੀਕੀ ਸਫ਼ੀਰ ਅਤੇ ਆਪਣੇ ਮੁਲਕ ਦੇ ਹੋਰ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਆਖੀਆਂ। ਚੀਨੀ ਆਗੂ ਨੇ ਕਿਹਾ, ‘‘ਚੀਨ-ਅਮਰੀਕਾ ਭਾਈਵਾਲੀ ਕਦੇ ਵੀ ਗਿਣਤੀਆਂ-ਮਿਣਤੀਆਂ ਦੀ ਖੇਡ ਨਹੀਂ ਰਹੀ ਹੈ।

## ਸੁਖਬੀਰ ਦੇ ਅਸਤੀਫੇ ਪਿੱਛੋਂ ਭੰਬਲਭੂਸਾ

*(ਪਹਿਲੇ ਸਫੇ ਦੀ ਬਾਕੀ)*

ਕਾਰਨ ਸੁਖਬੀਰ ਸਿੰਘ ਬਾਦਲ ਪਹਿਲਾਂ ਹੀ ਕਮਜ਼ੋਰ ਪੈ ਚੁੱਕੇ ਹਨ। ਅਸਲ ਵਿਚ, ਸੁਖਬੀਰ ਸਿੰਘ ਬਾਦਲ ਨੇ ਪਾਰਟੀ ਨੂੰ ਜਿਸ ਢੰਗ ਨਾਲ ਚਲਾਉਣ ਦਾ ਯਤਨ ਕੀਤਾ, ਉਸ ਦੀ ਦੱਬਵੀਂ ਸੁਰ ਵਿਚ ਆਲੋਚਨਾ ਤਾਂ ਬਹੁਤ ਪਹਿਲਾਂ ਸ਼ੁਰੂ ਹੋ ਗਈ ਸੀ ਪਰ ਉਦੋਂ ਸ੍ਰੀ ਪ੍ਰਕਾਸ਼ ਸਿੰਘ ਬਾਦਲ ਸਥਿਤੀ ਨੂੰ ਸੰਭਾਲ ਲੈਂਦੇ ਸਨ। ਉਨ੍ਹਾਂ ਤੋਂ ਬਾਅਦ ਸੁਖਬੀਰ ਖਿਲਾਫ ਲਗਾਤਾਰ ਬਗਾਵਤਾਂ ਉੱਠਣ ਲੱਗੀਆਂ ਅਤੇ ਹਾਲਾਤ ਹੌਲੀ-ਹੌਲੀ ਕਾਬੂ ਤੋਂ ਬਾਹਰ ਹੁੰਦੇ ਗਏ। ਬਾਦਲਾਂ ਨੇ ਕਰੀਬ ਤਿੰਨ ਦਹਾਕਿਆਂ ਤੱਕ ਅਕਾਲੀ ਦਲ ‘ਤੇ ਮਜ਼ਬੂਤ ਪਕੜ ਬਣਾ ਕੇ ਰੱਖੀ। ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਸ਼ਲਾਘਾਯੋਗ ਢੰਗ ਨਾਲ ਪਾਰਟੀ ਨੂੰ ਮਜ਼ਬੂਤੀ ਦਿੱਤੀ, ਸਾਰਿਆਂ ਨੂੰ ਨਾਲ ਲੈ ਕੇ ਚੱਲੇ ਪਰ ਆਪਣੇ ਆਖ਼ਿਰੀ ਵਰ੍ਹਿਆਂ ਵਿਚ ਉਹ ਹਾਲਾਤ ਨੂੰ ਬੇਕਾਬੂ ਹੋਣ ਤੋਂ ਨਹੀਂ ਰੋਕ ਸਕੇ।

ਬੇਅਦਬੀ ਦੀਆਂ ਘਟਨਾਵਾਂ ਅਤੇ 2015 ਵਿਚ ਹੋਈ ਬਹਿਬਲ ਕਲਾਂ ਪੁਲਿਸ ਫਾਇਰਿੰਗ ਦੀ ਘਟਨਾ ਉਨ੍ਹਾਂ ਦੇ ਸ਼ਾਨਦਾਰ ਕਰੀਅਰ ‘ਤੇ ਦਾਗ਼ ਲਾ ਗਈ। ਅਪਰੈਲ 2023 ਵਿਚ ਸੀਨੀਅਰ ਬਾਦਲ ਦੀ ਮੌਤ ਤੋਂ ਬਾਅਦ ਉਨ੍ਹਾਂ ਦਾ ਪੁੱਤਰ ਸੁਖਬੀਰ ਸਿੰਘ ਬਾਦਲ ਬਗ਼ਾਵਤ ਨੂੰ ਕਾਬੂ ਹੇਠ ਰੱਖਣ ਅਤੇ ਖ਼ੁਦ ਨੂੰ ਪਾਰਟੀ ਦੇ ਨੇਤਾ ਵਜੋਂ ਸਥਾਪਿਤ ਕਰਨ ‘ਚ ਸੰਘਰਸ਼ ਕਰਦੇ ਰਹੇ। ਹੁਣ ਹਾਲਾਤ ਵੱਸੋਂ ਬਾਹਰ ਵਾਲੀ ਸਥਿਤੀ ਬਣੀ ਹੋਈ ਹੈ। ਇਸ ਲਈ ਪਾਰਟੀ ਦੀ ਹੋਣੀ ਤੈਅ ਕਰਨ ਬਾਰੇ ਆਉਣ ਵਾਲੇ ਦਿਨ ਕਾਫੀ ਅਹਿਮ ਹੋ ਸਕਦੇ ਹਨ।

## ਕਿਸਾਨ ਜਥੇਬੰਦੀਆਂ ਵੱਲੋਂ ਦਿੱਲੀ ਕੂਚ ਦਾ ਐਲਾਨ

*(ਪਹਿਲੇ ਸਫੇ ਦੀ ਬਾਕੀ)*

ਅਤੇ ਮਜ਼ਦੂਰ ਜਥਿਆਂ ਦੇ ਰੂਪ ਵਿਚ ਬੈਰੀਕੇਡਾਂ ਵੱਲ ਵਧਣਗੇ। ਪਹਿਲੇ ਜਥੇ ਦੀ ਅਗਵਾਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੀਨੀਅਰ ਆਗੂ ਸਤਨਾਮ ਸਿੰਘ ਪੰਨੂ, ਸਵਿੰਦਰ ਸਿੰਘ ਚੁਤਾਲਾ ਤੇ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੁਰਜੀਤ ਸਿੰਘ ਫੂਲ ਕਰਨਗੇ। ਉਨ੍ਹਾਂ ਕਿਹਾ ਕਿ ਜੇ ਮਰਨ ਵਰਤ ‘ਤੇ ਬੈਠੇ ਜਗਜੀਤ ਸਿੰਘ ਡੱਲੇਵਾਲ ਸ਼ਹਾਦਤ ਪ੍ਰਾਪਤ ਕਰ ਜਾਂਦੇ ਹਨ ਤਾਂ ਉਨ੍ਹਾਂ ਦੀ ਥਾਂ ਸੁਖਜੀਤ ਸਿੰਘ ਹਰਦੋਝੰਡੇ ਮਰਨ ਵਰਤ ‘ਤੇ ਬੈਠਣਗੇ। ਆਗੂਆਂ ਨੇ ਕਿਹਾ ਕਿ 26 ਨਵੰਬਰ ਤੋਂ ਬਾਅਦ ਪੰਜਾਬ ਵਿਚ ਭਾਜਪਾ ਦੇ ਆਗੂਆਂ ਨੂੰ ਕਾਲੇ ਝੰਡੇ ਦਿਖਾਏ ਜਾਣਗੇ। ਉਨ੍ਹਾਂ ਪੰਜਾਬ ਤੇ ਹਰਿਆਣਾ ਦੀਆਂ ਸਰਹੱਦਾਂ ‘ਤੇ ਹਰਿਆਣਾ ਸਰਕਾਰ ਵੱਲੋਂ ਬੰਦ ਕੀਤੀਆਂ ਗਈਆਂ ਸੜਕਾਂ ਖੋਲ੍ਹਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਜੇ ਕੇਂਦਰ ਸਰਕਾਰ 26 ਨਵੰਬਰ ਤੋਂ ਪਹਿਲਾਂ ਉਨ੍ਹਾਂ ਨਾਲ ਕੋਈ ਗੱਲ ਨਹੀਂ ਕਰਦੀ ਤਾਂ ਉਹ ਦਿੱਲੀ ਕੂਚ ਕਰਨ ਤੋਂ ਪਿੱਛੇ ਨਹੀਂ ਹਟਣਗੇ।

## ਕੈਨੇਡਾ ਵਿਚ ਗੈਰ-ਕਾਨੂੰਨੀ ਪਰਵਾਸੀਆਂ ‘ਤੇ ਐਕਸ਼ਨ, 38 ਹਜ਼ਾਰ ਦੇ ਗ੍ਰਿਫ਼ਤਾਰੀ ਵਾਰੰਟ

**ਵੈਨਕੂਵਰ:** ਕੈਨੇਡਾ ਸਰਕਾਰ ਅਗਲੇ ਸਾਲ ਤੱਕ ਤਕਰੀਬਨ 12 ਲੱਖ ਕੱਚੇ ਲੋਕਾਂ ਨੂੰ ਦੇਸ਼ ‘ਚੋਂ ਕੱਢਣ ਦਾ ਮਨ ਬਣਾਈ ਬੈਠੀ ਹੈ ਅਤੇ ਇਸ ਕੰਮ ‘ਚ ਤੇਜ਼ੀ ਲਿਆਉਣ ਲਈ ਬਾਰਡਰ ਸਰਵਿਸ ਏਜੰਸੀ (ਸੀ.ਬੀ.ਐਸ.ਏ.) ਦੇ ਅਮਲੇ ਦੀ ਨਫ਼ਰੀ 15 ਫੀਸਦੀ ਵਧਾਉਣ ਸਮੇਤ ਉਸ ਨੂੰ ਕੁਝ ਵਾਧੂ ਸ਼ਕਤੀਆਂ ਵੀ ਦੇ ਦਿੱਤੀਆਂ ਹਨ। ਸਰਕਾਰੀ ਵਿਭਾਗਾਂ ਦੇ ਸੂਤਰਾਂ ਅਨੁਸਾਰ ਏਜੰਸੀ ਕੋਲ 38,030 ਲੋਕਾਂ ਦੇ ਗ੍ਰਿਫਤਾਰੀ ਵਾਰੰਟ ਆ ਚੁੱਕੇ ਹਨ ਜਿਨ੍ਹਾਂ ਨੂੰ ਅਗਲੇ ਦਿਨਾਂ ‘ਚ ਉਨ੍ਹਾਂ ਦੇ ਪਿੱਤਰੀ ਦੇਸ਼ ਭੇਜਣ ਦੀ ਤਿਆਰੀ ਕੀਤੀ ਜਾ ਚੁੱਕੀ ਹੈ। ਇਨ੍ਹਾਂ ਵਿਚੋਂ ਬਹੁਤੇ ਉਹ ਹਨ ਜੋ ਸੈਲਾਨੀ ਬਣ ਕੇ ਕੈਨੇਡਾ ਪੁੱਜੇ ਤੇ ਇਥੋਂ ਦੇ ਸਿਸਟਮ ਨਾਲ ਖਿਲਵਾੜ (ਅਣ-ਅਧਿਕਾਰਤ ਤੌਰ ‘ਤੇ ਕੰਮ) ਕਰਦਿਆਂ ਫੜੇ ਗਏ। ਕੁਝ ਉਹ ਵੀ ਹਨ, ਜੋ ਵੀਜ਼ੇ ਜਾਂ ਵਰਕ ਪਰਮਿਟ ਦੀ ਮਿਆਦ ਖਤਮ ਹੋਣ ਤੋਂ ਬਾਅਦ ਇੱਥੇ ਹੀ ਟਿਕ ਗਏ। ਪਤਾ ਲੱਗਾ ਹੈ ਕਿ ਕੈਨੇਡਾ ਪਹੁੰਚੇ ਲੋਕਾਂ ਵੱਲੋਂ ਪੱਕੇ ਰਿਹਾਇਸ਼ੀ (ਪੀ.ਆਰ) ਬਣਨ ਲਈ ਜਮ੍ਹਾਂ ਕਰਵਾਈਆਂ ਫਾਈਲਾਂ ਦੀ ਗਿਣਤੀ ਢਾਈ ਲੱਖ ਤੋਂ ਟੱਪ ਗਈ ਹੈ। ਇੰਨੀਆਂ ਫਾਈਲਾਂ ਦੇ ਨਿਬੇੜੇ ਲਈ ਆਮ ਤੌਰ ‘ਤੇ 4-5 ਸਾਲ ਲੱਗਦੇ ਹਨ ਪਰ ਹੁਣ ਇਨ੍ਹਾਂ ਦਾ ਕੁਝ ਮਹੀਨਿਆਂ ਵਿਚ ਨਿਬੇੜਾ ਕਰਨ ਦੇ ਢੰਗ ਲੱਭੇ ਗਏ ਹਨ। ਵਿਭਾਗ ਵੱਲੋਂ ਫਾਈਲਾਂ ਦੇ ਇਸ ਢੇਰ ਦਾ ਵਰਗੀਕਰਨ ਕਰਕੇ, ਹਰ ਵਰਗ ਨੂੰ ਕੁਝ ਹਫਤਿਆਂ ‘ਚ ਹਾਂ ਜਾਂ ਨਾਂ ਕਰਨ ਦੀ ਤਿਆਰੀ ਕਰ ਲਈ ਗਈ ਹੈ।

## ਕਿਮ ਯੌਂਗ ਵੱਲੋਂ ਮੁੜ ਪਰਮਾਣੂ ਪ੍ਰੋਗਰਾਮ ’ਚ ਵਾਧੇ ਦਾ ਸੱਦਾ

**ਸਿਓਲ:** ਉਤਰੀ ਕੋਰੀਆ ਦੇ ਆਗੂ ਕਿਮ ਯੌਂਗ ਉਨ ਨੇ ਅਮਰੀਕੀ ਦੀ ਲੀਡਰਸ਼ਿਪ ਦੇ ਖਤਰਿਆਂ ਦਾ ਮੁਕਾਬਲਾ ਕਰਨ ਲਈ ਆਪਣੇ ਫੌਜੀ ਪ੍ਰਮਾਣੂ ਪ੍ਰੋਗਰਾਮ ‘ਚ ਵਾਧੇ ਦਾ ਸੱਦਾ ਦੁਹਰਾਇਆ ਹੈ। ਫੌਜੀ ਅਧਿਕਾਰੀਆਂ ਨਾਲ ਕਾਨਫਰੰਸ ਦੌਰਾਨ ਕਿਮ ਨੇ ਦੱਖਣੀ ਕੋਰੀਆ ਨਾਲ ਆਪਣੀਆਂ ਪਰਮਾਣੂ ਨੀਤੀਆਂ ਨੂੰ ਅੱਗੇ ਵਧਾਉਣ ਅਤੇ ਜਪਾਨ ਨਾਲ ਮਿਲ ਕੇ ਤਿੰਨ ਪਾਸੜ ਫੌਜੀ ਸਹਿਯੋਗ ਮਜ਼ਬੂਤ ਕਰਨ ਲਈ ਅਮਰੀਕੀ ਦੀ ਨਿੰਦਾ ਕੀਤੀ ਸੀ। ਕਿਮ ਨੇ ਰੂਸ ਖ਼ਿਲਾਫ਼ ਜੰਗ ‘ਚ ਯੂਕਰੇਨ ਦੀ ਹਮਾਇਤ ਕਰਨ ਲਈ ਵੀ ਅਮਰੀਕਾ ਦੀ ਆਲੋਚਨਾ ਕੀਤੀ। ਕਿਮ ਨੇ ਪੱਛਮ ਨਾਲ ਰੂਸੀ ਰਾਸ਼ਟਰਪਤੀ ਵਲਾਦਿਮੀਰ ਪੂਤਿਨ ਦੇ ਸੰਘਰਸ਼ ‘ਚ ਇਕਜੁੱਟਤਾ ਜ਼ਾਹਿਰ ਕੀਤੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਅੰਤਰਰਾਸ਼ਟਰੀ ਸੰਮੇਲਨ ਦੌਰਾਨ 'ਗੁਰੂ ਗ੍ਰੰਥ ਸਾਹਿਬ ਵੱਲ ਵਾਪਸੀ' ਦਾ ਸੱਦਾ

## ਪੰਥ ਦੇ ਉਘੇ ਵਿਦਵਾਨਾਂ ਨੇ ਸੰਗਤਾਂ ਨਾਲ ਪਾਈ ਵਿਚਾਰਾਂ ਦੀ ਸਾਂਝ

**ਸ਼ਿਕਾਗੋ**: ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਤਿੰਨ ਦਿਨਾਂ ਅੰਤਰਰਾਸ਼ਟਰੀ ਸੰਮੇਲਨ ਵ੍ਹੀਟਨ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਗਿਆ, ਜਿਸ ਦਾ ਵਿਸ਼ਾ 'ਵਾਪਸੀ ਗੁਰੂ ਗ੍ਰੰਥ ਸਾਹਿਬ ਵੱਲ ਸੀ'। ਇਸ ਸੰਮੇਲਨ ਦਾ ਮੁਖ ਉਦੇਸ਼ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੋੜਨਾ ਸੀ। ਇਸ ਦੌਰਾਨ ਪੰਥ ਨਾਲ ਸਬੰਧਤ ਉਘੇ ਵਿਦਵਾਨਾਂ ਸ. ਕੁਲਦੀਪ ਸਿੰਘ (ਰੇਡੀਓ ਅਤੇ ਟੀ ਵੀ ਹੋਸਟ ਸਾਂਝਾ ਟੀਵੀ), ਪ੍ਰੋ. ਦਰਸ਼ਨ ਸਿੰਘ ਖਾਲਸਾ, ਸ. ਸੁਖਦੇਵ ਸਿੰਘ (ਸਕੋਲਰ ਅਤੇ ਟੀ ਵੀ ਹੋਸਟ ਗੁਰਮਤ ਟੀਵੀ), ਸ. ਵਰਿੰਦਰ ਸਿੰਘ ਮਾਨ (ਸਕੋਲਰ ਅਤੇ ਟੀ ਵੀ ਹੋਸਟ ਗੁਰਮਤ ਟੀਵੀ), ਸ. ਸਰਬਜੀਤ ਸਿੰਘ ਸੈਕਰਾਮੈਂਟੋ (ਲੇਖਕ ਅਤੇ ਇਤਿਹਾਸਕਾਰ) ਅਤੇ ਸ. ਜਗਮੋਹਨ ਸਿੰਘ ਟੁਟ (ਸਕੋਲਰ ਅਤੇ ਟੀ ਵੀ ਹੋਸਟ ਗੁਰਮਤ ਟੀਵੀ), ਨੇ ਸੰਗਤ ਨਾਲ ਵਿਚਾਰਾਂ ਦੀ ਸਾਂਝ ਪਾਈ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਸੰਗਤਾਂ ਨੇ ਸ਼ਾਮਲ ਹੋ ਕੇ ਵਿਦਵਾਨਾਂ ਦੇ ਵਿਚਾਰ ਸੁਣੇ।

ਇਸ ਕਾਨਫਰੰਸ ਲਈ ਭੇਜੇ ਆਪਣੇ ਵੀਡੀਓ ਸੰਦੇਸ਼ ਵਿਚ ਸ. ਪ੍ਰਭਦੀਪ ਸਿੰਘ (ਸਿੰਘ ਨਾਦ ਰੇਡੀਓ ਇੰਗਲੈਂਡ) ਨੇ ਕਿਹਾ ਕਿ ਸਾਨੂੰ ਕੱਚੀ ਨਹੀਂ ਅਸਲ ਬਾਣੀ ਨਾਲ ਜੁੜਨ ਦੀ ਲੋੜ ਹੈ। ਤੇ ਸਾਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਨਹੀਂ ਜਾਣਾ ਤੇ ਗੁਰੂ ਗ੍ਰੰਥ ਹੀ ਸਾਡਾ ਸੱਚਾ ਗੁਰੂ ਹੈ। ਸ. ਸਰਬਜੀਤ ਸਿੰਘ ਧੂੰਦਾ ਨੇ ਵੀ ਵੀਡੀਓ ਕਨਫਰੰਸ ਰਾਹੀਂ ਹਾਜ਼ਰੀ ਲਾਉਂਦਿਆਂ ਕਿਹਾ ਕਿ ਗੁਰੂ ਦੇ ਸ਼ਬਦ ਅਨੁਸਾਰ ਜੀਵਨ ਜੀਅ ਕੇ ਹੀ ਭਵਸਾਗਰ ਨੂੰ ਤਰਿਆ ਜਾ ਸਕਦਾ ਹੈ। ਉਨ੍ਹਾਂ ਨੇ ਡੇਰਾਵਾਦ ਤੇ ਵੱਖ-ਵੱਖ ਗ੍ਰੰਥਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਥਾਂ ਦੇਣ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਸੰਗਤ ਨੂੰ ਗੁਰੂ ਦੇ ਸ਼ਬਦ ਨਾਲ ਜੁੜਨ 'ਤੇ ਜ਼ੋਰ ਦਿੱਤਾ। ਉਨ੍ਹਾਂ ਸਿੱਖਾਂ ਨੂੰ ਲਾਮਬੰਦ ਹੋਣ ਤੇ ਗੁਰੂ ਦੇ ਸ਼ਬਦ ਸਿਧਾਂਤ ਦਾ ਪ੍ਰਚਾਰ ਕਰਨ ਦਾ ਸੱਦਾ ਦਿੱਤਾ ਤੇ ਸ. ਪਾਲ ਸਿੰਘ ਪੁਰੇਵਾਲ ਵਲੋਂ ਤਿਆਰ ਕੀਤੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਦਿਹਾੜੇ ਮਨਾਉਣ 'ਤੇ ਜ਼ੋਰ ਦਿੱਤਾ।

ਸ. ਸੁਖਦੇਵ ਸਿੰਘ (ਸਕੋਲਰ ਅਤੇ ਟੀ ਵੀ ਹੋਸਟ ਗੁਰਮਤ ਟੀਵੀ) ਨੇ ਸੰਗਤ ਨਾਲ ਗੁਰਮਤਿ ਤੇ ਸਿੱਖ ਰਹਿਤ ਮਰਿਆਦਾ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਜਦੋਂ ਬਾਣੀ ਇਕ ਹੈ, ਗੁਰੂ ਇਕ ਹੈ, ਤਾਂ ਹਰੇਕ ਸਿੱਖ (ਸੰਪ੍ਰਦਾਇਕ ਲੋਕਾਂ) ਦਾ ਰਹਿਣ-ਸਹਿਣ, ਜੀਵਨ ਜਾਚ ਵੱਖ-ਵੱਖ ਕਿਉਂ ਹਨ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਰਗਾ ਦੁਨੀਆ 'ਤੇ ਹੋਰ ਕੋਈ ਨਹੀਂ ਹੈ। ਸਾਡੇ ਗੁਰੂ ਸਾਹਿਬਾਨ ਨੇ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਹੈ। ਜਿਹੜਾ ਗੁਰੂ ਨਿਰਭਓ-ਨਿਰਵੈਰ ਹੋਵੇ ਤੇ ਸਾਰੀ ਲੋਕਾਈ ਨੂੰ ਇਕੋ ਜਿਹਾ ਉਪਦੇਸ਼ ਦਿੰਦਾ ਹੋਵੇ ਤੇ ਉਸ ਗੁਰੂ ਦੇ ਸਿੱਖ ਹੀ ਵੱਖ-ਵੱਖ ਰਾਹਾਂ 'ਤੇ ਤੁਰੇ ਹੋਣ ਤਾਂ ਇਸ 'ਤੇ ਵਿਚਾਰ ਕਰਨ ਦੀ ਲੋੜ ਹੈ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਲਈ ਸੱਚ ਨਾਲ ਖੜ੍ਹਨ ਦਾ ਹੋਕਾ ਦਿੱਤਾ।

ਗੁਰਮਤ ਟੀਵੀ ਦੇ ਹੋਸਟ ਅਤੇ ਸਕੋਲਰ ਸ. ਜਗਮੋਹਨ ਸਿੰਘ ਜੀ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਜਦੋਂ ਤੱਕ ਗੁਰਦੁਆਰੇ ਜਾਣ ਵੇਲੇ ਅਸੀਂ ਸੋਚ ਕੇ ਨਹੀਂ ਜਾਂਦੇ ਕਿ ਅੱਜ ਗੁਰੂ ਦਾ ਸ਼ਬਦ ਅੰਮ੍ਰਿਤ ਰੂਪੀ ਪੀਣਾ (ਸਮਝਣਾ) ਹੈ, ਤਾਂ ਸਾਡਾ ਗੁਰਦੁਆਰੇ ਜਾਣਾ, ਲੰਗਰ ਛਕਣਾ ਸਿਰਫ ਇਕ ਰੁਟੀਨ ਬਣ ਕੇ ਰਹਿ ਜਾਵੇਗੀ ਤੇ ਅਸੀਂ ਉਥੋਂ ਕੁਝ ਲੈ ਕੇ ਨਹੀਂ ਆਵਾਂਗੇ। ਉਨ੍ਹਾਂ ਦੱਸਿਆ ਕਿ ਗੁਰਮਤ ਤੇ ਸਾਂਝਾ ਟੀ ਵੀ 'ਤੇ ਗੁਰਮਤਿ ਨਾਲ ਸਬੰਧਤ ਵਿਸ਼ਿਆਂ ਨੂੰ ਛੋਹਿਆ ਜਾਂਦਾ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਜੇ ਕੋਈ ਸਿੱਖ ਧਰਮ ਨਾਲ ਸਬੰਧਤ ਆਰਟੀਕਲ ਪੜ੍ਹਨਾ ਚਾਹੁੰਦਾ ਹੈ ਤਾਂ sikhmarg.com 'ਤੇ ਜਾ ਕੇ ਪੜ੍ਹ ਸਕਦੇ ਹੋ। ਇੱਥੋਂ ਬਹੁਤ ਸਾਰੀ ਜਾਣਕਾਰੀ ਸੰਗਤ ਨੂੰ ਹਾਸਲ ਹੋਵੇਗੀ, gurmattv.com ਵੈੱਬਸਾਈਟ 'ਤੇ ਵੀ ਜਾਇਆ ਜਾ ਸਕਦਾ ਹੈ। ਇਹ ਦੋਵੇਂ ਵੈੱਬਸਾਈਟਸ ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਹਨ। ਉਨ੍ਹਾਂ ਹੋਰਨਾਂ ਰੁਝੇਵਿਆਂ ਵਾਂਗ ਰੋਜ਼ਾਨਾ 15-20 ਮਿੰਟ ਦਿਨ ਵਿਚ ਸਹਿਜ ਪਾਠ ਕਰਨ ਦਾ ਸਕੈਜ਼ਿਊਲ ਬਣਾਉਣ ਦਾ ਵੀ ਸੱਦਾ ਦਿੱਤਾ। ਜਦੋਂ ਉਨ੍ਹਾਂ ਕੁਝ ਜਥੇਦਾਰਾਂ ਦੀ ਨਿੰਦਾ ਕੀਤੀ ਤਾਂ ਇਸ ਦਾ ਥੋੜ੍ਹਾ ਵਿਰੋਧ ਵੀ ਹੋਇਆ ਪਰ ਉਨ੍ਹਾਂ ਆਪਣੇ ਵਿਚਾਰਾਂ ਨਾਲ ਸਭ ਦੇ ਸਵਾਲਾਂ ਦੇ ਦਰੁਸਤ ਜਵਾਬ ਦਿੱਤੇ। ਉਨ੍ਹਾਂ ਸੰਸਾਰ ਭਰ ਦੀ ਸੰਗਤ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੁੜਨ ਦਾ ਸੱਦਾ ਦਿੱਤਾ।

ਗੁਰਮਤ ਟੀਵੀ ਦੇ ਹੀ ਹੋਸਟ ਅਤੇ ਸਕੋਲਰ ਸ. ਵਰਿੰਦਰ ਸਿੰਘ ਮਾਨ ਨੇ 'ਕੱਤਕ ਕਿ ਵਿਸਾਖ' ਵਿਸ਼ੇ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਨੂੰ ਗੁਰੂ ਸਾਹਿਬ ਨੇ ਵਿਚਾਰਵਾਨ ਬਣਾਇਆ ਹੈ, ਤੇ ਸਿੱਖਾਂ ਨੂੰ ਸਵਾਲ ਜ਼ਰੂਰ ਪੁੱਛਣੇ ਚਾਹੀਦੇ ਹਨ। ਉਨ੍ਹਾਂ ਕੁਝ ਪੰਥਕ ਜਥੇਦਾਰਾਂ ਵਲੋਂ ਕੀਤੀਆਂ ਨਾ-ਮੁਆਫੀਯੋਗ ਗ਼ਲਤੀਆਂ ਦੀ ਚਰਚਾ ਕੀਤੀ। ਉਨ੍ਹਾਂ ਸਵਾਲ ਕੀਤਾ ਕਿ ਗੁਰੂ ਨਾਨਕ ਸਾਹਿਬ ਦਾ ਜਨਮ ਦਿਹਾੜਾ ਗ਼ਲਤ ਦਿਨ ਮਨਾਉਣ ਪਿੱਛੇ ਸਾਡੀ ਮਜਬੂਰੀ ਕੀ ਹੈ? ਜਦੋਂ ਇਤਿਹਾਸ ਵਿਚ ਹਰ ਜਗ੍ਹਾ 15 ਅਪਰੈਲ, 1469ਈ. ਦਾ ਜ਼ਿਕਰ ਹੈ ਤਾਂ ਫਿਰ ਗ਼ਲਤ ਦਿਨ ਇਹ ਜਨਮ ਦਿਹਾੜਾ ਕਿਉਂ ਮਨਾਇਆ ਜਾਵੇ। ਉਨ੍ਹਾਂ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲਾ ਦਿਨ ਖੰਡੇ ਦਾ ਪਾਹੁਲ ਦੇਣ ਲਈ ਇਸੇ ਲਈ ਚੁਣਿਆ ਸੀ ਕਿਉਂਕਿ ਉਹ ਗੁਰੂ ਨਾਨਕ ਸਾਹਿਬ ਦਾ ਜਮਨ ਦਿਹਾੜੇ ਵਾਲਾ ਦਿਨ ਸੀ। ਹੋਰ ਵੀ ਕਈ ਉਦਾਹਰਨਾਂ ਹਨ ਫਿਰ ਵੀ ਗਲਤ ਦਿਨ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ। ਉਨ੍ਹਾਂ ਇਸ ਗੱਲ 'ਤੇ ਰੋਸ ਜਤਾਇਆ ਕਿ ਸਿੱਖ ਪੜ੍ਹਨ ਵਿਚ ਘੱਟ ਰੁਚੀ ਰੱਖਦੇ ਹਨ ਤੇ ਸੁਣੀਆਂ-ਸੁਣਾਈਆਂ ਗੱਲਾਂ 'ਤੇ ਵੱਧ ਯਕੀਨ ਕਰਦੇ ਹਨ। ਉਨ੍ਹਾਂ ਬੈਠ ਕੇ ਵਿਚਾਰ ਕਰਨ 'ਤੇ ਜ਼ੋਰ ਦਿੱਤਾ, ਜੋ ਗਿਆਨ ਨਾਲ ਹੀ ਸੰਭਵ ਹੈ। ਉਨ੍ਹਾਂ ਬਾਣੀ ਆਪ ਪੜ੍ਹਨ 'ਤੇ ਜ਼ੋਰ ਦਿੱਤਾ।

ਉੱਘੇ ਲੇਖਕ ਅਤੇ ਇਤਿਹਾਸਕਾਰ ਸ. ਸਰਬਜੀਤ ਸਿੰਘ ਸੈਕਰਾਮੈਂਟੋ ਜਿਨ੍ਹਾਂ ਨੇ ਸ. ਪੁਰੇਵਾਲ ਨਾਲ ਮੂਲ ਨਾਨਕਸ਼ਾਹੀ ਕੈਲੰਡਰ 'ਤੇ ਕੰਮ ਵੀ ਕੀਤਾ ਹੈ, ਨੇ ਕਿਹਾ ਕਿ ਇਸ ਵੇਲੇ ਪੰਥ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਹਨ। ਤੇ ਪਿਛਲੇ ਢਾਈ ਦਹਾਕਿਆਂ ਤੋਂ ਨਵੀਂ ਸਮੱਸਿਆ ਕੈਲੰਡਰ ਦੀ ਪੈਦਾ ਹੋ ਗਈ ਹੈ। ਉਨ੍ਹਾਂ ਕਿਹਾ ਕਿ ਜੋ ਪਿਛਲੇ 25 ਸਾਲਾਂ ਤੋਂ ਇਸ ਦਾ ਵਿਰੋਧ ਕਰ ਰਹੇ ਹਨ ਉਨ੍ਹਾਂ ਨੂੰ ਜਦੋਂ ਕਿਹਾ ਜਾਂਦਾ ਹੈ ਕਿ ਸਵਾਲਾਂ ਦੇ ਜਵਾਬ ਦਿਓ ਤਾਂ ਅਜਿਹਾ ਨਹੀਂ ਹੁੰਦਾ। ਉਨ੍ਹਾਂ ਸੰਗਤ ਨੂੰ ਜੁਲੀਅਨ ਕੈਲੰਡਰ ਦੀ ਸੋਧ (ਅਕਤੂਬਰ 1582 ਈ) ਦੇਖਣ ਲਈ ਕਿਹਾ। ਉਨ੍ਹਾਂ ਕਿਹਾ ਕਿ ਚੰਦ ਦੇ ਕੈਲੰਡਰ ਦਾ ਰੁੱਤਾਂ ਨਾਲ ਕੋਈ ਸਬੰਧ ਨਹੀਂ ਰੁੱਤਾਂ ਦਾ ਸਬੰਧ ਧਰਤੀ ਦੇ ਸੂਰਜ ਦੁਆਲੇ ਚੱਕਰ ਲਾਉਣ ਨਾਲ ਹੈ। ਉਨ੍ਹਾਂ ਕੈਲੰਡਰਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਗਰਾਂਦ ਕੁਦਰਤੀ ਸਿਧਾਂਤ ਨਹੀਂ ਹੈ।

ਸ. ਕੁਲਦੀਪ ਸਿੰਘ ਨੇ ਵੱਖ-ਵੱਖ ਚੈਨਲਾਂ ਰਾਹੀਂ ਦੁਨੀਆ ਭਰ ਵਿਚ ਇਹ ਪ੍ਰੋਗਰਾਮ ਦੇਖ ਰਹੀਆਂ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸਾਡਾ ਗੁਰੂ ਇਕ ਸ਼ਬਦ ਹੈ। ਬਾਣੀ ਨਿਰੰਕਾਰ ਹੈ। ਉਨ੍ਹਾਂ ਕਿਹਾ ਕਿ ਸਾਡੇ ਗੁਰੂ ਨੇ ਕਿਹਾ ਹੈ ਕਿ ਗੁਰੂ ਦੀ ਹਜ਼ੂਰੀ ਵਿਚ ਬੈਠ ਕੇ ਮਸਲੇ ਹੱਲ ਕੀਤੇ ਜਾਣ। ਉਨ੍ਹਾਂ ਨਾਂ ਨਾਲ ਬ੍ਰਹਮ ਗਿਆਨੀ ਲਾਉਣ ਵਾਲਿਆਂ ਦੀ ਨਿੰਦਾ ਕੀਤੀ ਤੇ ਕਿਹਾ ਕਿ ਜੋ ਵਿਆਹਿਆ ਨਹੀਂ ਉਹ ਸਿੱਖ ਨਹੀਂ ਹੋ ਸਕਦਾ ਕਿਉਂਕਿ ਉਹ ਵਿਕਾਰਾਂ ਵਿਚ ਫਸਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਿਆਂ ਵਿਚ ਪਾਠ ਕਰਾਉਣ ਨਾਲੋਂ ਆਪ ਪਾਠ ਕਰੋ। ਉਨ੍ਹਾਂ ਜਥੇਦਾਰਾਂ ਦੀ ਤੁਲਨਾ ਤਾਲਿਬਾਨ ਨਾਲ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਸਿਰਫ ਗੁਰੂ ਗ੍ਰੰਥ ਸਾਹਿਬ ਦੀ ਗੱਲ ਮੰਨਣੀ ਹੈ। ਖਾਲਸਾਲਾਇਬਰੇਰੀ ਐਪ ਤੋਂ ਗੁਰੂ ਗ੍ਰੰਥ ਸਾਹਿਬ ਸੁਣਨ ਦਾ ਵੀ ਉਨ੍ਹਾਂ ਸੱਦਾ ਦਿੱਤਾ। ਉਨ੍ਹਾਂ ਗੁਰਮੀਤ ਰਾਮ ਰਹੀਮ ਦਾ ਸਾਥ ਦੇਣ ਲਈ ਸ਼੍ਰੋਮਣੀ ਕਮੇਟੀ ਦੀ ਨਿੰਦਾ ਕੀਤੀ ਅਤੇ ਗੁਰਦੁਆਰਾ ਵ੍ਹੀਟਨ ਦੇ ਪ੍ਰਬੰਧਕਾਂ ਦਾ ਇਸ ਪ੍ਰੋਗਰਾਮ ਲਈ ਧੰਨਵਾਦ ਕੀਤਾ ਤੇ ਮੁੱਖ ਸੇਵਾਦਾਰ ਭਾਈ ਮਹਿੰਦਰ ਸਿੰਘ ਜੀ ਤੇ ਪ੍ਰਧਾਨ ਡਾ. ਪਰਮਜੀਤ ਕੌਰ ਦੀ ਸ਼ਲਾਘਾ ਕੀਤੀ।

ਪ੍ਰੋ: ਦਰਸ਼ਨ ਸਿੰਘ ਜੀ ਖਾਲਸਾ, ਜਿਨ੍ਹਾਂ ਨੂੰ ਆਪਣੀ ਸਿਹਤ ਸਮੱਸਿਆ ਕਾਰਨ, ਆਖਰੀ ਸਮੇਂ ਆਪਣੀ ਯਾਤਰਾ ਰੱਦ ਕਰਨੀ, ਨੇ ਵੀਡੀਓ ਕਾਨਫਰੰਸ ਰਾਹੀਂ ਸੰਗਤਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਦਾ ਮੁਖ ਸੰਦੇਸ਼ ਸੀ ਕਿ ਸਿੱਖਾਂ ਦਾ ਸੱਚਾ ਅਕਾਲ ਤਖਤ ਉਹੀ ਹੈ ਜੋ ਗੁਰਬਾਣੀ ਵਿਚ ਦਰਸਾਇਆ ਗਿਆ ਹੈ ਅਤੇ ਜੋ ਅਕਾਲ ਤੋਂ ਰਹਿਤ ਹੈ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਹਵਾਲਿਆਂ ਨਾਲ, ਅਕਾਲ ਪੁਰਖ ਅਤੇ ਉਸ ਦੇ ਤਖਤ ਦਾ ਸਿਧਾਂਤ ਬਹੁਤ ਹੀ ਭਾਵਪੂਰਕ ਤਰੀਕੇ ਨਾਲ ਸਮਝਾਇਆ। ਜਿਥੇ ਉਨ੍ਹਾਂ ਨੇ ਅਕਾਲ ਤਖਤ ਦੀ ਮਰਯਾਦਾ ਬਾਰੇ ਵਿਚਾਰ ਪੇਸ਼ ਕੀਤੇ, ਉਥੇ ਹੀ ਆਪਣੀ ਸੇਵਾ ਦੌਰਾਨ ਵਾਪਰੀਆਂ ਘਟਨਾਵਾਂ ਦਾ ਵੀ ਜ਼ਿਕਰ ਕੀਤਾ। ਰੋਸਚਿਸਟਰ ਗੁਰਦੁਆਰਾ ਸਾਹਿਬ ਵਿਖੇ ਹੋਏ ਕਰੀਤਨ ਸਮਾਗਮ ਦੀ ਵੀਡੀਓ ਨੂੰ ਕੱਟ-ਵੱਢ ਕੇ ਅਕਾਲ ਤਖਤ ਸਾਹਿਬ ਪੇਸ਼ ਕਰਨ ਦੇ ਨਾਲ-ਨਾਲ ਉਨ੍ਹਾਂ ਨੇ, ਉਸ ਵੇਲੇ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਨਾਲ ਹੋਏ ਚਿੱਠੀ ਪੱਤਰ ਦਾ ਜ਼ਿਕਰ ਵੀ ਕੀਤਾ। ਅਕਾਲ ਤਖਤ ਸਾਹਿਬ ਵੱਲੋਂ ਮੰਗੇ ਗਏ ਸਪੱਸ਼ਟੀਕਰਨ ਦਾ ਜ਼ਿਕਰ ਕਰਦਿਆਂ, ਉਨ੍ਹਾਂ ਦੱਸਿਆ ਕਿ ਕਿਵੇਂ, ਜਦੋਂ ਉਹ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋਣ ਲਈ ਗਏ ਸਨ ਤਾਂ ਉਥੇ ਮੌਜੂਦ 5 ਸਿੰਘ ਸਾਹਿਬ, ਸੰਗਤਾਂ ਦੇ ਸਾਹਮਣੇ ਵਿਚਾਰ ਕਰਨ ਤੋਂ ਮੁਨਕਰ ਹੋ ਗਏ ਸਨ ਅਤੇ ਇਹ ਆਖ ਕੇ, ਕਿ ਪ੍ਰੋ. ਦਰਸ਼ਨ ਸਿੰਘ ਪੇਸ਼ ਨਹੀਂ ਹੋਇਆ, ਉਨ੍ਹਾਂ ਖ਼ਿਲਾਫ਼ ਹੁਕਮਨਾਮਾ ਜਾਰੀ ਕਰ ਦਿੱਤਾ ਸੀ।

ਗੁਰੂਘਰ ਦੇ ਪ੍ਰਧਾਨ ਡਾ. ਪਰਮਜੀਤ ਕੌਰ ਨੇ ਪ੍ਰੋਗਰਾਮ ਦੀ ਅਗਵਾਈ ਕੀਤੀ ਤੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। 18ਵੀਂ ਸਦੀ ਦੇ ਮਹਾਨ ਸਿੱਖ ਵਿਦਵਾਨਾਂ ਨੂੰ ਕਾਨਫਰੰਸ ਦੌਰਾਨ ਯਾਦ ਕੀਤਾ ਗਿਆ।

ਇਸ ਦੌਰਾਨ ਕੁਝ ਮਤੇ ਵੀ ਪਾਸ ਕੀਤੇ ਗਏ। ਪਹਿਲਾ ਮਤਾ ਡਾ. ਪਰਮਜੀਤ ਕੌਰ ਨੇ ਪੇਸ਼ ਕੀਤਾ, ਜਿਸ ਅਨੁਸਾਰ ਸੰਗਤ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦਾ ਇਕੋ ਇਕ ਗ੍ਰੰਥ ਹੈ ਤੇ ਬਾਕੀ ਸਾਰੇ ਗ੍ਰੰਥਾਂ ਨੂੰ ਰੱਦ ਕੀਤਾ ਜਾਂਦਾ ਹੈ। ਦੂਜਾ ਮਤਾ ਭਾਈ ਮਹਿੰਦਰ ਸਿੰਘ ਨੇ ਪੜ੍ਹਿਆ ਕਿ ਸੰਗਤ ਕਿਸੇ ਵੀ ਸੰਸਥਾ ਨੂੰ ਕਿਸੇ ਵੀ ਸਿੱਖ ਨੂੰ ਪੰਥ ਵਿਚੋਂ ਛੇਕਣ ਦੇ ਅਧਿਕਾਰ ਨੂੰ ਰੱਦ ਕਰਦੀ ਹੈ। ਅਤੇ ਜਿੰਨੇ ਵੀ ਛੇਕੇ ਹੋਏ ਸਿੱਖ ਸੱਜਣਾਂ ਨੂੰ ਸਿੱਖੀ ਵਿਚ ਸਨਮਾਨ ਦਿੰਦੀ ਹੈ।

ਸ. ਕੁਲਵੰਤ ਸਿੰਘ ਨੇ ਤੀਜਾ ਮਤਾ ਪੇਸ਼ ਕੀਤਾ, ਵਿਦਵਾਨਾਂ ਦੀਆਂ ਲਿਖਤਾਂ ਅਤੇ ਬੁਲਾਰਿਆਂ 'ਤੇ ਲਾਈ ਪਾਬੰਧੀ ਨੂੰ ਰੱਦ ਕੀਤਾ ਜਾਂਦਾ ਹੈ।

ਚੌਥਾ ਮਤਾ ਸ. ਇਰਵਿਨਪ੍ਰੀਤ ਸਿੰਘ ਨੇ ਪੇਸ਼ ਕੀਤਾ ਕਿ ਸੰਗਤ ਇਸ ਫੈਸਲੇ 'ਤੇ ਪੁੱਜੀ ਹੈ ਕਿ ਸ. ਪਾਲ ਸਿੰਘ ਪੁਰੇਵਾਲ ਵਲੋਂ ਪੇਸ਼ ਕੀਤਾ ਗਿਆ ਮੂਲ ਨਾਨਕਸ਼ਾਹੀ ਕੈਲੰਡਰ ਹੀ ਇਕੋ ਇਕ ਇਤਿਹਾਸਕ ਤੇ ਵਿਗਿਆਨਕ ਰੂਪ ਵਿਚ ਸਹੀ ਸਿੱਖ ਕੈਲੰਡਰ ਹੈ, ਜੋ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ 'ਤੇ ਆਧਾਰਤ ਹੈ, ਇਸ ਕੈਲੰਡਰ ਦੀ ਪਾਲਣਾ ਕਰਦਿਆਂ ਸੰਗਤ ਇਨ੍ਹਾਂ ਸਾਲਾਨਾ ਤਰੀਕਾਂ ਨੂੰ ਮਨਾਉਣ ਦਾ ਸੰਕਲਪ ਕਰਦੀ ਹੈ - ਗੁਰਪੁਰਬ ਗੁਰੂ ਨਾਨਕ ਸਾਹਿਬ ਜੀ (1 ਵਿਸਾਖ 14 ਅਪਰੈਲ) ਹੋਲਾ ਮਹੱਲਾ (ਇਕ ਚੇਤ, 14 ਮਾਰਚ), ਬੰਦੀ ਛੋੜ ਦਿਵਸ (1 ਫੱਗਣ 12 ਫਰਵਰੀ)

ਪੰਜਵਾਂ ਪਤਾ ਡਾ. ਜਸਵੀਰ ਸਿੰਘ ਨੇ ਪੇਸ਼ ਕੀਤਾ ਕਿ ਅੱਜ ਦੀ ਇਹ ਇਕੱਤਰਤਾ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਸਰਬ ਸਾਂਝੇ ਉਪਦੇਸ਼ਾਂ ਨੂੰ ਪ੍ਰਚਾਰਨ ਤੇ ਪ੍ਰਸਾਰਣ ਲਈ ਮੁਹਿੰਮ ਪੈਦਾ ਕਰਨ ਲਈ ਯਤਨਸ਼ੀਲ ਹੈ, ਜਿਸ ਨਾਲ ਗੁਰੂ ਨਾਨਕ ਦੇਵ ਜੀ ਦਾ ਸੁਨੇਹਾ ਹਰ ਪ੍ਰਾਣੀ ਮਾਤਰ ਤੱਕ ਪਹੁੰਚ ਸਕੇ ਤੇ ਸੰਗਤ ਨੂੰ ਅਪੀਲ ਹੈ ਕਿ ਇਸ ਵਿਚ ਆਪਣਾ ਬਣਦਾ ਹਿੱਸਾ ਪਾਇਆ ਜਾਵੇ।

ਸ. ਸਵਰਣ ਸਿੰਘ ਸਿੱਧੂ ਨੇ ਪ੍ਰਗਰਾਮ ਦਾ ਮੁਲਾਂਕਣ ਕਰਦਿਆਂ ਕਿਹਾ ਕਿ ਸਾਰੇ ਕੰਮ ਵਿਚਾਰ-ਵਟਾਂਦਰੇ ਨਾਲ ਹੋਣੇ ਚਾਹੀਦੇ ਹਨ ਤੇ ਮੂਲ ਨਾਨਕਸ਼ਾਹੀ ਕੈਲੰਡਰ ਦੇ ਹਿਸਾਬ ਨਾਲ ਦਿਹਾੜੇ ਮਨਾਏ ਜਾਣ। ਇਹ ਮਤੇ ਕਾਨਫਰੰਸ ਵਿਚ ਹਾਜ਼ਰ ਸਾਧ ਸੰਗਤ ਵਲੋਂ ਪ੍ਰਵਾਨ ਕੀਤੇ ਜਾਂਦੇ ਹਨ।

ਪ੍ਰੋਗਰਾਮ ਦੌਰਾਨ ਭਾਈ ਮਹਿੰਦਰ ਸਿੰਘ ਅਤੇ ਜਥੇ ਵਲੋਂ ਕੀਰਤਨ ਕੀਤਾ ਗਿਆ ਤੇ ਅਨੰਦ ਸਾਹਿਬ ਦੇ ਪਾਠ ਕੀਤੇ ਗਏ। ਅੰਤ ਅਰਦਾਸ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ।

ਇਸ ਸੰਮੇਲਨ ਦੀ ਸਫਲਤਾ ਵਿਚ ਡਾ. ਪਰਮਜੀਤ ਕੌਰ, ਡਾ. ਪ੍ਰਦੀਪ ਸਿੰਘ ਗਿੱਲ, ਸ. ਅਮਰਦੇਵ ਸਿੰਘ ਬੰਦੇਸ਼ਾ, ਸ. ਅਵਤਾਰ ਸਿੰਘ ਬਾਸੀ, ਸ. ਅਮਰਜੀਤ ਸਿੰਘ, ਸ. ਸਰਵਣ ਸਿੰਘ ਬੋਲੀਨਾ, ਸ. ਪਰੀਤ ਮੋਹਨ ਸਿੰਘ, ਭਾਈ ਮਹਿੰਦਰ ਸਿੰਘ, ਡਾ. ਇੰਦਰਬੀਰ ਸਿੰਘ ਗਿੱਲ ਅਤੇ ਸ. ਇਰਵਿਨਪ੍ਰੀਤ ਸਿੰਘ ਨੇ ਵਿਸ਼ੇਸ਼ ਯੋਗਦਾਨ ਪਾਇਆ।



ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਡਾ. ਪਰਮਜੀਤ ਕੌਰ,ਪ੍ਰੋ: ਦਰਸ਼ਨ ਸਿੰਘ ਖਾਲਸਾ, ਸ. ਸੁਖਦੇਵ ਸਿੰਘ, ਸ. ਜਗਮੋਹਨ ਸਿੰਘ ਟੁਟ, ਸ. ਕੁਲਦੀਪ ਸਿੰਘ, ਸ. ਵਰਿੰਦਰ ਸਿੰਘ ਮਾਨ ਅਤੇ ਸ. ਸਰਬਜੀਤ ਸਿੰਘ ਸੈਕਰਾਮੈਂਟੋ।








ਤਸਵੀਰਾਂ: ਏਸ਼ੀਅਨ ਮੀਡੀਆ ਯੂ.ਐੱਸ.ਏ.

# ਹਵਾ ਪ੍ਰਦੂਸ਼ਣ: ਕਮਿਸ਼ਨ ਵੱਲੋਂ ਪੰਜਾਬ ਸਰਕਾਰ ਨੂੰ ਸਖਤੀ ਵਰਤਣ ਦੇ ਹੁਕਮ

**ਚੰਡੀਗੜ੍ਹ:** ਹਵਾ ਦੀ ਗੁਣਵੱਤਾ ਸਬੰਧੀ ਪ੍ਰਬੰਧਨ ਕਮਿਸ਼ਨ ਨੇ ਪਰਾਲੀ ਪ੍ਰਦੂਸ਼ਣ ਕਾਰਨ ਪੰਜਾਬ ਦੇ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਪੁਲਿਸ ਕਪਤਾਨਾਂ ਨੂੰ ਤਾੜਨਾ ਕਰਦੇ ਹੋਏ ਨਿਰਦੇਸ਼ ਦਿੱਤੇ ਹਨ ਕਿ ਜਿਨ੍ਹਾਂ ਵੱਲੋਂ ਪਰਾਲੀ ਨੂੰ ਅੱਗ ਲਾਈ ਜਾਂਦੀ ਹੈ, ਉਨ੍ਹਾਂ ਖ਼ਿਲਾਫ਼ ਸਖ਼ਤੀ ਨਾਲ ਪੇਸ਼ ਆਇਆ ਜਾਵੇ ਅਤੇ ਜਿਹੜੇ ਅਧਿਕਾਰੀ ਤੇ ਮੁਲਾਜ਼ਮ ਅੱਗ ਨੂੰ ਰੋਕਣ ਵਿਚ ਨਾਕਾਮ ਰਹਿੰਦੇ ਹਨ, ਉਨ੍ਹਾਂ ਖ਼ਿਲਾਫ਼ ਵੀ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।

ਹਵਾ ਦੀ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੇ ਚੇਅਰਮੈਨ ਰਾਜੇਸ਼ ਵਰਮਾ ਨੇ ਇੱਥੇ ਸੂਬੇ ਵਿਚ ਪਰਾਲੀ ਨੂੰ ਅੱਗ ਲਾਉਣ ਦੇ ਕੇਸਾਂ ਦੀ ਸਮੀਖਿਆ ਕੀਤੀ ਅਤੇ ਡਿਪਟੀ ਕਮਿਸ਼ਨਰਾਂ ਨੂੰ ਅਗਲੇ ਵਰ੍ਹੇ ਪੰਜਾਬ ਨੂੰ ਪਰਾਲੀ ਤੋਂ ਹੋਣ ਵਾਲੇ ਪ੍ਰਦੂਸ਼ਣ ਤੋਂ ਮੁਕਤ ਕਰਨ ਦਾ ਟੀਚਾ ਦਿੱਤਾ। ਇੱਥੇ ਪੰਜਾਬ ਭਵਨ ਵਿਚ 12 ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼. ਨੇ ਮੀਟਿੰਗ ਵਿਚ ਸ਼ਮੂਲੀਅਤ ਕੀਤੀ, ਜਦੋਂ ਕਿ ਬਾਕੀ ਡਿਪਟੀ ਕਮਿਸ਼ਨਰ ਵਰਚੁਅਲੀ ਮੀਟਿੰਗ ਵਿਚ ਸ਼ਾਮਲ ਹੋਏ। ਕਮਿਸ਼ਨ ਨੇ ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਕੇਂਦਰ ਬਿੰਦੂ ਵਿਚ ਰੱਖਿਆ ਜਿਨ੍ਹਾਂ ਦੇ ਜ਼ਿਲ੍ਹਿਆਂ ਵਿਚ ਪਰਾਲੀ ਸਾੜਨ ਦੇ ਕੇਸ ਜ਼ਿਆਦਾ ਆ ਰਹੇ ਹਨ। ਡਿਪਟੀ ਕਮਿਸ਼ਨਰਾਂ ਨੇ ਮੀਟਿੰਗ ਵਿਚ ਹਕੀਕੀ ਦਿੱਕਤਾਂ



ਕਮਿਸ਼ਨ ਅੱਗੇ ਰੱਖੀਆਂ। ਜਲੰਧਰ, ਸੰਗਰੂਰ, ਬਰਨਾਲਾ ਅਤੇ ਫ਼ਿਰੋਜ਼ਪੁਰ ਦੇ ਡਿਪਟੀ ਕਮਿਸ਼ਨਰਾਂ ਨੇ ਭਾਰਤੀ ਕਿਸਾਨ ਯੂਨੀਅਨਾਂ ਦੇ ਦਬਾਅ ਦੀ ਗੱਲ ਕੀਤੀ ਅਤੇ ਕਿਹਾ ਕਿ ਯੂਨੀਅਨ ਆਗੂ ਪਰਾਲੀ ਸਾੜਨ ਤੋਂ ਰੋਕਣ ਲਈ ਡਿਊਟੀ 'ਤੇ ਤਾਇਨਾਤ ਕੀਤੇ ਨੋਡਲ ਅਫ਼ਸਰਾਂ ਆਦਿ ਨੂੰ ਬੰਦੀ ਬਣਾ ਲੈਂਦੇ ਹਨ। ਤਰਨ ਤਾਰਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਹ ਕੰਡਿਆਲੀ ਤਾਰ ਤੋਂ ਪਾਰ ਅੱਗਾਂ 'ਤੇ ਕਾਬੂ ਪਾਉਣ ਲਈ ਬੀ.ਐਸ.ਐਫ. ਦੀ ਮਦਦ ਵੀ ਲੈ ਰਹੇ ਹਨ।

ਕਮਿਸ਼ਨ ਦੇ ਚੇਅਰਮੈਨ ਨੇ ਪਰਾਲੀ ਸਾੜਨ ਵਾਲੇ ਕਿਸਾਨਾਂ ਅਤੇ ਅੱਗਾਂ ਰੋਕਣ ਵਿਚ ਨਾਕਾਮ ਰਹਿਣ ਵਾਲੇ ਮੁਲਾਜ਼ਮਾਂ ਤੇ ਅਧਿਕਾਰੀਆਂ ਖ਼ਿਲਾਫ਼ ਕੀਤੀ ਕਾਰਵਾਈ ਦੀ ਤਫ਼ਸੀਲ ਪੁੱਛੀ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੂੰ ਵੀ ਨੋਟਿਸ ਜਾਰੀ ਕੀਤੇ ਗਏ ਹਨ, ਉਨ੍ਹਾਂ ਦਾ ਹਫ਼ਤੇ ਦੇ ਅੰਦਰ ਨਿਪਟਾਰਾ ਕੀਤਾ ਜਾਵੇ। ਕਮਿਸ਼ਨ ਨੇ ਸਪੱਸ਼ਟ ਲਫ਼ਜ਼ਾਂ ਵਿਚ ਕਿਹਾ ਕਿ ਅੱਗ ਲੱਗਣ ਦੀ ਹਰੇਕ ਘਟਨਾ ਵਿਚ ਕਾਰਵਾਈ ਕੀਤੀ ਜਾਵੇ। ਡਿਪਟੀ ਕਮਿਸ਼ਨਰਾਂ ਨੇ ਇਹ ਤਰਕ ਵੀ ਦਿੱਤਾ ਕਿ ਮੌਜੂਦਾ ਸਮੇਂ ਸੂਬੇ ਵਿਚ ਝੋਨੇ ਦੀ ਖ਼ਰੀਦ ਦਾ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੈ। ਖ਼ਰੀਦ ਵਿਚ ਵੀ ਕਾਫ਼ੀ ਅੜਿੱਕੇ ਬਣੇ ਹੋਏ ਹਨ ਅਤੇ ਨਾਲ ਹੀ ਡੀ.ਏ.ਪੀ. ਦੇ ਸੰਕਟ ਤੋਂ ਇਲਾਵਾ ਜ਼ਿਮਨੀ ਚੋਣਾਂ ਦਾ ਕੰਮ ਸਿਖ਼ਰ 'ਤੇ ਹੋਣ ਦੀ ਗੱਲ ਵੀ ਆਖੀ। ਪਤਾ ਲੱਗਾ ਹੈ ਕਿ ਮਾਨਸਾ ਦੇ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਮੀਟਿੰਗ ਵਿਚ ਦਲੀਲ ਦਿੱਤੀ ਕਿ ਮਾਨਸਾ ਜ਼ਿਲ੍ਹੇ ਵਿਚ ਪਿਛਲੇ ਤਿੰਨ ਸਾਲਾਂ ਵਿਚ ਝੋਨੇ ਹੇਠਲਾ ਰਕਬਾ 23 ਫ਼ੀਸਦੀ ਵਧ ਗਿਆ ਹੈ ਜਦੋਂ ਕਿ ਇਸ ਵਿਚ ਕਮੀ ਆਉਣੀ ਚਾਹੀਦੀ ਸੀ।

### ਪੰਜਾਬ ਵਿਚ 71 ਫ਼ੀਸਦੀ ਕੇਸਾਂ ਦੀ ਕਮੀ ਦਰਜ

**ਚੰਡੀਗੜ੍ਹ:** ਹਵਾ ਦੀ ਗੁਣਵੱਤਾ ਸਬੰਧੀ ਪ੍ਰਬੰਧਨ ਕਮਿਸ਼ਨ ਨੇ ਪੰਜਾਬ ਵਿਚ ਪਰਾਲੀ ਸਾੜਨ ਦੇ ਕੇਸਾਂ ਵਿਚ 71 ਫ਼ੀਸਦੀ ਕਮੀ 'ਤੇ ਤਸੱਲੀ ਜ਼ਾਹਿਰ ਕੀਤੀ ਅਤੇ ਪੰਜਾਬ ਸਰਕਾਰ ਨੂੰ ਇਸ ਦਿਸ਼ਾ ਵੱਲ ਹੋਰ ਕਦਮ ਉਠਾਉਣ ਲਈ ਕਿਹਾ ਹੈ। ਚੇਅਰਮੈਨ ਰਾਜੇਸ਼ ਵਰਮਾ ਨੇ ਕਿਹਾ ਕਿ 30 ਨਵੰਬਰ ਤੱਕ ਪਰਾਲੀ ਸਾੜਨ ਦਾ ਅਮਲ ਸਿਖ਼ਰ 'ਤੇ ਹੁੰਦਾ ਹੈ, ਉਦੋਂ ਤੱਕ ਲਗਾਤਾਰ ਸਰਗਰਮੀ ਰੱਖੀ ਜਾਵੇ। ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਦੱਸਿਆ ਕਿ ਪਿੰਡ ਪੱਧਰ 'ਤੇ ਮਾਈਕਰੋ ਯੋਜਨਾਬੰਦੀ ਕੀਤੀ ਜਾ ਰਹੀ ਹੈ। ਵਧੀਕ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਦੱਸਿਆ ਕਿ ਆਉਂਦੇ ਦਿਨਾਂ ਵਿੱਚ ਨਿਗਰਾਨੀ ਵਧਾਈ ਜਾਵੇਗੀ।

### ਪੰਜਾਬ ਨਾਲੋਂ ਹਰਿਆਣਾ 'ਚ ਹਾਲਾਤ ਵਿਗੜੇ

**ਚੰਡੀਗੜ੍ਹ:** ਹਵਾ ਪ੍ਰਦੂਸ਼ਣ ਦੇ ਮਾਮਲੇ ਵਿਚ ਪੰਜਾਬ ਨਾਲੋਂ ਹਰਿਆਣਾ ਅੱਗੇ ਨਿਕਲ ਗਿਆ ਹੈ। ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਅਨੁਸਾਰ ਦੇਸ਼ ਦੇ 268 ਸ਼ਹਿਰਾਂ ਚੋਂ ਅਜਿਹੇ 26 ਸ਼ਹਿਰਾਂ ਦੀ ਸ਼ਨਾਖ਼ਤ ਕੀਤੀ ਗਈ ਹੈ, ਜਿਨ੍ਹਾਂ ਵਿਚ ਹਵਾ ਦੀ ਗੁਣਵੱਤਾ 'ਅਤਿ ਮਾੜੀ' ਪੱਧਰ 'ਤੇ ਪੁੱਜ ਗਈ ਹੈ ਜਦੋਂ ਕਿ ਇਸ ਤੋਂ ਇਲਾਵਾ ਦਿੱਲੀ ਅਤੇ ਹਾਜ਼ੀਪੁਰ 'ਚ ਹਵਾ ਦੀ ਗੁਣਵੱਤਾ ਗੰਭੀਰ ਪੱਧਰ 'ਤੇ ਪੁੱਜ ਗਈ ਹੈ। ਪੰਜਾਬ ਦੇ ਅੰਮ੍ਰਿਤਸਰ ਤੇ ਮੰਡੀ ਗੋਬਿੰਦਗੜ੍ਹ ਦੀ ਹਵਾ ਗੁਣਵੱਤਾ 'ਅਤਿ ਮਾੜੀ' ਸ਼੍ਰੇਣੀ ਵਿਚ ਪੁੱਜ ਗਈ ਹੈ।

# ਕੇਂਦਰ ਨੇ ਜਥੇਦਾਰ ਹਰਪ੍ਰੀਤ ਸਿੰਘ ਦੀ ਜ਼ੈੱਡ ਸ਼੍ਰੇਣੀ ਸੁਰੱਖਿਆ ਵਾਪਸ ਲਈ

**ਅੰਮ੍ਰਿਤਸਰ:** ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕੀਤੀ ਅਪੀਲ ਤੋਂ ਬਾਅਦ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਦਿੱਤੀ ਹੋਈ ਜ਼ੈੱਡ ਸ਼੍ਰੇਣੀ ਦੀ ਸੁਰੱਖਿਆ ਵਾਪਸ ਲੈ ਲਈ ਹੈ। ਹੁਣ ਉਨ੍ਹਾਂ ਕੋਲ ਪੰਜਾਬ ਸਰਕਾਰ ਵੱਲੋਂ ਦਿੱਤੀ ਸੁਰੱਖਿਆ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਮੁਹੱਈਆ ਕੀਤੇ ਸੁਰੱਖਿਆ ਮੁਲਾਜ਼ਮ ਹੀ ਹਨ।



ਕੇਂਦਰ ਵੱਲੋਂ ਜ਼ੈੱਡ ਸੁਰੱਖਿਆ ਵਾਪਸ ਲੈਣ ਦੀ ਪੁਸ਼ਟੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕੀਤੀ ਗਈ ਹੈ। ਕੇਂਦਰ ਸਰਕਾਰ ਵੱਲੋਂ ਸੁਰੱਖਿਆ ਵਾਪਸ ਲੈਣ ਦੇ ਆਦੇਸ਼ ਜਾਰੀ ਕਰ ਦਿੱਤੇ ਗਏ ਸਨ। ਇਸ ਮਗਰੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਹ ਜ਼ੈੱਡ ਸੁਰੱਖਿਆ ਵਾਪਸ ਭੇਜ ਦਿੱਤੀ। ਅਕਾਲ ਤਖ਼ਤ ਦੇ ਜਥੇਦਾਰ ਦੇ ਨਿੱਜੀ ਸਹਾਇਕ ਜਸਪਾਲ ਸਿੰਘ, ਜੋ ਇਸ ਤੋਂ ਪਹਿਲਾਂ ਗਿਆਨੀ ਹਰਪ੍ਰੀਤ ਸਿੰਘ ਦੇ ਨਾਲ ਨਿੱਜੀ ਸਹਾਇਕ ਸਨ, ਨੇ ਦੱਸਿਆ ਕਿ ਦੋ ਸਾਲ ਪਹਿਲਾਂ ਜਦੋਂ ਪੰਜਾਬ ਪੁਲਿਸ ਵੱਲੋਂ ਸੁਰੱਖਿਆ 'ਚ ਕਟੌਤੀ ਕੀਤੀ ਗਈ ਸੀ ਤਾਂ ਉਸ ਵੇਲੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਕੇਂਦਰ ਵੱਲੋਂ ਜ਼ੈੱਡ ਸੁਰੱਖਿਆ ਮੁਹੱਈਆ ਕੀਤੀ ਗਈ ਸੀ। ਉਹ ਉਸ ਵੇਲੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਸਨ। ਜ਼ੈੱਡ ਸੁਰੱਖਿਆ ਵਿਚ ਲਗਭਗ 21 ਸੁਰੱਖਿਆ ਮੁਲਾਜ਼ਮ ਸ਼ਾਮਲ ਸਨ। ਇਹ ਸਾਰੇ ਸੁਰੱਖਿਆ ਮੁਲਾਜ਼ਮ ਪਰਤ ਗਏ। ਜ਼ੈੱਡ ਸੁਰੱਖਿਆ ਵਾਪਸ ਲੈਣ ਲਈ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਕੇਂਦਰ ਨੂੰ ਦੋ-ਤਿੰਨ ਪੱਤਰ ਭੇਜੇ ਜਾ ਚੁੱਕੇ ਸਨ। ਉਹ ਚਾਹੁੰਦੇ ਸਨ ਕਿ ਇਹ ਜ਼ੈੱਡ ਸੁਰੱਖਿਆ ਵਾਪਸ ਲੈ ਲਈ ਜਾਵੇ।

# ਜਿੰਦਰ ਨੂੰ ਢਾਹਾਂ ਪੰਜਾਬੀ ਸਾਹਿਤ ਪੁਰਸਕਾਰ

**ਵੈਨਕੂਵਰ:** ਨਵਾਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਢਾਹਾਂ ਤੋਂ ਦਹਾਕੇ ਪਹਿਲਾਂ ਕੈਨੇਡਾ ਆ ਕੇ ਵਸੇ ਢਾਹਾਂ ਪਰਿਵਾਰ ਵੱਲੋਂ ਸ਼ੁਰੂ ਕੀਤੇ ਢਾਹਾਂ ਪੰਜਾਬੀ ਸਹਿਤ ਇਨਾਮਾਂ ਦੀ ਲੜੀ ਹੇਠ ਉੱਤਮ ਕਿਤਾਬਾਂ ਦੇ ਲਿਖਾਰੀਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਇਨਾਮ ਵੰਡੇ ਗਏ। 25 ਹਜ਼ਾਰ ਡਾਲਰ ਦਾ ਪਹਿਲਾ ਇਨਾਮ ਪੰਜਾਬੀ ਲੇਖਕ ਤੇ ਪੰਜਾਬ ਰੋਡਵੇਜ਼ ਤੋਂ ਸੇਵਾਮੁਕਤ ਹੋਏ ਜਲੰਧਰ ਦੇ ਰਹਿਣ ਵਾਲੇ ਜਿੰਦਰ ਨੂੰ ਉਸ ਦੀ ਕਿਤਾਬ 'ਸੇਫਟੀ ਕਿੱਟ' ਲਈ ਦਿੱਤਾ ਗਿਆ। ਇਸੇ ਤਰ੍ਹਾਂ ਜੰਮੂ ਦੀ ਰਹਿਣ ਵਾਲੀ ਸੁਰਿੰਦਰ ਨੀਰ ਨੂੰ ਕਿਤਾਬ 'ਟੈਬੂ' ਲਈ ਅਤੇ ਸ਼ਹਿਜ਼ਾਦ ਅਸਲਮ ਨੂੰ ਸ਼ਾਹਮੁਖੀ 'ਚ ਲਿਖੀ ਕਿਤਾਬ 'ਜੰਗਲ ਦੇ ਰਾਖੇ' ਲਈ 10-10 ਹਜ਼ਾਰ ਡਾਲਰ ਦਾ ਇਨਾਮ ਦਿੱਤਾ ਗਿਆ। ਇਸ ਮੌਕੇ ਬਰਜ ਢਾਹਾਂ ਨੇ ਕਿਹਾ ਕਿ ਇਸ ਵਾਰ ਦੀਆਂ ਜੇਤੂ ਕਿਤਾਬਾਂ ਦਾ ਪੰਜਾਬੀ ਤੋਂ ਸ਼ਾਹਮੁਖੀ ਅਤੇ ਸ਼ਾਹਮੁਖੀ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਵਾਲੇ ਨੂੰ 6 ਹਜ਼ਾਰ ਡਾਲਰ ਦਾ ਇਨਾਮ ਦਿੱਤਾ ਜਾਵੇਗਾ। ਇਸ ਦੌਰਾਨ ਜਿੰਦਰ ਨੇ ਕਿਹਾ ਕਿ ਉਸ ਨੇ ਇਸ ਵੱਕਾਰੀ ਪੁਸਰਕਾਰ ਬਾਰੇ ਕਦੇ ਸੁਫਨੇ ਵਿਚ ਵੀ ਨਹੀਂ ਸੋਚਿਆ ਸੀ। ਇਹ



ਪੁਰਸਕਾਰ ਮਿਲਣ ਤੋਂ ਬਾਅਦ ਉਸ 'ਤੇ ਹੋਰ ਚੰਗਾ ਲਿਖਣ ਦੀ ਜ਼ਿੰਮੇਵਾਰੀ ਆ ਪਈ ਹੈ। ਸੁਰਿੰਦਰ ਨੀਰ ਨੇ ਕਿਹਾ ਕਿ ਆਖਰੀ ਤਿੰਨਾਂ ਲੇਖਕਾਂ ਦੀ ਸੂਚੀ ਵਿਚ ਆਉਣ ਦੀ ਖੁਸ਼ੀ ਉਸ ਕੋਲੋਂ ਸਾਂਭੀ ਨਹੀਂ ਜਾ ਰਹੀ ਹੈ। ਸ਼ਹਿਜ਼ਾਦ ਅਸਲਮ ਨੇ ਕਿਹਾ ਕਿ ਉਸ ਦਾ ਲਿਖਣ ਦਾ ਜਨੂੰਨ ਹੁਣ ਜੋਸ਼ ਵਿਚ ਬਦਲ ਗਿਆ ਹੈ। ਇਸ ਮੌਕੇ ਬੀਸੀ ਵਿਧਾਨ ਸਭਾ ਦੇ ਮੈਂਬਰ ਤੇ ਸਾਬਕਾ ਸਪੀਕਰ ਰਾਜ ਚੌਹਾਨ ਨੇ ਕਿਹਾ ਕਿ ਢਾਹਾਂ ਪਰਿਵਾਰ ਦੀ ਇਸੇ ਕੋਸ਼ਿਸ਼ ਤੋਂ ਸੇਧ ਲੈ ਕੇ ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਹਰ ਸਾਲ ਪੰਜਾਬੀ ਸਾਹਿਤ ਹਫ਼ਤਾ ਮਨਾਇਆ ਜਾਂਦਾ ਹੈ।

# ਪੰਨੂ ਕੇਸ: ਟਰੰਪ ਨੇ ਰਾਅ ਅਧਿਕਾਰੀ ਖਿਲਾਫ ਕੇਸ ਦਰਜ ਕਰਨ ਵਾਲਾ ਜ਼ਿਲ੍ਹਾ ਅਟਾਰਨੀ ਬਦਲਿਆ

**ਨਿਊ ਯਾਰਕ:** ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਖਾਲਿਸਤਾਨੀ ਆਗੂ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਭਾਰਤੀ ਖ਼ੁਫ਼ੀਆ ਏਜੰਸੀ ਰਾਅ ਦੇ ਸਾਬਕਾ ਅਧਿਕਾਰੀ ਵਿਕਾਸ ਯਾਦਵ ਖ਼ਿਲਾਫ਼ ਕੇਸ ਦਰਜ ਕਰਨ ਵਾਲੇ ਜ਼ਿਲ੍ਹਾ ਅਟਾਰਨੀ ਨੂੰ ਬਦਲਣ ਦਾ ਫ਼ੈਸਲਾ ਕੀਤਾ ਹੈ। ਟਰੰਪ ਨੇ ਐਲਾਨ ਕੀਤਾ ਕਿ ਉਹ ਸਕਿਊਰਿਟੀਜ਼ ਐਂਡ ਐਕਸਚੇਂਜ ਕਮਿਸ਼ਨ ਦੇ ਸਾਬਕਾ ਚੇਅਰਮੈਨ ਜੇਅ ਕਲੇਅਟਨ ਨੂੰ ਨਿਊ ਯਾਰਕ ਦੇ ਦੱਖਣੀ ਡਿਸਟ੍ਰਿਕਟ ਦੇ ਜ਼ਿਲ੍ਹਾ ਅਟਾਰਨੀ ਵਜੋਂ ਨਾਮਜ਼ਦ ਕਰ ਰਹੇ ਹਨ। ਟਰੰਪ ਨੇ 'ਟਰੁੱਥ ਸੋਸ਼ਲ ਪੋਸਟ' ਵਿਚ ਕਿਹਾ, "ਜੇਅ ਸੱਚਾਈ ਦੇ ਮਜ਼ਬੂਤ ਯੋਧਾ ਬਣ ਰਹੇ ਹਨ ਕਿਉਂਕਿ ਅਸੀਂ ਅਮਰੀਕਾ ਨੂੰ ਮੁੜ ਤੋਂ ਮਹਾਨ ਬਣਾ ਰਹੇ ਹਾਂ।" ਸੈਨੇਟ 'ਚ ਮੋਹਰ ਲੱਗਣ ਮਗਰੋਂ ਕਲੇਅਟਨ, ਡੇਮੀਅਨ ਵਿਲੀਅਮਜ਼ ਦੀ ਥਾਂ ਲੈਣਗੇ ਜੋ ਰਵਾਇਤ ਮੁਤਾਬਕ 21 ਜਨਵਰੀ ਨੂੰ ਰਾਸ਼ਟਰਪਤੀ ਬਦਲਣ ਮਗਰੋਂ ਅਸਤੀਫ਼ਾ ਦੇ ਦੇਣਗੇ ਜਾਂ ਉਨ੍ਹਾਂ ਨੂੰ ਅਹੁਦੇ ਤੋਂ ਲਾਂਭੇ




ਕਰ ਦਿੱਤਾ ਜਾਵੇਗਾ। ਪਿਛਲੇ ਮਹੀਨੇ ਵਿਲੀਅਮਜ਼ ਨੇ ਰਾਅ ਦੇ ਸਾਬਕਾ ਅਧਿਕਾਰੀ ਵਿਕਾਸ ਯਾਦਵ ਖ਼ਿਲਾਫ਼ ਕੇਸ ਦਰਜ ਕੀਤਾ ਸੀ ਜਿਸ 'ਤੇ ਦੋਸ਼ ਹੈ ਕਿ ਉਸ ਨੇ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਲਈ ਇਕ ਵਿਅਕਤੀ ਨੂੰ ਸੁਪਾਰੀ ਦਿੱਤੀ ਸੀ। ਇਸ ਤੋਂ ਪਹਿਲਾਂ ਵਿਲੀਅਮਜ਼ ਨੇ ਪਿਛਲੇ ਸਾਲ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਮਾਮਲੇ 'ਚ ਸਹਿ-ਸਾਜ਼ਿਸ਼ਕਾਰ ਬਣਾਇਆ ਸੀ। ਨਿਖਿਲ ਨੂੰ ਚੈੱਕ ਗਣਰਾਜ ਤੋਂ ਜੂਨ 'ਚ ਅਮਰੀਕਾ ਲਿਆਂਦਾ ਗਿਆ ਸੀ ਅਤੇ ਉਸ ਦਾ ਨਿਊ ਯਾਰਕ ਅਦਾਲਤ ਦੇ ਸਦਰਨ ਡਿਸਟ੍ਰਿਕਟ 'ਚ ਵੱਖਰੇ ਤੌਰ ਉਤੇ ਮੁਕੱਦਮਾ ਚੱਲ ਰਿਹਾ ਹੈ। ਉਸ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ ਅਤੇ ਮਾਮਲੇ ਦੀ ਸੁਣਵਾਈ ਅਗਲੇ ਸਾਲ 19 ਜਨਵਰੀ ਨੂੰ ਹੋਵੇਗੀ। ਜੇ ਵਿਲੀਅਮਜ਼ ਅਸਤੀਫ਼ਾ ਦੇ ਦਿੰਦਾ ਹੈ ਤਾਂ ਵੀ ਉਸ ਦੇ ਦਫ਼ਤਰ ਦੇ ਵਕੀਲ ਨਵੇਂ ਅਟਾਰਨੀ ਜਨਰਲ ਦੇ ਅਹੁਦਾ ਸੰਭਾਲਣ ਤੱਕ ਪੈਰਵੀ ਜਾਰੀ ਰਖਣਗੇ।

## ਗੋਲੀਆਂ ਮਾਰ ਕੇ ਨਵੇਂ ਚੁਣੇ ਸਰਪੰਚ ਦੀ ਹੱਤਿਆ

**ਤਰਨ ਤਾਰਨ:** ਪਿੰਡ ਲਾਲੂ ਘੁੰਮਣ ਦੇ ਨਵੇਂ ਚੁਣੇ ਸਰਪੰਚ ਪ੍ਰਤਾਪ ਸਿੰਘ (65) ਦੀ ਪਿੰਡ ਵਿਚ ਹੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਸਰਪੰਚ ਦਾ ਇਕ ਸਾਥੀ ਜ਼ਖ਼ਮੀ ਹੋ ਗਿਆ। ਹੱਤਿਆ ਦਾ ਕਾਰਨ ਪੁਰਾਣੀ ਰੰਜਿਸ਼ ਦੱਸਿਆ ਜਾ ਰਿਹਾ ਹੈ। ਸਰਪੰਚ 'ਆਪ' ਦਾ ਆਗੂ ਸੀ। ਉਹ ਪਿੰਡ ਦੇ ਗੁਰਦੁਆਰੇ ਤੋਂ ਭੋਗ ਵਿਚ ਹਾਜ਼ਰੀ ਭਰ ਕੇ ਆਪਣੇ ਸਾਥੀ ਬੁੱਧ ਸਿੰਘ ਨਾਲ ਬਾਹਰ ਆ ਕੇ ਮੋਟਰ ਸਾਈਕਲ ਲੈਣ ਜਾ ਰਿਹਾ ਸੀ ਤਾਂ ਉਸ 'ਤੇ ਪਿੱਛੋਂ ਕਿਸੇ ਨੇ ਗੋਲੀ ਚਲਾ ਦਿੱਤੀ। ਲੋਕਾਂ ਨੇ ਹਮਲਾਵਰ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਮੋਟਰਸਾਈਕਲ 'ਤੇ ਫਰਾਰ ਹੋ ਗਿਆ। ਉਸ ਨੇ ਮਾਸਕ ਲਾਇਆ ਹੋਇਆ ਸੀ। ਦੋਹਾਂ ਜਣਿਆਂ ਨੂੰ ਤੁਰਤ ਤਰਨ ਤਾਰਨ ਦੇ ਸਿਵਲ ਹਸਪਤਾਲ ਲਿਆਂਦਾ ਗਿਆ ਜਿੱਥੇ ਡਾਕਟਰਾਂ ਨੇ ਪ੍ਰਤਾਪ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ। ਬੁੱਧ ਸਿੰਘ ਸਿਵਲ ਹਸਪਤਾਲ ਵਿਚ ਜ਼ੇਰੇ ਇਲਾਜ ਹੈ।

# ਪ੍ਰਕਾਸ਼ ਪੁਰਬ ਮੌਕੇ ਢਾਈ ਕੁਇੰਟਲ ਦੀ ਪਾਲਕੀ ਪਾਕਿਸਤਾਨ ਭੇਜੀ

**ਚੰਡੀਗੜ੍ਹ:** ਨਿਰੋਲ ਸੇਵਾ ਸੰਸਥਾ ਸ੍ਰੀ ਮੁਕਤਸਰ ਸਾਹਿਬ ਨੇ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਮੌਕੇ 250 ਕਿਲੋ ਵਜ਼ਨੀ ਸੁੰਦਰ ਗੋਲਡਨ ਸਟੀਲ ਦੀ ਪਾਲਕੀ ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਭੇਜੀ। ਵਾਹਗਾ ਸਰਹੱਦ 'ਤੇ ਇਹ ਪਾਲਕੀ ਸ੍ਰੀ ਕਰਤਾਰਪੁਰ ਸਾਹਿਬ ਦੇ ਇੰਦਰਜੀਤ ਸਿੰਘ ਤੇ ਹੋਰਨਾਂ ਪ੍ਰਬੰਧਕਾਂ ਨੇ ਸਾਂਭੀ।

ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਿੰਘ ਸਭਾ ਬਲੋਚਿਸਤਾਨ ਕੋਇਟਾ (ਪਾਕਿਸਤਾਨ) ਵਿਚ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਭੇਜੇ ਗਏ। ਇਹ ਸੇਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਅੰਤ੍ਰਿਮ ਕਮੇਟੀ ਦੀ ਪ੍ਰਵਾਨਗੀ ਨਾਲ ਨਿਭਾਈ ਗਈ।

ਨਿਰੋਲ ਸੇਵਾ ਸੰਸਥਾ ਦੇ ਪ੍ਰਧਾਨ ਡਾ. ਜਗਦੀਪ ਸਿੰਘ ਸੋਢੀ ਨੇ ਕਿਹਾ ਕਿ ਪਾਕਿਸਤਾਨ



ਵਿਚ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੇ ਇਕ ਲਿਖਤੀ ਪੱਤਰ ਰਾਹੀਂ ਪਾਲਕੀ ਸਾਹਿਬ ਦੀ ਸੇਵਾ ਦੀ ਮੰਗ ਕੀਤੀ ਸੀ। ਇਸ ਨੂੰ ਧਿਆਨ ਵਿਚ ਰੱਖਦਿਆਂ ਦੋ ਮਹੀਨਿਆਂ ਵਿਚ 250 ਕਿਲੋ ਵਜ਼ਨੀ ਗੋਲਡਨ ਸਟੀਲ ਦੀ ਪਾਲਕੀ ਤਿਆਰ ਕੀਤੀ ਗਈ ਹੈ।

## ਇਟਲੀ ਵਿਚ ਪੰਜਾਬੀ ਨੌਜਵਾਨ ਦੀ ਟਰੈਕਟਰ ਹੇਠ ਆਉਣ ਕਾਰਨ ਮੌਤ

**ਕਪੂਰਥਲਾ:** ਸਬ-ਡਿਵੀਜ਼ਨ ਸੁਲਤਾਨਪੁਰ ਲੋਧੀ ਦੇ ਪਿੰਡ ਤਾਸ਼ਪੁਰ ਦੇ ਨੌਜਵਾਨ ਮਨਜਿੰਦਰ ਸਿੰਘ ਦੀ ਇਟਲੀ ਵਿਚ ਟਰੈਕਟਰ ਹੇਠਾਂ ਆਉਣ ਕਾਰਨ ਮੌਤ ਹੋ ਗਈ। ਮਨਜਿੰਦਰ ਲੰਮੇ ਸਮੇਂ ਤੋਂ ਪਰਿਵਾਰ ਸਮੇਤ ਇਟਲੀ ਦੇ ਸੂਬੇ ਕੰਪਾਨੀਆ ਦੇ ਸ਼ਹਿਰ ਬੱਤੀਪਾਲੀਆ ਨੇੜੇ ਪੈਂਦੇ ਇਲਾਕੇ ਈਬੋਲੀ 'ਚ ਰਹਿ ਰਿਹਾ ਸੀ। ਉਸ ਨਾਲ ਕੰਮ ਕਰਦੇ ਮਨਿੰਦਰ ਸਿੰਘ ਬੱਲ ਨੇ ਦੱਸਿਆ ਕਿ ਮਨਜਿੰਦਰ ਟਰੈਕਟਰ ਪਿੱਛੇ ਰੂਟਾਵੇਟਰ ਪਾ ਕੇ ਵਾਹੀ ਕਰ ਰਿਹਾ ਸੀ। ਮਨਿੰਦਰ ਦੁਪਹਿਰ ਨੂੰ ਕੰਮ ਛੱਡ ਕੇ ਥੋੜ੍ਹੀ ਦੂਰ ਖੇਤਾਂ 'ਚ ਅਰਾਮ ਕਰਨ ਚਲਾ ਗਿਆ। ਕੁਝ ਸਮੇਂ ਬਾਅਦ ਉਸ ਨੇ ਮਨਜਿੰਦਰ ਦੇ ਫੋਨ 'ਤੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਫੋਨ ਨਾ ਚੁੱਕਿਆ। ਮਗਰੋਂ ਉਸ ਨੇ ਨੇੜਲੇ ਖੇਤ 'ਚ ਕੰਮ ਕਰਦੇ ਨੌਜਵਾਨ ਨੂੰ ਫੋਨ ਕਰਕੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਨ੍ਹਾਂ ਦੇ ਖੇਤ ਵਿਚ ਮਜ਼ਦੂਰ ਦੀ ਟਰੈਕਟਰ ਹੇਠਾਂ ਆਉਣ ਕਾਰਨ ਮੌਤ ਹੋ ਗਈ ਹੈ।

# ਸਮਕਾਲੀ ਅਮਰੀਕੀ ਪੰਜਾਬੀ ਸਾਹਿਤ ਬਾਰੇ ਕਾਨਫ਼ਰੰਸ ਸਫ਼ਲਤਾ ਸਹਿਤ ਸੰਪੰਨ

**ਸਟਾਕਟਨ:** ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਵੱਲੋਂ ਸਮਕਾਲੀ ਅਮਰੀਕੀ ਪੰਜਾਬੀ ਸਾਹਿਤ ਬਾਰੇ ਸਟਾਕਟਨ (ਕੈਲੀਫੋਰਨੀਆ) ਵਿਖੇ ਕਰਵਾਈ ਗਈ ਕਾਨਫ਼ਰੰਸ ਸਫ਼ਲਤਾ ਸਹਿਤ ਸੰਪੰਨ ਹੋ ਗਈ। ਇਹ ਕਾਨਫ਼ਰੰਸ ਕਾਮਾਗਾਟਾ ਮਾਰੂ ਜਹਾਜ਼ ਦੇ ਸ਼ਹੀਦਾਂ ਨੂੰ ਸਮਰਪਿਤ ਸੀ। ਕਾਨਫ਼ਰੰਸ ਦਾ ਆਰੰਭ ਸਭਾ ਦੇ ਪ੍ਰਧਾਨ ਕੁਲਵੰਤ ਸਿੰਘ ਸੇਖੋਂ ਦੇ ਸੁਆਗਤੀ ਸ਼ਬਦਾਂ ਨਾਲ ਹੋਇਆ। ਉਪਰੰਤ, ਕਾਮਾਗਾਟਾ ਮਾਰੂ ਜਹਾਜ਼ ਦੇ ਸ਼ਹੀਦਾਂ ਦੇ ਮਹਾਨ ਬਲਿਦਾਨ ਬਾਰੇ ਪ੍ਰਸਿੱਧ ਵਿਦਵਾਨ ਡਾ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ ਦਾ ਸੁਨੇਹਾ ਹਰਪ੍ਰੀਤ ਕੌਰ ਧੂਤ ਨੇ ਪੜ੍ਹ ਕੇ ਸੁਣਾਇਆ। ਪ੍ਰੋ. ਹਰਭਜਨ ਸਿੰਘ ਨੇ ਇਨ੍ਹਾਂ ਸ਼ਹੀਦਾਂ ਦੀ ਅਦੁੱਤੀ ਸ਼ਹਾਦਤ ਦੇ ਇਤਿਹਾਸਕ ਪ੍ਰਸੰਗ ਅਤੇ ਉਨ੍ਹਾਂ ਦੇ ਮਹਾਨ ਬਲਿਦਾਨ ਦੀ ਅਜੋਕੀ ਸਾਰਥਕਤਾ ਬਾਰੇ ਆਪਣੇ ਖੋਜ ਭਰਪੂਰ ਵਿਚਾਰ ਪੇਸ਼ ਕੀਤੇ।

ਡਾ. ਗੁਰਪਾਲ ਸਿੰਘ ਸੰਧੂ ਅਤੇ ਡਾ. ਮਨਜਿੰਦਰ ਸਿੰਘ ਦੁਆਰਾ ਸੰਪਾਦਿਤ ਖੋਜ-ਪੱਤਰ ਸੰਗ੍ਰਹਿ 'ਸਮਕਾਲੀ ਅਮਰੀਕੀ ਪੰਜਾਬੀ ਸਾਹਿਤ'



ਹਾਜ਼ਰ ਨਾਮਵਰ ਸਾਹਿਤਕਾਰਾਂ ਵੱਲੋਂ ਰਿਲੀਜ਼ ਕੀਤਾ ਗਿਆ। ਇਸ ਸੰਗ੍ਰਹਿ ਵਿਚ ਪੰਜਾਬੀ ਸਾਹਿਤ ਦੇ ਵਿਧੀਵਤ ਮੁਲਾਂਕਣ ਨਾਲ ਜੁੜੇ ਹੋਏ ਨੌਂ ਪ੍ਰਸਿੱਧ ਵਿਦਵਾਨਾਂ ਦੇ ਪੰਦਰਾਂ ਖੋਜ-ਪੱਤਰ ਸ਼ਾਮਲ ਹਨ, ਜਿਨ੍ਹਾਂ ਵਿਚ ਸਮਕਾਲੀ ਅਮਰੀਕੀ ਪੰਜਾਬੀ ਸਾਹਿਤ ਦੇ ਵਿਭਿੰਨ ਪਹਿਲੂਆਂ ਨੂੰ ਰੂਪ-ਬੱਧ ਅਤੇ ਸਿਧਾਂਤ-ਬੱਧ ਕੀਤਾ ਗਿਆ ਹੈ।

ਪਹਿਲੇ ਸੈਸ਼ਨ ਵਿਚ ਦੋ ਖੋਜ-ਪੱਤਰ ਪੇਸ਼ ਕੀਤੇ ਗਏ। ਡਾ. ਗੁਰਪਾਲ ਸਿੰਘ ਸੰਧੂ ਵੱਲੋਂ ਆਪਣਾ ਖੋਜ-ਪੱਤਰ 'ਸਮਕਾਲੀ ਅਮਰੀਕੀ ਪੰਜਾਬੀ ਸਾਹਿਤ: ਮਸਲੇ ਅਤੇ ਸਰੋਕਾਰ' ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ। ਡਾ. ਮਨਜਿੰਦਰ ਸਿੰਘ ਦਾ ਖੋਜ-ਪੱਤਰ 'ਸਮਕਾਲੀ ਅਮਰੀਕੀ ਪੰਜਾਬੀ ਕਹਾਣੀ ਦਾ ਨਵ-ਪ੍ਰਵਚਨ' ਡਾ. ਗੁਰਪ੍ਰੀਤ ਸਿੰਘ ਧੁੱਗਾ ਦੁਆਰਾ ਖ਼ੂਬਸੂਰਤ ਅੰਦਾਜ਼ ਅਤੇ ਬੁਲੰਦ ਆਵਾਜ਼ ਵਿਚ ਪੜ੍ਹ ਕੇ ਸੁਣਾਇਆ ਗਿਆ। ਦੋਵੇਂ ਖੋਜ-ਪੱਤਰ ਸਮਕਾਲੀ ਅਮਰੀਕੀ ਪੰਜਾਬੀ ਸਾਹਿਤ, ਖ਼ਾਸ ਕਰਕੇ ਕਵਿਤਾ ਅਤੇ ਕਹਾਣੀ ਦੇ ਰੂਪਾਕਾਰਾਂ ਰਾਹੀਂ ਪੇਸ਼ ਹੋ ਰਹੀ ਅਮਰੀਕੀ ਪੰਜਾਬੀ ਬੰਦੇ ਦੀ ਪਹਿਚਾਣ ਤੇ ਸਭਿਆਚਾਰਕ ਸ਼ਨਾਖ਼ਤ ਦੇ ਨਾਲ-ਨਾਲ ਪਰਵਾਸੀ ਬੰਦੇ ਦੀ ਹੋਂਦ, ਹੋਣੀ ਤੇ ਹਸਤੀ ਦੀ ਨਿਸ਼ਾਨਦੇਹੀ ਤੇ ਨਿਰਮਾਣਕਾਰੀ ਕਰਨ ਵਿਚ ਸਫ਼ਲ ਰਹੇ। ਇਨ੍ਹਾਂ ਖੋਜ-ਪੱਤਰਾਂ ਬਾਰੇ ਪ੍ਰੋ. ਬਲਜਿੰਦਰ ਸਿੰਘ ਸਵੈਚ ਅਤੇ ਦਵਿੰਦਰਪਾਲ ਸਿੰਘ ਭੱਟੀ ਨੇ ਸੰਜੀਦਾ ਤੇ ਮੁੱਲਵਾਨ ਟਿੱਪਣੀਆਂ ਕੀਤੀਆਂ ਅਤੇ ਕੁਝ ਸਵਾਲ ਜਵਾਬ ਵੀ ਹੋਏ। ਇਸ ਸੈਸ਼ਨ ਦੀ ਪ੍ਰਧਾਨਗੀ ਡਾ. ਗੁਰਪਾਲ ਸਿੰਘ ਸੰਧੂ ਤੇ ਸੁਖਵਿੰਦਰ ਕੰਬੋਜ ਨੇ ਕੀਤੀ।

ਮੰਚ ਸੰਚਾਲਨ ਦੀ ਜ਼ਿੰਮੇਵਾਰੀ ਮਨਦੀਪ ਗੋਰਾ ਤੇ ਹਰਪ੍ਰੀਤ ਕੌਰ ਧੂਤ ਨੇ ਨਿਭਾਈ।

ਪ੍ਰੋ. ਹਰਭਜਨ ਸਿੰਘ ਵੱਲੋਂ ਨਵ-ਪ੍ਰਕਾਸ਼ਿਤ ਪੁਸਤਕਾਂ ਦੀ ਸੇਲ ਲਾਈ ਗਈ, ਜਿਸਨੂੰ ਉਤਸ਼ਾਹਜਨਕ ਹੁੰਗਾਰਾ ਮਿਲਿਆ, 'ਸਮਕਾਲੀ ਅਮਰੀਕੀ ਪੰਜਾਬੀ ਸਾਹਿਤ' ਅਤੇ 'ਕਵਿਤਾ ਸੰਗ ਸੰਵਾਦ' ਪੁਸਤਕਾਂ ਦੀ ਵਧੀਆ ਸੇਲ ਹੋਈ।

ਕਾਨਫ਼ਰੰਸ ਦੇ ਦੂਜੇ ਸੈਸ਼ਨ ਵਿਚ ਹਰਪ੍ਰੀਤ ਕੌਰ ਧੂਤ ਦੇ ਕਹਾਣੀ-ਸੰਗ੍ਰਹਿ 'ਸੂਰਜ ਹਾਰ ਗਿਆ ਹੈ' ਬਾਰੇ ਵਿਚਾਰ-ਚਰਚਾ ਕੀਤਾ ਗਿਆ। ਇਸ ਵਿਚ ਕੁਲਵਿੰਦਰ ਅਤੇ ਸੁਖਵਿੰਦਰ ਕੰਬੋਜ ਨੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋ. ਹਰਭਜਨ ਸਿੰਘ ਨੇ ਇਸ ਚਰਚਾ ਨੂੰ ਗਹਿਰਾਈ ਪ੍ਰਦਾਨ ਕਰਦੇ ਹੋਏ ਇਸ ਸੰਗ੍ਰਹਿ ਦੀਆਂ ਕਹਾਣੀਆਂ ਦੀ ਰਚਨਾ-ਵਿਉਂਤ ਬਾਰੇ ਮੁੱਲਵਾਨ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਇਨ੍ਹਾਂ ਕਹਾਣੀਆਂ ਦੇ ਵਰਣਨ ਤੇ ਬਿਰਤਾਂਤ ਦੀ ਤਹਿ ਵਿਚੋਂ ਉਭਰਦੇ ਬਹੁ-ਪਾਸਾਰੀ ਰਚਨਾਤਮਕ ਪ੍ਰਸੰਗਾਂ ਅਤੇ ਬਹੁ-ਪਾਤਰੀ ਧੁਨੀਆਂ ਨੂੰ ਵੀ ਸਾਹਮਣੇ ਲਿਆਂਦਾ।

# ਜਸਵੰਤ ਸਿੰਘ ਅਤੇ ਹਰਜਿੰਦਰ ਸਿੰਘ ਵਲੋਂ ਬਣਾਈਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਾਈ

**ਬਰੈਂਪਟਨ:** ਬੀਤੇ ਸ਼ਨਿਚਰਵਾਰ ਇੱਥੋਂ ਦੇ ਵਿਸ਼ਵ ਪੰਜਾਬੀ ਭਵਨ ਦੀ ਲੌਬੀ ਵਿਚ ਸਭਰੰਗ ਆਰਟਸ ਦੇ ਰਮਨ ਅੰਗਰੋਆ ਅਤੇ ਡਾ. ਅਮਨ ਨੇ ਹੋਸਟ ਕੀਤਾ। ਇਸ ਪ੍ਰੋਗਰਾਮ ਵਿਚ ਕਈ ਜਾਣੇ-ਪਛਾਣੇ ਬਿਜ਼ਨਸਮੈਨ, ਵਕੀਲ ਅਤੇ ਡਾਕਟਰਾਂ ਸਮੇਤ ਬਹੁਤ ਸਾਰੇ ਕਲਾ ਪ੍ਰੇਮੀਆਂ ਨੇ ਨਾਲ ਗੱਲ ਬਾਤ ਕਰਨ ਲਈ ਮੀਡੀਆ ਦੇ ਨੁਮਾਇੰਦੇ ਵੀ ਪੁੱਜੇ ਹੋਏ ਸਨ।

ਮੇਨ ਹਾਲ ਵਿਚ ਹੋਈ ਗੱਲਬਾਤ ਦੀ ਵੱਲੋਂ ਕਲਾ ਬਾਰੇ ਚਰਚਾ ਕੀਤੀ ਗਈ। ਉਨ੍ਹਾਂ ਪੰਜਾਬੀਆਂ ਦੇ ਘਰਾਂ ਅਤੇ ਦਫਤਰਾਂ ਵਿਚ ਵਧੀਆ ਕਲਾਕ੍ਰਿਤਾਂ ਦਾ ਨਾ ਦਿਖਣਾ ਅਤੇ ਚਿੱਤਰਕਾਰੀ ਬਣਾ ਕੇ ਦਿਖਾਇਆ ਜਿਸ ਕਰਕੇ ਇਹ ਪ੍ਰੋਗਰਾਮ ਹੋਰ ਵੀ ਰੋਚਕ ਬਣ ਗਿਆ।

ਜ਼ਿਕਰਯੋਗ ਹੈ ਕਿ ਪੰਜਾਬੀ ਕਲਾਕਾਰਾਂ ਦੀ






ਦੇ ਉਪਰਾਲੇ ਨਾਲ ਕਲਾ ਪ੍ਰਦਰਸ਼ਨੀ ਲਾਈ ਗਈ। ਇਸ ਪ੍ਰਦਰਸ਼ਨੀ ਵਿਚ ਆਰਟਿਸਟ ਜਸਵੰਤ ਸਿੰਘ ਅਤੇ ਹਰਜਿੰਦਰ ਸਿੰਘ ਵਲੋਂ ਬਣਾਈਆਂ ਤਸਵੀਰਾਂ ਲਾਈਆਂ ਗਈਆਂ ਸਨ। ਇਸ ਸ਼ਾਮ "ਮੀਟ ਦੀ ਆਰਟਿਸਟ" ਨਾਮ ਹੇਠ ਇਕ ਟਾਕ ਸ਼ੋਅ ਵੀ ਕਰਵਾਇਆ ਗਿਆ ਜਿਸ ਨੂੰ ਸ਼ਮੀਲ ਜਸਵੀਰ ਸ਼ਿਰਕਤ ਕੀਤੀ ਅਤੇ ਦੋਨਾਂ ਆਰਟਿਸਟਾਂ ਦੀਆਂ ਤਸਵੀਰਾਂ ਬਾਰੇ ਵਿਚਾਰ ਸਾਂਝੇ ਕੀਤੇ। ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਅਤੇ ਉਨਟਾਰੀਓ ਦੇ ਟਰਾਂਸਪੋਰਟ ਮਨਿਸਟਰ ਪ੍ਰਭਮੀਤ ਸਰਕਾਰੀਆ ਨੇ ਵੀ ਸ਼ਿਰਕਤ ਕੀਤੀ ਅਤੇ ਇਸ ਕਲਾ ਪ੍ਰਦਰਸ਼ਨੀ ਦਾ ਅਨੰਦ ਮਾਣਿਆ। ਕਲਾਕਾਰਾਂ ਸ਼ੁਰੂਆਤ ਸ਼ਮੀਲ ਨੇ ਪੱਛਮੀ ਅਤੇ ਭਾਰਤੀ ਨਾਮਵਰ ਕਲਾਕਾਰਾਂ ਦੀਆਂ ਪ੍ਰਸਿਧ ਅਤੇ ਮਹਿੰਗੀਆਂ ਤਸਵੀਰਾਂ ਬਾਰੇ ਜਾਣਕਾਰੀ ਦੇਣ ਨਾਲ ਕੀਤੀ। ਦੋਨੋਂ ਆਰਟਿਸਟ ਕਿਸ ਸੋਚ ਨਾਲ ਆਪਣੇ ਕੰਮਾਂ ਦੀ ਸਿਰਜਣਾ ਕਰਦੇ ਹਨ, ਇਸ ਬਾਰੇ ਵੀਡੀਓ ਦਿਖਾਈਆਂ ਗਈਆਂ। ਦੋਵਾਂ ਕਲਾਕਾਰਾਂ ਵੱਲ ਰੁਝਾਨ ਦੀ ਘਾਟ, ਜੀਵਨ ਵਿਚ ਕਲਾ ਦੇ ਮਹੱਤਵ ਅਤੇ ਜ਼ਰੂਰਤ ਬਾਰੇ ਗੱਲਬਾਤ ਕੀਤੀ ਗਈ। ਦੋਵਾਂ ਆਰਟਿਸਟਾਂ ਨੇ ਪਹੁੰਚੇ ਹੋਏ ਕਲਾ ਪ੍ਰੇਮੀਆਂ ਦੇ ਸੁਆਲਾਂ ਦੇ ਜੁਆਬ ਵੀ ਦਿਤੇ। ਦਰਸ਼ਕਾਂ ਦੇ ਸਾਹਮਣੇ ਸਟੇਜ ਉਪਰ ਹਰਜਿੰਦਰ ਸਿੰਘ ਨੇ ਸਿਰਫ ਦੋ ਮਿੰਟ ਵਿਚ ਇੱਕ ਖ਼ੂਬਸੂਰਤ ਸਕੈਚ ਅਜੇਹੀ ਪ੍ਰਦਰਸ਼ਨੀ ਡੇਢ ਕੁ ਦਹਾਕਾ ਪਹਿਲਾਂ ਲਗਾਈ ਗਈ ਸੀ ਜਿਸ ਨੂੰ ਆਰਟਿਸਟ ਜਸਵੰਤ ਸਿੰਘ, ਹਰਜਿੰਦਰ ਸਿੰਘ ਅਤੇ ਕੁਝ ਹੋਰ ਚਿਤਰਕਾਰਾਂ ਦੇ ਸਹਿਯੋਗ ਨਾਲ ਲਗਾਇਆ ਗਿਆ ਸੀ। ਇਹ ਐਗਜ਼ੀਬੀਸ਼ਨ ਆਪਣੇ ਆਪ ਵਿਚ ਬਹੁਤ ਵੱਖਰੀ ਅਤੇ ਦਿਲਚਸਪ ਸੀ।

# ਚੰਡੀਗੜ੍ਹ 'ਚ ਹਰਿਆਣਾ ਨੂੰ ਜ਼ਮੀਨ ਦੇਣ ਵਿਰੁੱਧ ਸਿਆਸੀ ਧਿਰਾਂ ਇਕਸੁਰ

**ਚੰਡੀਗੜ੍ਹ:** ਚੰਡੀਗੜ੍ਹ ਵਿਚ ਹਰਿਆਣਾ ਵਿਧਾਨ ਸਭਾ ਦੀ ਵੱਖਰੀ ਇਮਾਰਤ ਉਸਾਰਨ ਲਈ 10 ਏਕੜ ਜ਼ਮੀਨ ਦੇਣ ਵਿਰੁੱਧ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਇੱਕਸੁਰ ਹੋ ਗਈਆਂ ਹਨ। ਸਾਰੀਆਂ ਸਿਆਸੀ ਧਿਰਾਂ ਨੇ ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਦੀ ਜ਼ਮੀਨ ਹਰਿਆਣਾ ਨੂੰ ਦੇਣ ਦੇ ਫ਼ੈਸਲੇ ਦਾ ਵਿਰੋਧ ਸ਼ੁਰੂ ਕਰ ਦਿੱਤਾ ਹੈ। ਇਸ ਦੇ ਨਾਲ ਹੀ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਵੀ ਆਪਣੀ ਪਾਰਟੀ ਦੇ ਹੀ ਵਿਰੁੱਧ ਖੜ੍ਹੇ ਦਿਖਾਈ ਦੇ ਰਹੇ ਹਨ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚੰਡੀਗੜ੍ਹ ਵਿਚ ਹਰਿਆਣਾ ਵਿਧਾਨ ਸਭਾ ਦੀ ਵੱਖਰੀ ਇਮਾਰਤ ਲਈ ਜ਼ਮੀਨ ਦੇਣ ਦੇ ਮਾਮਲੇ ਵਿਚ ਦਖ਼ਲ ਦੇਣ ਅਤੇ ਫੈਸਲੇ 'ਤੇ ਮੁੜ ਵਿਚਾਰ ਕਰਦਿਆਂ ਇਸ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ।

ਸ੍ਰੀ ਜਾਖੜ ਨੇ ਸੋਸ਼ਲ ਮੀਡੀਆ 'ਤੇ ਪਾਈ ਪੋਸਟ ਵਿਚ ਲਿਖਿਆ ਹੈ ਕਿ ਚੰਡੀਗੜ੍ਹ, ਪੰਜਾਬ ਦੀ ਰਾਜਧਾਨੀ ਵਜੋਂ ਸਿਰਫ਼ ਇਕ ਜ਼ਮੀਨੀ ਖਿੱਤਾ ਨਹੀਂ ਹੈ ਬਲਕਿ ਇਸ ਨਾਲ ਪੰਜਾਬ ਦੇ ਲੋਕਾਂ ਦੀਆਂ ਡੂੰਘੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਨੂੰ ਬੀਤੇ ਸਮੇਂ ਵਿਚ ਲੱਗੇ ਜ਼ਖ਼ਮਾਂ 'ਤੇ ਮੱਲ੍ਹਮ ਲਗਾਉਣ ਦੀ ਕੋਸ਼ਿਸ਼ ਕਰਦਿਆਂ ਪੰਜਾਬੀਆਂ ਦੀ ਸਮਾਜਿਕ ਅਤੇ ਧਾਰਮਿਕ ਚੜ੍ਹਦੀ ਕਲਾ ਲਈ ਕਈ ਕਦਮ ਚੁੱਕੇ ਹਨ, ਪਰ ਹਰਿਆਣਾ ਨੂੰ ਚੰਡੀਗੜ੍ਹ ਵਿਚ ਵੱਖਰੀ ਵਿਧਾਨ ਸਭਾ ਲਈ 10 ਏਕੜ ਜ਼ਮੀਨ ਦੇਣ ਨਾਲ ਪੰਜਾਬ ਨਾਲ ਬਣੀ ਨੇੜਤਾ ਨੂੰ ਠੇਸ ਪਹੁੰਚੇਗੀ। ਉਨ੍ਹਾਂ ਕਿਹਾ ਕਿ ਪੰਜਾਬ ਤੇ ਕੇਂਦਰ ਵਿਚਾਲੇ ਮਜ਼ਬੂਤ ਸਬੰਧਾਂ ਨੂੰ ਬਣਾਈ ਰੱਖਣ ਲਈ ਇਸ ਫੈਸਲੇ ਤੇ



ਮੁੜ ਵਿਚਾਰ ਕਰਨਾ ਚਾਹੀਦਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਚੰਡੀਗੜ੍ਹ ਵਿਚ ਹਰਿਆਣਾ ਨੂੰ ਵਿਧਾਨ ਸਭਾ ਲਈ ਥਾਂ ਅਲਾਟ ਕਰਨ ਦੇ ਫੈਸਲੇ ਨੂੰ ਗੈਰ-ਸੰਵਿਧਾਨਕ ਕਰਾਰ ਦਿੰਦਿਆਂ ਕਿਹਾ ਕਿ ਇਹ ਸੰਵਿਧਾਨ ਦੀ ਧਾਰਾ-3 ਦੀ ਉਲੰਘਣਾ ਹੈ। ਇਸ ਤਹਿਤ ਸਿਰਫ਼ ਸੰਸਦ ਨੂੰ ਕਿਸੇ ਵੀ ਸੂਬੇ ਦੀਆਂ ਹੱਦਾਂ ਤਬਦੀਲ ਕਰਨ ਦਾ ਅਧਿਕਾਰ ਹੈ। ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਕਿ ਇਹ ਪੰਜਾਬ ਪੁਨਰਗਠਨ ਐਕਟ 1966 ਦੀ ਉਲੰਘਣਾ ਹੈ, ਇਸ ਲਈ ਇਹ ਫੈਸਲਾ ਰੱਦ ਕਰਨਾ ਚਾਹੀਦਾ ਹੈ। ਡਾ. ਚੀਮਾ ਨੇ ਪੰਜਾਬ ਦੀ 'ਆਪ' ਸਰਕਾਰ 'ਤੇ ਦੋਸ਼ ਲਗਾਇਆ ਕਿ ਉਹ ਹਰਿਆਣਾ ਤੇ ਕੇਂਦਰ ਸਰਕਾਰ ਨਾਲ ਰਲੀ ਹੋਈ ਹੈ। ਜਦੋਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਵਿਚ ਇਸ ਦਾ ਐਲਾਨ ਕੀਤਾ ਸੀ ਤਾਂ 'ਆਪ' ਨੇ ਇਸ ਦਾ ਵਿਰੋਧ ਨਹੀਂ ਕੀਤਾ।

ਕਾਂਗਰਸ ਦੇ ਸੀਨੀਅਰ ਆਗੂ ਅਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਚੰਡੀਗੜ੍ਹ 'ਤੇ ਪੰਜਾਬ ਦੇ ਹੱਕੀ ਦਾਅਵੇ ਨੂੰ ਮੰਨਣ ਅਤੇ ਸੂਬੇ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਦੀ ਵੰਡ ਸਮੇਂ ਚੰਡੀਗੜ੍ਹ ਨੂੰ ਕੁਝ ਸਮੇਂ ਲਈ ਦੋਹਾਂ ਸੂਬਿਆਂ ਦੀ ਸਾਂਝੀ ਰਾਜਧਾਨੀ ਬਣਾਇਆ ਗਿਆ ਸੀ, ਪਰ ਅੱਜ ਤੱਕ ਪੰਜਾਬ ਨੂੰ ਆਪਣੀ ਰਾਜਧਾਨੀ ਨਹੀਂ ਮਿਲ ਸਕੀ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਨੂੰ ਪੰਜਾਬ ਦੀ ਵਿਸ਼ੇਸ਼ ਰਾਜਧਾਨੀ ਵਜੋਂ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਪੰਜਾਬ ਆਪਣੀ ਬਹਾਦਰੀ ਤੇ ਵਫ਼ਾਦਾਰੀ ਲਈ ਜਾਣਿਆ ਜਾਂਦਾ ਹੈ ਤੇ ਇਹ ਆਪਣੇ ਵਿਰਸੇ ਤੇ ਇਤਿਹਾਸ ਦਾ ਸਨਮਾਨ ਕਰਨ ਵਾਲੇ ਫੈਸਲੇ ਦੀ ਆਸ ਕਰਦਾ ਹੈ।

## ਹਰਿਆਣਾ ਨੂੰ ਕੋਈ ਜ਼ਮੀਨ ਅਲਾਟ ਨਹੀਂ ਕੀਤੀ: ਕਟਾਰੀਆ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਵੱਖਰੀ ਹਰਿਆਣਾ ਵਿਧਾਨ ਸਭਾ ਲਈ ਚੰਡੀਗੜ੍ਹ 'ਚ ਜ਼ਮੀਨ ਦੇਣ ਦੀ ਮੁਹਿੰਮ ਨੂੰ ਲੈ ਕੇ ਭਖੇ ਸਿਆਸੀ ਮਾਹੌਲ ਦਰਮਿਆਨ ਸਪੱਸ਼ਟ ਕੀਤਾ ਹੈ ਕਿ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਬਣਾਉਣ ਵਾਸਤੇ ਚੰਡੀਗੜ੍ਹ ਵਿਚ ਕੋਈ ਜ਼ਮੀਨ ਅਲਾਟ ਨਹੀਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਦਾ ਇਕ ਪ੍ਰਸਤਾਵ ਕਾਫ਼ੀ ਅਰਸੇ ਤੋਂ ਪੈਂਡਿੰਗ ਪਿਆ ਹੈ ਜਿਸ ਬਾਰੇ ਹਾਲੇ ਤੱਕ ਕੋਈ ਫ਼ੈਸਲਾ ਨਹੀਂ ਲਿਆ ਗਿਆ। ਰਾਜਪਾਲ ਕਟਾਰੀਆ ਨੇ ਕਿਹਾ ਕਿ ਜ਼ਮੀਨ ਦੀ ਅਲਾਟਮੈਂਟ ਲਈ ਫੈਸਲਾ ਲੈਣ ਵਾਲੀ ਸਥਿਤੀ ਹਾਲੇ ਨਹੀਂ ਆਈ ਹੈ ਅਤੇ ਇਸ ਲਈ ਫ਼ਿਲਹਾਲ ਕੁਝ ਵੀ ਕਹਿਣਾ ਵਾਜਿਬ ਨਹੀਂ ਹੈ। ਉਨ੍ਹਾਂ ਕਿਹਾ ਕਿ ਹਾਲੇ ਕੋਈ ਅੰਤਿਮ ਫ਼ੈਸਲਾ ਨਹੀਂ ਲਿਆ ਗਿਆ ਹੈ।

# ਹਰਿਆਣਾ ਨੇ ਚੰਡੀਗੜ੍ਹ ਤੇ ਐਸ.ਵਾਈ.ਐਲ 'ਤੇ ਹੱਕ ਜਤਾਇਆ

**ਚੰਡੀਗੜ੍ਹ:** ਚੰਡੀਗੜ੍ਹ ਵਿਚ ਹਰਿਆਣਾ ਵਿਧਾਨ ਸਭਾ ਦੀ ਵੱਖਰੀ ਇਮਾਰਤ ਲਈ ਜ਼ਮੀਨ ਦੇਣ ਦੀ ਤਜਵੀਜ਼ ਦਾ ਵਿਰੋਧ ਹੋਣ ਮਗਰੋਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਚੰਡੀਗੜ੍ਹ 'ਤੇ ਸੂਬੇ ਦਾ ਹੱਕ ਜਤਾਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਪਹਿਲਾਂ ਐਸ.ਵਾਈ.ਐਲ. ਦਾ ਪਾਣੀ ਰੋਕ ਕੇ ਹਰਿਆਣਾ ਦੇ ਲੋਕਾਂ ਨਾਲ ਧੱਕਾ ਕੀਤਾ ਹੈ ਅਤੇ ਹੁਣ ਚੰਡੀਗੜ੍ਹ ਵਿਚ ਵਿਧਾਨ ਸਭਾ ਬਣਾਉਣ ਦਾ ਵਿਰੋਧ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਚੰਡੀਗੜ੍ਹ 'ਤੇ ਹਰਿਆਣਾ ਦਾ ਵੀ ਹੱਕ ਹੈ ਅਤੇ ਪੰਜਾਬੀਆਂ ਨੂੰ ਹਰਿਆਣਾ ਨੂੰ ਛੋਟਾ ਭਰਾ ਮੰਨਦਿਆਂ ਐਸ.ਵਾਈ.ਐਲ. ਅਤੇ ਚੰਡੀਗੜ੍ਹ ਦੇ ਮੁੱਦੇ 'ਤੇ ਵਿਰੋਧ ਨਹੀਂ ਕਰਨਾ ਚਾਹੀਦਾ ਹੈ।

ਸ੍ਰੀ ਸੈਣੀ ਨੇ ਕਿਹਾ, "ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲੋਕਾਂ ਦਾ ਧਿਆਨ



ਵੰਡਾਉਣ ਦੀ ਥਾਂ 'ਤੇ ਕਿਸਾਨਾਂ ਦੀ ਫ਼ਸਲ ਐਮ.ਐਸ.ਪੀ. ਉਤੇ ਖਰੀਦਣ ਅਤੇ ਸੂਬੇ ਦੇ ਹਾਲਾਤ ਵਿਚ ਸੁਧਾਰ ਕਰਨ ਵੱਲ ਧਿਆਨ ਦੇਣ।"

ਉਨ੍ਹਾਂ ਕਿਹਾ ਕਿ ਪੰਜਾਬ ਦੇ ਸਿਆਸੀ ਆਗੂਆਂ ਨੂੰ ਵਿਧਾਨ ਸਭਾ ਦੇ ਵਿਸ਼ੇ 'ਤੇ ਘਟੀਆ ਰਾਜਨੀਤੀ ਨਹੀਂ ਕਰਨੀ ਚਾਹੀਦੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਲੋਕ ਹਰਿਆਣਾ ਨਾਲ ਪਿਆਰ ਕਰਦੇ ਹਨ ਅਤੇ ਕਿਸਾਨ ਵੀ ਹਰਿਆਣਾ ਨੂੰ ਐਸ.ਵਾਈ.ਐਲ. ਦਾ ਪਾਣੀ ਦੇਣਾ ਚਾਹੁੰਦੇ ਹਨ ਪਰ ਰਾਜਸੀ ਆਗੂ ਅਜਿਹੇ ਮੁੱਦਿਆਂ ਰਾਹੀ ਲੋਕਾਂ ਦਾ ਧਿਆਨ ਵੰਡਾਉਣ 'ਚ ਲੱਗੇ ਹੋਏ ਹਨ।

ਹਰਿਆਣਾ ਦੇ ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਅਤੇ 'ਆਪ' 'ਚ ਕੋਈ ਫਰਕ ਨਹੀਂ ਹੈ ਕਿਉਂਕਿ ਦੋਵਾਂ ਨੇ ਪੰਜਾਬ ਦੇ ਲੋਕਾਂ ਦੇ ਹਿੱਤਾਂ ਲਈ ਕੋਈ ਕੰਮ ਨਹੀਂ ਕੀਤਾ ਹੈ।

ਪੰਜਾਬ ਟਾਈਮਜ਼

ਸ਼ਨਿਚਰਵਾਰ, 23 ਨਵੰਬਰ, 2024

## ਸਿਆਸੀ ਏਜੰਡਾ

*ਪਿਛਲੇ ਕੁਝ ਦਿਨਾਂ ਤੋਂ ਪੰਜਾਬ ਅਤੇ ਪੰਥਕ ਸਿਆਸਤ ਵਿਚ ਵਾਹਵਾ ਹਲਚਲ ਹੋ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਅਚਾਨਕ ਅਸਤੀਫੇ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਪਿਛਲੇ ਕਈ ਸਾਲਾਂ ਤੋਂ ਇਹ ਅਹੁਦਾ ਉਸ ਲਈ ਮੁਸੀਬਤ ਬਣਿਆ ਹੋਇਆ ਸੀ। ਪੰਜ ਵਾਰ ਮੁੱਖ ਮੰਤਰੀ ਰਹੇ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਦਾ ਪੁੱਤਰ ਹੋਣ ਕਰ ਕੇ ਉਹ ਇਸ ਅਹੁਦੇ 'ਤੇ ਤਾਂ ਬਿਰਾਜਮਾਨ ਹੋ ਗਿਆ ਸੀ ਪਰ ਉਸ ਨੇ ਇਨ੍ਹਾਂ ਸਾਲਾਂ ਦੌਰਾਨ ਜਿਸ ਤਰ੍ਹਾਂ ਇਸ ਇਤਿਹਾਸਕ ਪਾਰਟੀ ਨੂੰ ਚਲਾਉਣ ਦਾ ਯਤਨ ਕੀਤਾ, ਉਸ ਨੇ ਉਸ ਦੀ ਲੀਡਰਸ਼ਿਪ ਉਤੇ ਵੱਡੇ ਸਵਾਲੀਆ ਨਿਸ਼ਾਨ ਲਾ ਦਿੱਤੇ ਸਨ। ਉਸ ਨੂੰ ਪਹਿਲਾਂ ਵੀ ਕਈ ਪ੍ਰਕਾਰ ਦੇ ਸੰਕਟਾਂ ਅਤੇ ਬਗਾਵਤਾਂ ਦਾ ਸਾਹਮਣਾ ਕਰਨਾ ਪਿਆ ਪਰ ਪ੍ਰਕਾਸ਼ ਸਿੰਘ ਬਾਦਲ ਦੇ ਹੁੰਦਿਆਂ ਉਹ ਇਨ੍ਹਾਂ ਸੰਕਟਾਂ ਵਿਚੋਂ ਨਿੱਕਲਦਾ ਰਿਹਾ ਪਰ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ ਤੋਂ ਬਾਅਦ ਉਹਦੇ ਲਈ ਸੰਕਟ ਮੋਚਨ ਬਣਨ ਵਾਲਾ ਕੋਈ ਨਾ ਬਚਿਆ ਅਤੇ ਹੌਲੀ-ਹੌਲੀ ਹੁਣ ਹਾਲਾਤ ਇਹ ਬਣ ਗਏ ਹਨ ਕਿ ਹਰ ਕੋਈ ਉਸ ਨੂੰ ਇਸ ਅਹੁਦੇ ਤੋਂ ਲਾਂਭੇ ਹਟਣ ਦੀਆਂ ਸਲਾਹਾਂ ਦੇਣ ਲੱਗ ਪਿਆ ਹੈ। ਉਂਝ, ਉਹ ਅਜੇ ਤੱਕ ਵੀ ਟੱਸ ਤੋਂ ਮੱਸ ਨਹੀਂ ਹੋਇਆ ਹੈ। ਕਿਆਸ ਕੀਤਾ ਜਾ ਰਿਹਾ ਹੈ ਕਿ ਹੁਣ ਵੀ ਉਸ ਨੇ ਜਿਹੜਾ ਅਸਤੀਫਾ ਦਿੱਤਾ ਹੈ, ਉਹ ਵੀ ਸਿਰਫ ਮੂੰਹ-ਰਖਾਈ ਲਈ ਹੀ ਦਿੱਤਾ ਹੈ। ਅਸਤੀਫੇ ਤੋਂ ਬਾਅਦ ਪਾਰਟੀ ਅੰਦਰੋਂ ਜੋ ਕਨਸੋਆਂ ਮਿਲੀਆਂ ਹਨ, ਉਨ੍ਹਾਂ ਤੋਂ ਜ਼ਾਹਿਰ ਹੁੰਦਾ ਹੈ ਕਿ ਸੁਖਬੀਰ ਸਿੰਘ ਬਾਦਲ ਇੰਨੇ ਜ਼ਿਆਦਾ ਵਿਰੋਧ ਅਤੇ ਅਕਾਲੀ ਦਲ ਨੂੰ ਇੰਨੀ ਵੱਡੀ ਪਛਾੜ ਵੱਜਣ ਦੇ ਬਾਵਜੂਦ ਅਹੁਦਾ ਛੱਡਣ ਲਈ ਰਾਜ਼ੀ ਨਹੀਂ। ਉਸ ਦੇ ਅਸਤੀਫੇ ਤੋਂ ਬਾਅਦ ਉਸ ਦੇ ਹਮਾਇਤੀਆਂ ਨੇ ਅਕਾਲੀ ਦਲ ਦੀਆਂ ਅਹੁਦੇਦਾਰੀਆਂ ਛੱਡਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਤੋਂ ਜ਼ਾਹਿਰ ਹੋ ਰਿਹਾ ਹੈ ਕਿ ਅਸਤੀਫਾ ਗਿਣ-ਮਿਥ ਕੇ ਦਿੱਤਾ ਗਿਆ ਅਤੇ ਹੁਣ ਅਸਤੀਫਾ-ਵਾਪਸੀ ਮੁਹਿੰਮ ਵੀ ਨਾਲ ਹੀ ਚਲਾ ਦਿੱਤੀ ਗਈ ਹੈ।*

*ਇਹ ਕਨਸੋਆਂ ਵੀ ਹਨ ਕਿ ਅਕਾਲੀ ਲੀਡਰਸ਼ਿਪ ਨੇ ਜਥੇਦਾਰਾਂ ਨਾਲ ਵੀ ਹੁਣ ਰਾਬਤਾ ਬਣਾ ਲਿਆ ਹੈ ਅਤੇ ਉਨ੍ਹਾਂ ਦੇ ਰਵੱਈਏ ਵਿਚ ਵੀ ਤਬਦੀਲੀ ਆ ਗਈ ਜਾਪਦੀ ਹੈ। ਚੇਤੇ ਰਹੇ ਕਿ ਸਿੰਘ ਸਾਹਿਬਾਨ ਨੇ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਹੋਇਆ ਹੈ ਪਰ ਅਜੇ ਤੱਕ ਸਜ਼ਾ ਨਹੀਂ ਸੁਣਾਈ ਗਈ। ਤਨਖਾਹੀਆ ਕਰਾਰ ਦਿੱਤੇ ਜਾਣ ਵਾਲੇ ਸਿੱਖ ਨੂੰ ਆਮ ਕਰ ਕੇ ਧਾਰਮਿਕ ਸਜ਼ਾ ਦਿੱਤੀ ਜਾਂਦੀ ਹੈ ਪਰ ਅਕਾਲੀ ਸਿਆਸਤ ਵਿਚ ਜਿਸ ਤਰ੍ਹਾਂ ਦਾ ਮਾਹੌਲ ਬਣਿਆ ਹੋਇਆ ਹੈ, ਉਸ ਤੋਂ ਵੱਖਰੀ ਤਰ੍ਹਾਂ ਦੇ ਕਿਆਸ ਲਗਾਏ ਜਾ ਰਹੇ ਸਨ। ਸਿੰਘ ਸਾਹਿਬਾਨ ਨੇ ਸੁਖਬੀਰ ਸਿੰਘ ਬਾਦਲ ਉਤੇ ਉਪ ਚੋਣਾਂ ਵਿਚ ਪ੍ਰਚਾਰ ਕਰਨ ਤੋਂ ਰੋਕ ਲਾ ਦਿੱਤੀ ਸੀ ਜਿਸ ਤੋਂ ਇਹ ਕਿਆਸਆਰਾਈਆਂ ਸ਼ੁਰੂ ਹੋ ਗਈਆਂ ਕਿ ਸਿੰਘ ਸਾਹਿਬਾਨ ਸੁਖਬੀਰ ਸਿੰਘ ਬਾਦਲ ਨੂੰ ਕੋਈ ਮਿਸਾਲੀ ਸਜ਼ਾ ਦੇਣ ਦੇ ਰਉਂ ਵਿਚ ਹਨ। ਸਿੰਘ ਸਾਹਿਬਾਨ ਦੀ ਇਸੇ ਹਦਾਇਤ ਨੂੰ ਆਧਾਰ ਬਣਾ ਕੇ ਅਕਾਲੀ ਦਲ ਨੇ ਉਪ ਚੋਣਾਂ ਵਿਚ ਹਿੱਸਾ ਲੈਣ ਤੋਂ ਪਾਸਾ ਵੱਟ ਲਿਆ ਸੀ। 1992 ਤੋਂ ਬਾਅਦ ਇਹ ਪਹਿਲੀ ਵਾਰ ਸੀ ਕਿ ਅਕਾਲੀ ਦਲ ਕਿਸੇ ਚੋਣ ਵਿਚ ਹਿੱਸਾ ਨਹੀਂ ਸੀ ਲੈ ਰਿਹਾ। ਅਕਾਲੀ ਦਲ ਦੇ ਇਸ ਫੈਸਲੇ ਤੋਂ ਬਾਅਦ ਪਏ ਰੌਲੇ ਪਿੱਛੋਂ ਸਿੰਘ ਸਾਹਿਬਾਨ ਨੇ ਸਪਸ਼ਟ ਕੀਤਾ ਸੀ ਕਿ ਸੁਖਬੀਰ ਸਿੰਘ ਬਾਦਲ ਦੇ ਚੋਣ ਪ੍ਰਚਾਰ 'ਤੇ ਹੀ ਰੋਕ ਲਾਈ ਗਈ ਸੀ, ਪਾਰਟੀ ਚੋਣਾਂ ਵਿਚ ਸ਼ਿਰਕਤ ਕਰ ਸਕਦੀ ਹੈ। ਉਂਝ, ਇਸ ਦੌਰਾਨ ਇਹ ਸਵਾਲ ਵੀ ਪੂਰੇ ਜ਼ੋਰ-ਸ਼ੋਰ ਨਾਲ ਉਠਦਾ ਰਿਹਾ ਕਿ ਸਿੰਘ ਸਾਹਿਬਾਨ ਸਜ਼ਾ ਕਿਉਂ ਨਹੀਂ ਸੁਣਾ ਰਹੇ? ਇਸ ਮਸਲੇ ਨੂੰ ਇੰਨਾ ਲਟਕਾਇਆ ਕਿਉਂ ਜਾ ਰਿਹਾ ਹੈ?*

*ਇਸ ਦੇ ਨਾਲ ਹੀ ਹਰਿਆਣਾ ਵੱਲੋਂ ਆਪਣੀ ਨਵੀਂ ਵਿਧਾਨ ਸਭਾ ਲਈ ਚੰਡੀਗੜ੍ਹ ਵਿਚ ਜ਼ਮੀਨ ਹਾਸਿਲ ਕਰਨ ਦੀਆਂ ਕੋਸ਼ਿਸ਼ਾਂ ਨੇ ਪੰਜਾਬ ਦੀ ਸਿਆਸਤ ਭਖਾਈ ਹੋਈ ਹੈ। ਇਸ ਮੁੱਦੇ 'ਤੇ ਸਾਰੀਆਂ ਪਾਰਟੀਆਂ ਇੱਕਜੁੱਟ ਹੋ ਗਈਆਂ ਹਨ; ਇਥੋਂ ਤੱਕ ਕਿ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਵੀ ਹਾਅ ਦਾ ਨਾਅਰਾ ਮਾਰਿਆ ਹੈ ਅਤੇ ਆਪਣੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੂੰ ਕਿਹਾ ਹੈ ਕਿ ਪੰਜਾਬ ਨਾਲ ਇਉਂ ਬੇਇਨਸਾਫੀ ਨਾ ਕੀਤੀ ਜਾਵੇ। ਕੁਝ ਲੋਕ ਹੁਣ ਅਕਾਲੀ ਦਲ ਨੂੰ ਹਾਕਾਂ ਮਾਰ ਰਹੇ ਹਨ ਅਤੇ ਕਹਿ ਰਹੇ ਹਨ ਕਿ ਹੁਣ ਅਕਾਲੀ ਦਲ ਕੋਲ ਆਪਣੀ ਗੁਆਚੀ ਸ਼ਾਨ ਬਹਾਲ ਕਰਨ ਦਾ ਸੁਨਹਿਰੀ ਮੌਕਾ ਹੈ ਅਤੇ ਹੁਣ ਇਸ ਨੂੰ ਮੋਰਚਾ ਲਾ ਦੇਣਾ ਚਾਹੀਦਾ ਹੈ। ਇਸ ਸਬੰਧ ਵਿਚ ਅਕਾਲੀ ਲੀਡਰਸ਼ਿਪ ਆਉਣ ਵਾਲੇ ਸਮੇਂ ਵਿਚ ਮੋਰਚਾ ਲਾਉਣ ਬਾਰੇ ਕੀ ਪੈਂਤੜਾ ਮੱਲੇਗੀ, ਇਹ ਤਾਂ ਅਜੇ ਤੱਕ ਸਪਸ਼ਟ ਨਹੀਂ ਪਰ ਇੰਨਾ ਜ਼ਰੂਰ ਹੈ ਕਿ ਪਾਰਟੀ ਲੀਡਰਸ਼ਿਪ ਨੂੰ ਆਪਣੇ ਅੰਦਰੂਨੀ ਸੰਕਟ ਨਾਲ ਜੂਝਣਾ ਪੈ ਰਿਹਾ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਗਰਮਖਿਆਲ ਸਮਝੇ ਜਾਂਦੇ ਦੋ ਸਿੱਖ ਉਮੀਦਵਾਰਾਂ ਦੀ ਜਿੱਤ ਨੇ ਰਵਾਇਤੀ ਅਕਾਲੀ ਲੀਡਰਸ਼ਿਪ ਉਤੇ ਦਬਾਅ ਵਧਾ ਦਿੱਤਾ ਹੈ। ਅਸਲ ਵਿਚ, ਪਿਛਲੇ ਸਮੇਂ ਦੌਰਾਨ ਕੇਂਦਰ ਸਰਕਾਰਾਂ ਜਿਸ ਤਰ੍ਹਾਂ ਚੰਡੀਗੜ੍ਹ ਤੋਂ ਪੰਜਾਬ ਦਾ ਦਾਅਵਾ ਕਮਜ਼ੋਰ ਕਰਨ ਦੇ ਰਾਹ ਪਈਆਂ ਹੋਈਆਂ ਹਨ, ਇਸ ਖਿਲਾਫ ਕਿਸੇ ਵੀ ਪਾਰਟੀ ਨੇ ਕੋਈ ਖਾਸ ਸਟੈਂਡ ਨਹੀਂ ਲਿਆ ਹੈ। ਜਦੋਂ ਵੀ ਕੋਈ ਅਜਿਹਾ ਮਸਲਾ ਉਭਰਦਾ ਹੈ ਤਾਂ ਚਾਰ ਕੁ ਦਿਨ ਸਰਗਰਮੀ ਵਿੱਢ ਲਈ ਜਾਂਦੀ ਹੈ ਹਾਲਾਂਕਿ ਤੱਥ ਦੱਸਦੇ ਹਨ ਕਿ ਚੰਡੀਗੜ੍ਹ ਉਤੇ ਪੰਜਾਬ ਦਾ ਹੀ ਦਾਅਵਾ ਹੈ ਅਤੇ ਇਹ ਸ਼ਹਿਰ ਪੰਜਾਬ ਦੇ ਪਿੰਡਾਂ ਦੀ ਜ਼ਮੀਨ ਉਤੇ ਹੀ ਉਸਾਰਿਆ ਗਿਆ ਸੀ। ਹੁਣ ਵੀ ਮੌਕਾ ਹੈ ਕਿ ਪੰਜਾਬ ਦੀਆਂ ਵੱਖ-ਵੱਖ ਧਿਰਾਂ ਬਾਕਾਇਦਾ ਏਜੰਡਾ ਬਣਾਉਣ ਅਤੇ ਪੰਜਾਬ ਦੀ ਦਆਵੇਦਾਰੀ ਕੇਂਦਰ ਕੋਲ ਰੱਖਣ।*

### ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗੰਢੇ ਛਿੱਤਰ ਜਾਂ ਰੁਪਏ!*

ਗੰਢੇ ਪੁੱਟਦਾ ਚੋਰ ਸੀ ਗਿਆ ਫੜਿਆ ਮਾਲਕ ਓਸ ਨੂੰ ਸਜ਼ਾ ਸੁਣਾਉਣ ਲੱਗਾ।
ਸੌ ਗੰਢੇ ਸੌ ਛਿੱਤਰ 'ਸੌ ਦਾ ਨੋਟ੍ਹ' ਦੇ ਦਏ ਚੋਰ 'ਸੋਚ ਕੇ' ਇਕ ਅਪਣਾਉਣ ਲੱਗਾ।
ਗੰਢੇ ਬਾਰਾਂ ਕੁ ਖਾ ਲਏ ਜਦ 'ਹੁੱਬਦੇ' ਨੇ ਪਾਣੀ ਅੱਖਾਂ 'ਚ ਓਸਦੇ ਆਉਣ ਲੱਗਾ।
ਕਹਿੰਦਾ ਛਿੱਤਰ ਹੀ ਸਹਿ ਕੇ ਦੇਖ ਲੈਣਾ ਗੰਢੇ ਖਾ ਕੇ ਜੀਅ ਕਚਿ੍ਆਉਣ ਲੱਗਾ।
ਪੈ ਗਏ ਪੱਚੀ ਕੁ ਛਿੱਤਰ ਜਦ ਪਿੱਠ ਉੱਤੇ ਹੱਥ ਆਪਣੀ ਜੇਬ੍ਹ ਵਿਚ ਪਾਉਣ ਲੱਗਾ।
ਹੁਣ ਜੁਰਮਾਨਾ ਹੀ ਦੇਣ ਨੂੰ ਤਿਆਰ ਹਾਂ ਜੀ ਸੌ ਦਾ ਨੋਟ੍ਹ ਇਉਂ ਆਖ ਫੜਾਉਣ ਲੱਗਾ!

# ਪੰਜਾਬ ਦਾ ਚੰਡੀਗੜ੍ਹ ਉੱਪਰ ਹੱਕ ਤੇ ਹਰਿਆਣਾ ਵਿਧਾਨ ਸਭਾ ਦਾ ਮੁੱਦਾ

***ਚੰਡੀਗੜ੍ਹ ਉਪਰ ਹੱਕ ਜਤਾਈ ਦੇ ਮਾਮਲੇ ਵਿਚ ਸਿਰਫ ਮੁੱਖ ਮੰਤਰੀ ਭਗਵੰਤ ਮਾਨ ਨੇ ਹੀ ਟਪਲਾ ਨਹੀਂ ਖਾਧਾ, ਸਚਾਈ ਇਹ ਹੈ ਕਿ ਪੰਜਾਬ ਦੇ ਹੁਣ ਤੱਕ ਦੇ ਕਿਸੇ ਵੀ ਮੁੱਖ ਮੰਤਰੀ ਨੇ ਇਸ ਮਾਮਲੇ ਨੂੰ ਸੰਜੀਦਗੀ ਨਾਲ ਉਠਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਸਮੁੱਚੇ ਮਸਲੇ ਬਾਰੇ ਵਿਸਥਾਰ ਸਹਿਤ ਚਰਚਾ ਸਾਡੇ ਕਾਲਮਨਵੀਸ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਚੰਡੀਗੜ੍ਹ ਵਿਚ ਹਰਿਆਣਾ ਵਿਧਾਨ ਸਭਾ ਦੀ ਨਵੀਂ ਇਮਾਰਤ ਦੀ ਉਸਾਰੀ ਲਈ ਜਗ੍ਹਾ ਦੇਣ ਦੀ ਪ੍ਰਕਿਰਿਆ ਸ਼ੁਰੂ ਹੋਣ ਨਾਲ ਪੰਜਾਬ ਵਿਚ ਚੰਡੀਗੜ੍ਹ ਉੱਪਰ ਸੂਬੇ ਦੀ ਹੱਕ ਜਤਾਈ ਦਾ ਮਾਮਲਾ ਮੁੜ ਭਖ ਗਿਆ ਹੈ। ਹਰਿਆਣਾ ਸਰਕਾਰ ਭਾਵੇਂ ਚੰਡੀਗੜ੍ਹ ਵਿਚ ਹਾਸਲ ਕੀਤੀ ਜਾਣ ਵਾਲੀ ਇਸ 10 ਏਕੜ ਜ਼ਮੀਨ ਬਦਲੇ ਚੰਡੀਗੜ੍ਹ ਨੂੰ 12 ਏਕੜ ਜ਼ਮੀਨ ਪੰਚਕੂਲਾ ਵਿਚ ਦੇਣ ਦਿੱਤੀ ਜਾ ਰਹੀ ਹੈ ਪਰ ਮਸਲਾ ਜ਼ਮੀਨ ਦੇ ਤਬਾਦਲੇ ਤੋਂ ਅੱਗੇ ਚੰਡੀਗੜ੍ਹ ਉੱਪਰ ਹੱਕ ਜਤਾਈ ਦਾ ਹੈ। ਉਂਝ, ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਵੱਲੋਂ ਇਕ ਏਜੰਡੇ ਦੇ ਰੂਪ ਵਿਚ ਚੰਡੀਗੜ੍ਹ ਉੱਪਰ ਹੱਕ ਨੂੰ ਠੋਸ ਰੂਪ ਵਿਚ ਉਠਾਉਣ ਦੀ ਬਜਾਇ ਚੰਡੀਗੜ੍ਹ ਸਬੰਧੀ ਜਦ ਕੋਈ ਮਸਲਾ ਆਉਂਦਾ ਹੈ ਤਦ ਹੀ ਬਿਆਨਬਾਜ਼ੀ ਕੀਤੀ ਜਾਂਦੀ ਹੈ। ਖੈਰ! ਹੁਣ ਹਰਿਆਣਾ ਨੂੰ ਜ਼ਮੀਨ ਦੇਣ ਖਿਲਾਫ ਭਾਜਪਾ ਦੇ ਅਸਤੀਫਾ ਦੇ ਚੁੱਕੇ ਸੂਬਾ ਪ੍ਰਧਾਨ ਸੁਨੀਲ ਜਾਖੜ ਸਮੇਤ ਸੂਬੇ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਬਿਆਨਬਾਜ਼ੀ ਕਰ ਰਹੀਆਂ ਹਨ। 'ਆਪ' ਸਮੇਤ ਕੁਝ ਪਾਰਟੀਆਂ ਨੇ ਸੂਬੇ ਦੇ ਰਾਜਪਾਲ ਨੂੰ ਮੰਗ ਪੱਤਰ ਵੀ ਸੌਂਪੇ ਹਨ ਤੇ ਕੁਝ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ ਵੀ ਲਿਖੀ ਹੈ। ਇਸ ਸਭ ਦਾ ਅਸਰ ਇਹ ਦੇਖਣ ਨੂੰ ਮਿਲ ਰਿਹਾ ਹੈ ਕਿ ਸੂਬੇ ਦੇ ਰਾਜਪਾਲ ਨੇ ਪ੍ਰਤੀਕਿਰਿਆ ਦਿੱਤੀ ਹੈ ਕਿ "ਚੰਡੀਗੜ੍ਹ ਵਿਚ ਹਰਿਆਣੇ ਨੂੰ ਕੋਈ ਵੀ ਜ਼ਮੀਨ ਅਲਾਟ ਨਹੀਂ ਹੋਈ ਹੈ। ਉਨ੍ਹਾਂ ਦੀ ਤਜਵੀਜ਼ ਲੰਮੇ ਸਮੇਂ ਤੋਂ ਲਟਕ ਰਹੀ ਹੈ।"



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਵੈਸੇ ਬਣਦਾ ਤਾਂ ਇਹ ਸੀ ਕਿ 2022 ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ ਜੈਪੁਰ ਵਿਚ ਹੋਈ ਨੌਰਥ ਜ਼ੋਨਲ ਕੌਂਸਲ ਦੀ ਮੀਟਿੰਗ ਵਿਚ ਜਦ ਹਰਿਆਣਾ ਵੱਲੋਂ ਵਿਧਾਨ ਸਭਾ ਦੀ ਇਮਾਰਤ ਲਈ ਚੰਡੀਗੜ੍ਹ ਵਿਚ ਜ਼ਮੀਨ ਦੇਣ ਦੀ ਮੰਗ ਰੱਖੀ ਗਈ ਸੀ ਤਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਉਸੇ ਸਮੇਂ ਹਰਿਆਣਾ ਦੀ ਮੰਗ ਦਾ ਸਖਤ ਵਿਰੋਧ ਕਰਦਿਆਂ ਚੰਡੀਗੜ੍ਹ ਉੱਪਰ ਸੂਬੇ ਦਾ ਦਾਅਵਾ ਮਜ਼ਬੂਤੀ ਨਾਲ ਰੱਖਦੇ ਪਰ ਮੁੱਖ ਮੰਤਰੀ ਨੇ ਚੰਡੀਗੜ੍ਹ ਉੱਪਰ ਹੱਕ ਜਤਾਉਣ ਦੀ ਬਜਾਇ ਹਰਿਆਣਾ ਦੀ ਤਰਜ਼ ਉਪਰ ਪੰਜਾਬ ਦੀ ਵਿਧਾਨ ਸਭਾ ਲਈ ਵੀ ਜ਼ਮੀਨ ਮੰਗ ਕੇ ਆਪਣਾ ਦਾਅਵਾ ਕਮਜ਼ੋਰ ਕਰਦਿਆਂ ਹਰਿਆਣਾ ਲਈ ਰਾਹ ਖੋਲ੍ਹ ਦਿੱਤਾ ਸੀ। ਉਂਝ ਇਹ ਵੀ ਸੰਭਾਵਨਾ ਹੋ ਸਕਦੀ ਸੀ ਕਿ ਉਸ ਸਮੇਂ ਭਗਵੰਤ ਮਾਨ ਵੱਲੋਂ ਕੀਤੇ ਜਾਂਦੇ ਸਖਤ ਵਿਰੋਧ ਨੂੰ ਵੀ ਕੇਂਦਰ ਸਰਕਾਰ ਅਣਗੌਲਿਆਂ ਕਰ ਦਿੰਦੀ ਲੇਕਿਨ ਇਸ ਸਭ ਦੇ ਬਾਵਜੂਦ ਮੁੱਖ ਮੰਤਰੀ ਵੱਲੋਂ ਵਿਰੋਧ ਦਰਜ ਕਰਵਾਉਣਾ ਚਾਹੀਦਾ ਸੀ।

ਉਸ ਸਮੇਂ ਹਰਿਆਣਾ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਨੇ ਸੋਸ਼ਲ ਮੀਡੀਆ ਉੱਪਰ ਵੀ ਵੱਖੋ-ਵੱਖ ਪ੍ਰਤੀਕਿਰਿਆਵਾਂ ਦਿੱਤੀਆਂ ਸਨ। ਇਕ ਪਾਸੇ ਮਨੋਹਰ ਲਾਲ ਖੱਟਰ ਨੇ ਸੋਸ਼ਲ ਮੀਡੀਆ ਪੋਸਟ ਪਾ ਕੇ ਦਾਅਵਾ ਕੀਤਾ ਸੀ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਉਹਨਾਂ ਦੀ ਜ਼ਮੀਨ ਦੇਣ ਵਾਲੀ ਮੰਗ ਨੂੰ ਮੰਨ ਲਿਆ ਹੈ; ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਪੋਸਟ ਰਾਹੀਂ ਹਰਿਆਣਾ ਵਾਂਗ ਪੰਜਾਬ ਲਈ ਵੀ ਜ਼ਮੀਨ ਦੀ ਮੰਗ ਰੱਖੀ ਸੀ।

ਭਾਰਤ ਵਿਚ ਭਾਸ਼ਾ ਦੇ ਆਧਾਰ ਉੱਪਰ ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਸਮੇਤ ਕਈ ਸੂਬੇ ਬਣੇ। ਇਹਨਾਂ ਸੂਬਿਆਂ ਅੰਦਰ ਨਵੇਂ ਬਣੇ ਸੂਬੇ ਨੂੰ ਆਪਣੀ ਨਵੀਂ ਰਾਜਧਾਨੀ ਵਿਕਸਤ ਕਰਨੀ ਪਈ ਹੈ। 1966 ਵਿਚ ਜਦੋਂ ਭਾਸ਼ਾ ਦੇ ਆਧਾਰ ਉੱਪਰ ਪੰਜਾਬ ਦਾ ਮੁੜ ਗਠਨ ਕਰ ਕੇ ਨਵਾਂ ਸੂਬਾ ਹਰਿਆਣਾ ਬਣਾਇਆ ਗਿਆ ਸੀ ਤਾਂ ਅਣਵੰਡੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਦੇਣੀ ਬਣਦੀ ਸੀ ਅਤੇ ਹਰਿਆਣਾ ਨੂੰ ਨਵੀਂ ਰਾਜਧਾਨੀ ਤਿਆਰ ਕਰਨ ਲਈ ਕਹਿਣਾ ਬਣਦਾ ਸੀ ਪਰ ਕੇਂਦਰੀ ਹਕੂਮਤ ਨੇ ਪੰਜ ਸਾਲ ਦੀ ਮੋਹਲਤ ਦਾ ਜ਼ਿਕਰ ਕਰ ਕੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੇ ਮੁੱਦੇ ਨੂੰ ਲਟਕਾ ਦਿੱਤਾ। ਦਹਾਕਿਆਂ ਤੋਂ ਇਹ ਮਸਲਾ ਜਿਉਂ ਦਾ ਤਿਉਂ ਲਮਕ ਰਿਹਾ ਹੈ। ਪੰਜਾਬ ਦੇ ਦਰਜਨਾਂ ਪਿੰਡਾਂ ਨੂੰ ਉਜਾੜ ਕੇ ਵਸਾਇਆ



ਚੰਡੀਗੜ੍ਹ ਪੁਨਰਗਠਨ ਐਕਟ ਤਹਿਤ ਪੰਜਾਬ ਨੂੰ ਮਿਲਣਾ ਚਾਹੀਦਾ ਸੀ। ਸਿਰਫ ਚੰਡੀਗੜ੍ਹ ਪੰਜਾਬ ਨੂੰ ਦੇਣ ਦੇ ਮਾਮਲੇ ਵਿਚ ਹੀ ਨਹੀਂ ਬਲਕਿ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣ, ਦਰਿਆਈ ਪਾਣੀਆਂ 'ਤੇ ਪੰਜਾਬ ਦਾ ਹੱਕ ਦੇਣ ਦੇ ਮਾਮਲਿਆਂ ਵਿਚ ਵੀ ਪੰਜਾਬ ਨਾਲ ਬੇਇਨਸਾਫੀ ਹੋਈ ਹੈ। ਇਸ ਤੋਂ ਅੱਗੇ ਜਾ ਕੇ ਹੁਣ ਕੇਂਦਰ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐਮਬੀ) ਵਿਚੋਂ ਪੰਜਾਬ ਦੀ ਭਾਗੀਦਾਰੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਲੱਗਭੱਗ ਡੇਢ ਸਾਲ ਪਹਿਲਾਂ ਉਸ ਸਮੇਂ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੀ ਪ੍ਰਧਾਨਗੀ ਹੇਠ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਸ਼ਮੂਲੀਅਤ ਵਾਲੀ ਮੀਟਿੰਗ ਵਿਚ ਹਰਿਆਣਾ ਦੇ ਮੁੱਖ ਮੰਤਰੀ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਹਰਿਆਣਾ ਰਾਜ ਦੇ ਕਾਲਜਾਂ ਨੂੰ ਮਾਨਤਾ ਦੇਣ ਦੀ ਮੰਗ ਕਰਦਿਆਂ ਪੰਜਾਬ ਯੂਨੀਵਰਸਿਟੀ 'ਤੇ ਆਪਣੀ ਹੱਕ ਜਤਾਈ ਕਰ ਦਿੱਤੀ ਸੀ। ਇਸ ਸਮੇਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਵਿਦਿਆਰਥੀਆਂ ਅਤੇ ਜਮਹੂਰੀ ਕਾਰਕੁਨਾਂ ਵੱਲੋਂ ਯੂਨੀਵਰਸਿਟੀ ਸੈਨੇਟ ਚੋਣਾਂ ਕਰਵਾਉਣ ਦੀ ਮੰਗ ਲਈ ਪੱਕਾ ਧਰਨਾ ਚੱਲ ਰਿਹਾ ਹੈ ਪਰ ਕੇਂਦਰ ਸਰਕਾਰ ਦੇ ਇਸ਼ਾਰੇ ਤਹਿਤ ਸੈਨੇਟ ਚੋਣਾਂ ਕਰਵਾਉਣ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਪੰਜਾਬ ਦੇ ਦਿਹਾਤੀ ਵਿਕਾਸ ਫੰਡ (ਆਰ.ਡੀ.ਐਫ) ਦਾ ਹਜ਼ਾਰਾਂ ਕਰੋੜ ਰੁਪਿਆ ਕੇਂਦਰ ਸਰਕਾਰ ਦੇਣ ਤੋਂ ਇਨਕਾਰੀ ਹੋ ਰਹੀ ਹੈ। ਕੌਮੀ ਸਿਹਤ ਮਿਸ਼ਨ (ਐਨ.ਐਚ.ਐਮ) ਤਹਿਤ ਪੰਜਾਬ ਨੂੰ ਮਿਲਣ ਵਾਲੇ ਫੰਡ ਵੀ ਕੇਂਦਰ ਸਰਕਾਰ ਨੇ ਰੋਕੇ ਹੋਏ ਹਨ। ਸੂਬੇ ਵਿਚੋਂ ਝੋਨੇ ਦੀ ਖਰੀਦ ਅਤੇ ਚੁਕਾਈ ਸਬੰਧੀ ਆ ਰਹੀਆਂ ਸਮੱਸਿਆਵਾਂ ਨੂੰ ਵੀ ਇਸੇ ਕੜੀ ਵਿਚ ਦੇਖਿਆ ਜਾ ਸਕਦਾ ਹੈ। ਹੁਣ ਇਹ ਸਮਝਣਾ ਮਹੱਤਵਪੂਰਨ ਹੈ ਕਿ ਹਰਿਆਣਾ ਅਤੇ ਕੇਂਦਰ ਸਰਕਾਰ ਵੱਲੋਂ ਵਾਰ-ਵਾਰ ਅਜਿਹਾ ਕਿਉਂ ਕੀਤਾ ਜਾ ਰਿਹਾ ਹੈ।

ਹਕੀਕਤ ਇਹ ਹੈ ਕਿ ਕੇਂਦਰੀ ਹਕੂਮਤ ਸੰਘੀ ਢਾਂਚੇ ਨੂੰ ਤਬਾਹ ਕਰ ਕੇ ਰਾਜਾਂ ਦੇ ਅਧਿਕਾਰਾਂ ਨੂੰ ਸੀਮਤ ਕਰ ਕੇ ਤਾਕਤਾਂ ਦਾ ਕੇਂਦਰੀਕਰਨ ਕਰ ਰਹੀ ਹੈ। ਕੇਂਦਰੀ ਸੱਤਾ 'ਤੇ ਲੰਮਾ ਸਮਾਂ ਕਾਬਜ਼ ਰਹੀ ਕਾਂਗਰਸ ਹਕੂਮਤ ਨੇ ਚੰਡੀਗੜ੍ਹ ਦੇ ਮਸਲੇ ਸਮੇਤ ਪੰਜਾਬ ਨਾਲ ਬਹੁਤ ਸਾਰੇ ਮਾਮਲਿਆਂ ਵਿਚ ਬੇਇਨਸਾਫੀ ਕੀਤੀ ਹੈ ਪਰ ਹੁਣ ਭਾਜਪਾ ਹਕੂਮਤ ਪਿਛਲੀਆਂ ਸਰਕਾਰਾਂ ਤੋਂ ਵੀ ਇਕ ਕਦਮ ਅੱਗੇ ਜਾ ਕੇ ਬੜੇ ਸਾਜ਼ਿਸ਼ੀ ਢੰਗ ਨਾਲ ਤਾਕਤਾਂ ਦੇ ਕੇਂਦਰੀਕਰਨ ਦੇ ਰਾਹ ਪਈ ਹੋਈ ਹੈ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਰਾਜਾਂ ਦੇ ਅਧਿਕਾਰਾਂ 'ਤੇ ਕੈਂਚੀ ਫੇਰ ਕੇ ਸੀਮਤ ਕਰਨ ਦਾ ਮੁੱਢ ਪਿਛਲੀਆਂ ਕਾਂਗਰਸ ਸਰਕਾਰਾਂ ਖਾਸਕਰ ਇੰਦਰਾ ਗਾਂਧੀ ਨੇ ਬੰਨ੍ਹਿਆ ਸੀ ਲੇਕਿਨ ਹੁਣ ਕੇਂਦਰ ਸਰਕਾਰ ਵੱਲੋਂ ਜਿਸ ਤਰ੍ਹਾਂ ਸੂਬਿਆਂ ਵਿਚ ਸਿੱਧੀ ਦਖਲਅੰਦਾਜ਼ੀ ਕਰ ਕੇ ਸੂਬਾ ਸਰਕਾਰਾਂ ਨੂੰ ਟਿੱਚ ਜਾਣਿਆਂ ਜਾ ਰਿਹਾ ਹੈ, ਉਹ ਪਿਛਲੀਆਂ ਕਾਂਗਰਸ ਸਰਕਾਰਾਂ ਨੂੰ ਵੀ ਮਾਤ ਪਾ ਗਿਆ ਹੈ। ਤਾਕਤਾਂ ਦੇ ਕੇਂਦਰੀਕਰਨ ਦੀ ਇਕ ਉਦਹਾਰਨ ਇਹ ਵੀ ਹੈ ਕਿ ਜੀ.ਐੱਸ.ਟੀ. ਤਹਿਤ ਸੂਬਿਆਂ ਵਿਚੋਂ ਟੈਕਸਾਂ ਦਾ ਸਾਰਾ ਪੈਸਾ ਕੇਂਦਰ ਸਰਕਾਰ ਲੈ ਜਾਂਦੀ ਹੈ; ਬਾਅਦ ਵਿਚ ਸੂਬੇ ਆਪਣਾ ਹਿੱਸਾ ਲੈਣ ਲਈ ਕੇਂਦਰੀ ਮੰਤਰੀਆਂ ਅੱਗੇ ਤਰਲੇ ਕੱਢਦੇ ਰਹਿੰਦੇ ਹਨ। ਸੂਬਿਆਂ ਦੇ ਮੁੱਖ ਮੰਤਰੀਆਂ ਦੀ ਹੈਸੀਅਤ ਸ਼ਹਿਰ ਦੇ 'ਮੇਅਰ' ਵਰਗੀ ਬਣਾਈ ਜਾ ਰਹੀ ਹੈ।

ਪੰਜਾਬ ਵਿਚ ਸੱਤਾ ਵਿਚ ਰਹੇ ਲੀਡਰਾਂ ਦੀ ਗੱਲ ਕਰੀਏ ਤਾਂ ਚੰਡੀਗੜ੍ਹ ਉਪਰ ਹੱਕ ਜਤਾਈ ਦੇ ਮਾਮਲੇ ਵਿਚ ਸਿਰਫ ਮੁੱਖ ਮੰਤਰੀ ਭਗਵੰਤ ਮਾਨ ਨੇ ਹੀ ਟਪਲਾ ਨਹੀਂ ਖਾਧਾ, ਸਚਾਈ ਇਹ ਹੈ ਕਿ ਪੰਜਾਬ ਦੇ ਹੁਣ ਤੱਕ ਦੇ ਕਿਸੇ ਵੀ ਮੁੱਖ ਮੰਤਰੀ ਨੇ ਇਸ ਮਾਮਲੇ ਨੂੰ ਸੰਜੀਦਗੀ ਨਾਲ ਉਠਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਪੰਜਾਬੀ ਸੂਬੇ ਲਈ ਸੰਘਰਸ਼ ਕਰਦੀ ਰਹੀ ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਪਹਿਲਾਂ ਤਾਂ ਘੱਟ-ਵੱਧ ਰੂਪ ਵਿਚ ਸੂਬੇ ਦੇ ਮਸਲੇ ਉਠਾਉਂਦੀ ਰਹੀ ਪਰ 1996-97 ਤੋਂ ਭਾਜਪਾ ਨਾਲ ਪਈ ਜੋਟੀ ਤੋਂ ਬਾਅਦ ਇਸ ਨੇ ਕਦੇ ਸੂਬੇ ਦੇ ਮਸਲੇ ਉਠਾਉਣ ਦੀ ਜੁਅਰਤ ਨਹੀਂ ਕੀਤੀ। ਕੇਂਦਰ ਵਿਚ ਸਰਕਾਰ ਬਣਾਉਣ ਸਮੇਂ ਭਾਜਪਾ ਨੂੰ ਬਿਨਾਂ ਸ਼ਰਤ ਹਮਾਇਤ ਦਾ ਐਲਾਨ ਕਰਨ ਸਮੇਂ ਪ੍ਰਕਾਸ਼ ਸਿੰਘ ਬਾਦਲ ਨੇ ਚੰਡੀਗੜ੍ਹ ਸਮੇਤ ਪੰਜਾਬ ਦੇ ਲਮਕਦੇ ਤਮਾਮ ਮੁੱਦਿਆਂ ਦਾ ਜ਼ਿਕਰ ਤੱਕ ਨਹੀਂ ਕੀਤਾ। ਹਕੀਕਤ ਤਾਂ ਇਹ ਹੈ ਕਿ ਭਾਜਪਾ ਨਾਲ ਸਾਂਝ ਭਿਆਲੀ ਤੋਂ ਬਾਅਦ ਅਕਾਲੀ ਦਲ ਦੇ ਆਗੂ ਖਾਸਕਰ ਬਾਦਲ ਪਰਿਵਾਰ ਪੰਜਾਬ ਦੇ ਮੁੱਦਿਆਂ ਨੂੰ ਹੱਲ ਕਰਵਾਉਣ ਦੀ ਬਜਾਇ ਕੇਂਦਰ ਵਿਚ ਵਜ਼ੀਰੀਆਂ ਦਾ ਨਿੱਘ ਮਾਨਣ ਤੱਕ ਮਹਿਦੂਦ ਰਹੇ। ਹੁਣ ਕਾਂਗਰਸ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਹੈ ਕਿ ਨਵੇਂ ਸਾਲ ਦੇ ਤੋਹਫੇ ਦੇ ਰੂਪ ਵਿਚ ਚੰਡੀਗੜ੍ਹ ਪੰਜਾਬ ਦੀ ਵਿਸ਼ੇਸ਼ ਰਾਜਧਾਨੀ ਵਜੋਂ ਬਹਾਲ ਕੀਤਾ ਜਾਵੇ, ਬਾਜਵਾ ਦੀ ਮੰਗ ਤਾਂ ਜਾਇਜ਼ ਹੈ ਪਰ ਉਹਨਾਂ ਨੂੰ ਇਹ ਸਵਾਲ ਪੁੱਛਣਾ ਚਾਹੀਦਾ ਹੈ ਕਿ ਉਹਨਾਂ ਸੂਬੇ ਦੇ ਬਾਕੀ ਕਾਂਗਰਸੀਆਂ ਨਾਲ ਰਲ ਕੇ ਇਹ ਮੰਗ ਉਸ ਸਮੇਂ ਕਿਉਂ ਨਹੀਂ ਉਠਾਈ ਜਦ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਸੀ। ਸੋ, ਹਾਕਮ ਜਮਾਤ ਦੀਆਂ ਇਹਨਾਂ ਪਾਰਟੀਆਂ ਤੋਂ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਦੀ ਆਸ ਨਹੀਂ ਕੀਤੀ ਜਾ ਸਕਦੀ।

ਵੈਸੇ ਜੇ ਹਰਿਆਣਾ ਨੂੰ ਨਵੀਂ ਵਿਧਾਨ ਸਭਾ ਇਮਾਰਤ ਦੀ ਜ਼ਰੂਰਤ ਲੱਗਦੀ ਹੈ ਤਾਂ ਉਸ ਨੂੰ ਚੰਡੀਗੜ੍ਹ ਦੀ ਬਜਾਇ ਹਰਿਆਣਾ ਵਿਚ ਬਣਾਉਣੀ ਚਾਹੀਦੀ ਹੈ। ਜੇ ਹਰਿਆਣਾ ਚੰਡੀਗੜ੍ਹ ਤੋਂ ਆਸ ਛੱਡ ਕੇ ਆਪਣੇ ਕਿਸੇ ਸ਼ਹਿਰ ਨੂੰ ਨਵੀਂ ਰਾਜਧਾਨੀ ਵਜੋਂ ਵਿਕਸਿਤ ਕਰੇ ਤਾਂ ਇਸ ਨਾਲ ਹਰਿਆਣਾ ਦੇ ਸਬੰਧਿਤ ਸ਼ਹਿਰ ਦੇ ਵਿਕਾਸ ਵਿਚ ਵੀ ਸਿਫਤੀ ਤਬਦੀਲੀ ਆ ਸਕਦੀ ਹੈ।

ਸੋ, ਹਰਿਆਣਾ ਸਰਕਾਰ ਵੱਲੋਂ ਚੰਡੀਗੜ੍ਹ ਉੱਪਰ ਕੀਤੀ ਜਾ ਰਹੀ ਹੱਕ ਜਤਾਈ ਬੇਬੁਨਿਆਦ ਹੈ, ਇਸ ਖਿਲਾਫ ਸਮੂਹ ਪੰਜਾਬੀਆਂ ਨੂੰ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਚਾਹੀਦਾ ਹੈ।

# ਬਸਤਰ 'ਚ ਕਤਲੇਆਮ ਨਾਲ ਜੂਝ ਰਹੀ ਨਕਸਲੀ ਲਹਿਰ

ਮੱਧ ਭਾਰਤ ਦੀ ਜੰਗਲੀ ਪੱਟੀ ਨਕਸਲੀ/ਮਾਓਵਾਦੀ ਇਨਕਲਾਬੀਆਂ ਅਤੇ ਆਦਿਵਾਸੀਆਂ ਦੀ ਕਤਲਗਾਹ ਦਾ ਰੂਪ ਅਖ਼ਤਿਆਰ ਕਰ ਚੁੱਕੀ ਹੈ। ਪਿਛਲੇ ਦਿਨੀਂ ਕੇਂਦਰੀ ਗ੍ਰਹਿ ਮੰਤਰੀ ਨੇ ਐਲਾਨ ਕੀਤਾ ਕਿ 31 ਮਾਰਚ 2026 ਤੱਕ ਮਾਓਵਾਦ ਦਾ ਸਫ਼ਾਇਆ ਕਰ ਦਿੱਤਾ ਜਾਵੇਗਾ। ਅਗਸਤ 2009 'ਚ ਜਦੋਂ ਮਨਮੋਹਨ ਸਿੰਘ-ਚਿਦੰਬਰਮ ਸਰਕਾਰ ਨੇ 'ਅਪਰੇਸ਼ਨ ਗ੍ਰੀਨ ਹੰਟ' ਸ਼ੁਰੂ ਕੀਤਾ, ਉਦੋਂ ਤੋਂ ਹੀ ਵੱਖ-ਵੱਖ ਸਰਕਾਰਾਂ ਵੱਲੋਂ ਅਜਿਹੇ ਟੀਚੇ ਤੈਅ ਕੀਤੇ ਜਾਂਦੇ ਰਹੇ ਹਨ। ਕੁਝ ਦਰਜਨ ਨਕਸਲੀਆਂ ਨੂੰ ਹਜ਼ਾਰਾਂ ਸੁਰੱਖਿਆ ਬਲਾਂ/ਸਪੈਸ਼ਲ ਫੋਰਸਾਂ ਵੱਲੋਂ ਘੇਰਾ ਪਾ ਕੇ ਮਾਰ ਦੇਣ ਦੀਆਂ ਵਾਰ-ਵਾਰ ਵਾਪਰ ਰਹੀਆਂ ਘਟਨਾਵਾਂ ਤੋਂ ਸਪਸ਼ਟ ਹੈ ਕਿ ਭਾਰਤੀ ਹੁਕਮਰਾਨਾਂ ਦਾ ਇੱਕੋ-ਇਕ ਉਦੇਸ਼ ਨਕਸਲੀ ਇਨਕਲਾਬੀਆਂ ਦਾ ਜਿਸਮਾਨੀ ਸਫ਼ਾਇਆ ਕਰਨਾ ਹੈ; ਉਹ ਮਸਲੇ ਦਾ ਰਾਜਨੀਤਕ ਹੱਲ ਬਿਲਕੁਲ ਨਹੀਂ ਕਰਨਾ ਚਾਹੁੰਦੇ। ਹਕੂਮਤ ਅਤੇ ਗੋਦੀ ਮੀਡੀਆ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਨਕਸਲ-ਵਿਰੋਧੀ ਮੁਹਿੰਮ ਦੀ ਕਾਮਯਾਬੀ ਦੇ ਅਸ਼ਲੀਲ ਜਸ਼ਨਾਂ ਦੇ ਸ਼ੋਰ ਅਤੇ ਹਕੂਮਤੀ ਬਿਰਤਾਂਤ ਰਾਹੀਂ ਮਸਲੇ ਦੀ ਮੂਲ ਵਜ੍ਹਾ ਉੱਪਰ ਪਰਦਾ ਪਾ ਰਹੇ ਹਨ। ਜਿਸ ਨੂੰ ਭਾਰਤੀ ਸਿਆਸਤ ਦੀ 'ਮੁੱਖਧਾਰਾ' ਕਿਹਾ ਜਾਂਦਾ ਹੈ, ਉਨ੍ਹਾਂ ਸਾਰਿਆਂ ਲਈ ਗ਼ੈਰ-ਅਦਾਲਤੀ ਕਤਲਾਂ ਦਾ ਵਰਤਾਰਾ 'ਨਿਊ ਨਾਰਮਲ' ਬਣ ਚੁੱਕਾ ਹੈ।

16 ਨਵੰਬਰ ਨੂੰ ਮਹਾਰਾਸ਼ਟਰ-ਛੱਤੀਸਗੜ੍ਹ ਦੇ ਸਰਹੱਦੀ ਖੇਤਰ ਵਿਚ ਹੋਇਆ 'ਮੁਕਾਬਲਾ' ਇਸ ਖ਼ੂਨੀ ਸਿਲਸਿਲੇ 'ਚ ਤਾਜ਼ਾ ਘਟਨਾ ਹੈ ਜਿਸ ਵਿਚ ਪੰਜ ਨਕਸਲੀਆਂ ਦੇ ਮਾਰੇ ਜਾਣ ਦੀ ਖ਼ਬਰ ਹੈ। 4 ਅਕਤੂਬਰ ਨੂੰ ਛੱਤੀਸਗੜ੍ਹ ਦੇ ਅਬੂਝਮਾੜ ਖੇਤਰ ਵਿਚ 13 ਔਰਤਾਂ ਸਮੇਤ 38 ਨਕਸਲੀ/ਮਾਓਵਾਦੀ ਸੁਰੱਖਿਆ ਬਲਾਂ ਨਾਲ 'ਮੁਕਾਬਲੇ' 'ਚ ਮਾਰ ਦਿੱਤੇ ਗਏ ਸਨ। 17 ਅਪਰੈਲ ਤੋਂ 10 ਮਈ ਤੱਕ ਤਿੰਨ ਵੱਡੇ ਮੁਕਾਬਲਿਆਂ 'ਚ 51 ਨਕਸਲੀਆਂ ਦੇ ਮਾਰੇ ਜਾਣ ਦੀ ਰਿਪੋਰਟ ਹੈ। 4 ਅਕਤੂਬਰ ਦੇ ਮੁਕਾਬਲੇ ਤੋਂ ਬਾਅਦ ਛੱਤੀਸਗੜ੍ਹ ਦੇ ਮੁੱਖ ਮੰਤਰੀ ਨੇ ਟਵੀਟ ਕੀਤਾ- "ਨਕਸਲਵਾਦ ਦਾ ਖ਼ਾਤਮਾ ਹੀ ਉਨ੍ਹਾਂ (ਡਬਲ ਇੰਜਨ ਸਰਕਾਰ) ਦਾ ਟੀਚਾ ਹੈ" ਅਤੇ "ਉਨ੍ਹਾਂ ਦੀ ਲੜਾਈ ਹੁਣ ਆਪਣੇ ਅੰਜਾਮ 'ਤੇ ਪਹੁੰਚ ਕੇ ਹੀ ਦਮ ਲਵੇਗੀ।" ਇਸ ਦੌਰਾਨ ਨਕਸਲ ਪ੍ਰਭਾਵਿਤ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਵਿਸ਼ੇਸ਼ ਮੀਟਿੰਗ ਵਿਚ ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ ਇਸ ਸਾਲ ਜਨਵਰੀ ਤੋਂ ਲੈ ਕੇ ਹੁਣ ਤੱਕ ਛੱਤੀਸਗੜ੍ਹ ਵਿਚ ਲੱਗਭੱਗ 194 ਨਕਸਲੀ ਮਾਰੇ ਗਏ ਹਨ, 801 ਨਕਸਲੀ ਗ੍ਰਿਫ਼ਤਾਰ ਕੀਤੇ ਹਨ ਅਤੇ 742 ਨਕਸਲੀਆਂ ਨੇ ਆਤਮ-ਸਮਰਪਣ ਕੀਤਾ ਹੈ। ਇਸ ਦੀ ਪੁਸ਼ਟੀ ਪੁਲਿਸ ਦੇ ਪ੍ਰੈੱਸ ਬਿਆਨ 'ਚ ਵੀ ਕੀਤੀ ਗਈ ਹੈ।

ਜਿੱਥੋਂ ਤੱਕ ਨਕਸਲੀਆਂ ਨੂੰ ਮੁਕਾਬਲਿਆਂ ਰਾਹੀਂ ਖ਼ਤਮ ਕਰਨ ਦਾ ਸਵਾਲ ਹੈ, ਇਹ ਹਕੂਮਤੀ ਨੀਤੀ ਨਵੀਂ ਨਹੀਂ। 1970ਵਿਆਂ ਦੇ ਸ਼ੁਰੂ 'ਚ ਵੀ ਪੂਰੇ ਮੁਲਕ 'ਚ ਪੰਜ ਹਜ਼ਾਰ ਦੇ ਕਰੀਬ ਨਕਸਲੀਆਂ ਨੂੰ ਕਤਲ ਕਰ ਕੇ ਇਸੇ ਤਰਜ਼ 'ਤੇ ਨਕਸਲਵਾਦ ਦਾ ਸਫ਼ਾਇਆ ਕਰ ਦੇਣ ਦੇ ਦਾਅਵੇ ਕੀਤੇ ਗਏ ਸਨ। ਪੰਜ ਦਹਾਕਿਆਂ 'ਚ ਪੂਰੇ ਮੁਲਕ 'ਚ 20000 ਤੋਂ ਵੱਧ ਨਕਸਲੀਆਂ ਨੂੰ ਮੁਕਾਬਲਿਆਂ 'ਚ ਅਤੇ ਹਿਰਾਸਤ 'ਚ ਕਤਲ ਕੀਤਾ ਗਿਆ ਹੈ।

ਉਦੋਂ ਨਕਸਲੀ ਲਹਿਰ ਵਕਤੀ ਤੌਰ 'ਤੇ ਦਬ ਜ਼ਰੂਰ ਗਈ ਸੀ ਪਰ ਇਕ ਦਹਾਕਾ ਬਾਅਦ ਹੀ ਪਹਿਲਾਂ ਨਾਲੋਂ ਵੀ ਮਜ਼ਬੂਤ ਤਾਕਤ ਬਣ ਕੇ ਮੁੜ ਉੱਭਰ ਆਈ ਸੀ। ਇਸ ਪਿੱਛੇ ਬੁਨਿਆਦੀ ਕਾਰਨ ਇਹ ਸੀ ਕਿ ਨਕਸਲੀ ਇਨਕਲਾਬੀ ਲਹੂ ਦੇ ਤਿਹਾਏ ਸਿਰਫਿਰੇ ਕਾਤਲਾਂ ਦਾ ਟੋਲਾ ਨਹੀਂ ਸਗੋਂ ਬਿਹਤਰੀਨ ਆਦਰਸ਼ ਨੂੰ ਪ੍ਰਣਾਏ ਜੁਝਾਰੂ ਇਨਕਲਾਬੀਆਂ ਦਾ ਸਮੂਹ ਸੀ/ਹੈ ਜੋ ਨੰਗੇ-ਚਿੱਟੇ ਅਨਿਆਂ ਤੇ ਘੋਰ ਨਾ-ਬਰਾਬਰੀ 'ਤੇ ਆਧਾਰਿਤ ਮੌਜੂਦਾ ਰਾਜ ਪ੍ਰਬੰਧ ਨੂੰ ਖ਼ਤਮ ਕਰ ਕੇ ਮਨੁੱਖ ਦੇ ਜਿਊਣਯੋਗ ਨਵੇਂ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ/ਹਨ।

ਨਕਸਲੀਆਂ ਨੇ ਪਿਛਲੀਆਂ ਗ਼ਲਤੀਆਂ ਤੋਂ ਸਿੱਖ ਕੇ ਮੁਲਕ ਦੇ ਉਨ੍ਹਾਂ ਵਿਸ਼ਾਲ ਪਿਛੜੇ ਹੋਏ ਇਲਾਕਿਆਂ ਅੰਦਰ ਦੱਬੇ-ਕੁਚਲੇ ਸਮੂਹਾਂ ਨਾਲ ਮੱਛੀ ਤੇ ਪਾਣੀ ਵਾਲਾ ਰਿਸ਼ਤਾ ਬਣਾਇਆ ਅਤੇ ਨਿਆਸਰੇ ਤੇ ਨਿਤਾਣੇ ਅਵਾਮ ਨੂੰ ਹੱਕ-ਜਤਾਉਣ ਦੇ ਸਮਰੱਥ ਸਮੂਹਿਕ ਜਥੇਬੰਦ ਤਾਕਤ 'ਚ ਬਦਲਿਆ। ਜਦੋਂ 1990ਵਿਆਂ 'ਚ ਭਾਰਤੀ ਹੁਕਮਰਾਨ ਜਮਾਤ ਨੇ ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦਾ ਆਰਥਿਕ ਮਾਡਲ ਅਪਣਾਉਣ ਤੋਂ ਬਾਅਦ ਜੰਗਲਾਂ-ਪਹਾੜਾਂ ਵਿਚਲੇ ਵਡਮੁੱਲੇ ਕੁਦਰਤੀ ਵਸੀਲੇ ਵਿਦੇਸ਼ੀ-ਦੇਸੀ ਕਾਰਪੋਰੇਟਾਂ ਨੂੰ ਸੌਂਪਣ ਲਈ ਕਥਿਤ ਵਿਕਾਸ ਪ੍ਰੋਜੈਕਟ ਸ਼ੁਰੂ ਕੀਤੇ, ਖ਼ਾਸ ਕਰ ਕੇ ਸੰਨ 2000 'ਚ ਸੰਘਣੀ ਆਦਿਵਾਸੀ ਵਸੋਂ ਵਾਲੇ ਵੱਖਰੇ ਰਾਜ ਛੱਤੀਸਗੜ੍ਹ, ਝਾਰਖੰਡ ਬਣਾਏ ਜਾਣ ਤੋਂ ਬਾਅਦ, ਤਾਂ ਆਦਿਵਾਸੀ ਇਲਾਕਿਆਂ 'ਚ ਸਟੇਟ ਨੂੰ ਮਾਓਵਾਦੀ ਅਗਵਾਈ ਹੇਠ ਤਿੱਖੇ ਜਨਤਕ ਟਾਕਰੇ ਦਾ ਸਾਹਮਣਾ ਕਰਨਾ ਪਿਆ। ਆਦਿਵਾਸੀ ਸਮਾਜ ਦਾ ਮਨੋਬਲ ਤੋੜਨ ਲਈ ਟਾਟਾ ਅਤੇ ਐੱਸ.ਆਰ. ਕਾਰਪੋਰੇਟ ਘਰਾਣਿਆਂ ਦੀ ਫੰਡਿੰਗ ਨਾਲ ਕਾਂਗਰਸੀ ਵਿਧਾਇਕ ਮਹੇਂਦਰ ਕਰਮਾ ਤੇ ਪੁਲਿਸ ਅਧਿਕਾਰੀਆਂ ਦੀ ਸਾਂਝੀ ਕਮਾਨ ਹੇਠ ਗ਼ੈਰ-ਕਾਨੂੰਨੀ ਗਰੋਹ ਜਥੇਬੰਦ ਕਰ ਕੇ ਛੱਤੀਸਗੜ੍ਹ ਵਿਚ ਵਿਆਪਕ ਪੈਮਾਨੇ 'ਤੇ ਸਾੜ-ਫੂਕ, ਕਤਲੋਗ਼ਾਰਤ ਅਤੇ ਸਮੂਹਿਕ ਬਲਾਤਕਾਰਾਂ ਦੀ ਮੁਹਿੰਮ ਚਲਾਈ ਗਈ ਜਿਸ ਨੂੰ 'ਸਲਵਾ ਜੁਡਮ' ਕਿਹਾ ਗਿਆ। ਜਦੋਂ ਇਹ ਗ਼ੈਰ-ਕਾਨੂੰਨੀ ਗਰੋਹ ਵੀ ਆਦਿਵਾਸੀਆਂ ਦਾ ਮਨੋਬਲ ਤੋੜਨ 'ਚ ਨਾਕਾਮ ਰਹੇ ਤਾਂ ਬੁਖਲਾਹਟ 'ਚ ਆ ਕੇ ਮਨਮੋਹਨ ਸਿੰਘ ਸਰਕਾਰ ਨੇ 'ਨਕਸਲਵਾਦ ਨੂੰ ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਐਲਾਨ ਕੇ ਆਪਣੇ ਹੀ ਮੁਲਕ ਦੇ ਸਭ ਤੋਂ ਗ਼ਰੀਬ, ਹਾਸ਼ੀਏ 'ਤੇ ਧੱਕੇ ਆਦਿਵਾਸੀਆਂ ਵਿਰੁੱਧ ਨਸਲਕੁਸ਼ੀ ਦੀ ਜੰਗ ਵਿੱਢ ਦਿੱਤੀ ਜੋ ਡੇਢ ਦਹਾਕੇ 'ਚ ਵੱਖ-ਵੱਖ ਨਾਵਾਂ ਹੇਠ ਹੁਣ ਅਤਿਅੰਤ ਕਰੂਰ ਰੂਪ ਅਖ਼ਤਿਆਰ ਕਰ ਚੁੱਕੀ ਹੈ। ਅਪਰੇਸ਼ਨ ਕਲੀਨ, ਅਪਰੇਸ਼ਨ ਐਨਾਕੌਂਡਾ, ਅਪਰੇਸ਼ਨ ਪ੍ਰਹਾਰ, ਅਪਰੇਸ਼ਨ ਕਗਾਰ ਆਦਿ ਨਾਮ ਭਾਵੇਂ ਵੱਖਰੇ ਜਾਪਦੇ ਹਨ ਪਰ ਸਭ ਦਾ ਨਿਸ਼ਾਨਾ ਇਕ ਹੈ: ਆਦਿਵਾਸੀਆਂ ਦੀ ਨਸਲਕੁਸ਼ੀ ਅਤੇ ਉਜਾੜਾ। ਸੁਰੱਖਿਆ ਲਸ਼ਕਰਾਂ ਦੇ ਸੈਂਕੜੇ ਕੈਂਪ ਸਥਾਪਤ ਕਰ ਕੇ ਇਲਾਕੇ ਦੀ ਘੇਰਾਬੰਦੀ ਕੀਤੀ ਹੋਈ ਹੈ। ਜੰਗਲਾਂ ਦੇ ਚੱਪੇ-ਚੱਪੇ 'ਤੇ ਸੁਰੱਖਿਆ ਬਲ ਤਾਇਨਾਤ ਹਨ; ਖ਼ਾਸ ਕਰ ਕੇ ਬਸਤਰ ਦੁਨੀਆ ਦਾ ਸਭ ਤੋਂ ਸੰਘਣੀ ਨੀਮ-ਫ਼ੌਜੀ ਤਾਇਨਾਤੀ ਵਾਲਾ ਖੇਤਰ ਬਣ ਚੁੱਕਾ ਹੈ। ਬਸਤਰ ਦੇ ਜ਼ਿਆਦਾਤਰ ਹਿੱਸੇ 'ਚ ਹਰ ਚਾਰ-ਪੰਜ ਕਿਲੋਮੀਟਰ ਦੇ ਘੇਰੇ 'ਚ ਸੁਰੱਖਿਆ ਦਸਤਿਆਂ ਦਾ ਕੈਂਪ ਬਣਾ ਦਿੱਤਾ ਗਿਆ ਹੈ ਜਿੱਥੇ ਨਾਗਰਿਕਾਂ ਤੇ ਸੁਰੱਖਿਆ ਦਸਤਿਆਂ ਦਾ ਔਸਤ ਅਨੁਪਾਤ 9:1 ਹੈ। ਬੇਸ਼ੱਕ ਹਕੂਮਤ ਇਹ ਦਾਅਵਾ ਕਰ ਰਹੀ ਹੈ ਕਿ ਕੈਂਪ ਅਤੇ ਸੜਕਾਂ ਵਿਕਾਸ ਲਈ ਬਣਾਏ ਜਾ ਰਹੇ ਹਨ ਪਰ ਭਾਰਤੀ ਹੁਕਮਰਾਨਾਂ ਦੇ ਕਥਿਤ ਵਿਕਾਸ ਮਾਡਲ ਤੋਂ ਬਖ਼ੂਬੀ ਵਾਕਫ਼ ਜਾਗਰੂਕ ਨਾਗਰਿਕਾਂ ਅਤੇ ਉਜਾੜੀ ਜਾ ਰਹੀ ਮਜ਼ਲੂਮ ਲੋਕਾਈ ਨੂੰ ਕੋਈ ਭੁਲੇਖਾ ਨਹੀਂ ਹੈ ਕਿ ਇਹ ਸਾਰਾ ਬੁਨਿਆਦੀ ਢਾਂਚਾ ਜੰਗਲਾਂ-ਪਹਾੜਾਂ ਉੱਪਰ ਕਾਰਪੋਰੇਟ ਕਬਜ਼ੇ ਦੇ ਰਾਹ ਪੱਧਰਾ ਕਰਨ ਲਈ ਖੜ੍ਹਾ ਕੀਤਾ ਗਿਆ ਹੈ।

ਗ਼ੈਰ-ਕਾਨੂੰਨੀ ਗ੍ਰਿਫ਼ਤਾਰੀਆਂ, ਨਜ਼ਰਬੰਦੀਆਂ, ਲੁੱਟਮਾਰ, ਜਿਨਸੀ ਦਹਿਸ਼ਤਵਾਦ, ਅਗਵਾ ਕਰ ਕੇ ਕਤਲ ਅਤੇ ਮੁਕਾਬਲਿਆਂ ਵਿਚ ਕਤਲੇਆਮ ਦਾ ਸਿਲਸਿਲਾ ਲਗਾਤਾਰ ਚੱਲ ਰਿਹਾ ਹੈ। ਆਦਿਵਾਸੀ ਅਵਾਮ ਨੂੰ ਬੁਨਿਆਦੀ ਮਸਲਿਆਂ ਦੇ ਹੱਲ ਲਈ ਸੰਘਰਸ਼ ਤੋਂ ਦੂਰ ਕਰਨ ਲਈ ਨਿੱਜੀ ਲਾਲਚ, ਭਰਮਾਊ ਸਕੀਮਾਂ, ਪਾਟਕ-ਪਾਊ ਚਾਲਾਂ ਅਤੇ ਕਰੂਰ ਜਬਰ-ਜ਼ੁਲਮ ਦਾ ਜਾਲ ਵਿਛਾਇਆ ਗਿਆ ਹੈ ਅਤੇ ਕਿਸੇ ਕਾਰਨ ਲਹਿਰ ਤੋਂ ਕਿਨਾਰਾ ਕਰ ਚੁੱਕੇ ਆਦਿਵਾਸੀ ਪਿਛੋਕੜ ਵਾਲੇ 'ਸਾਬਕਾ ਨਕਸਲੀਆਂ' ਅਤੇ ਸਮਾਜ ਵਿਰੋਧੀ ਅਨਸਰਾਂ ਦੀ ਵਿਸ਼ੇਸ਼ ਭਰਤੀ ਕਰ ਕੇ ਅਤੇ ਉਨ੍ਹਾਂ ਨੂੰ ਨਿੱਜੀ ਲਾਲਚ ਖ਼ਾਤਰ ਗ਼ੈਰ-ਕਾਨੂੰਨੀ ਕਤਲਾਂ ਲਈ ਉਕਸਾ ਕੇ ਭਰਾ-ਮਾਰੂ ਜੰਗ 'ਚ ਝੋਕਿਆ ਗਿਆ ਹੈ। ਇੰਵ 'ਸਲਵਾ ਜੁਡਮ' ਨੂੰ ਨਵਾਂ ਰੂਪ ਦਿੱਤਾ ਗਿਆ ਹੈ ਜੋ ਸੁਪਰੀਮ ਕੋਰਟ ਦੇ ਆਦੇਸ਼ 'ਤੇ ਹਕੂਮਤ ਨੂੰ ਬੰਦ ਕਰਨੀ ਪਈ ਸੀ। ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਪੁਲਿਸ ਅਤੇ ਕੇਂਦਰੀ ਸੁਰੱਖਿਆ ਲਸ਼ਕਰਾਂ ਦੇ ਅਧਿਕਾਰੀਆਂ ਨੂੰ ਮੁਕਾਬਲਿਆਂ ਅਤੇ ਆਤਮ-ਸਮਰਪਣ ਦੇ ਨਾਂ ਹੇਠ ਵਿਆਪਕ ਪੱਧਰ 'ਤੇ ਧਾਂਦਲੀ ਦੀ ਖੁੱਲ੍ਹੀ ਛੁੱਟੀ ਦਿੱਤੀ ਗਈ ਹੈ ਜੋ ਮਾਰੇ ਗਏ ਅਤੇ ਆਤਮ-ਸਮਰਪਣ ਕਰ ਚੁੱਕੇ ਨਕਸਲੀਆਂ ਦੇ ਵੱਧ ਤੋਂ ਵੱਧ ਅੰਕੜੇ ਦਿਖਾ ਕੇ ਤਰੱਕੀਆਂ ਅਤੇ ਇਨਾਮ ਲੈ ਰਹੇ ਹਨ। ਮਾਓਵਾਦੀ ਛਾਪਾਮਾਰਾਂ ਦੇ ਨਾਲ-ਨਾਲ ਬਹੁਤ ਸਾਰੇ ਆਮ ਆਦਿਵਾਸੀਆਂ ਨੂੰ ਵੀ ਫੜ ਕੇ ਮੁਕਾਬਲਿਆਂ 'ਚ ਮਾਰ ਦਿੱਤਾ ਜਾਂਦਾ ਹੈ ਅਤੇ ਇਨਾਮੀ ਮਾਓਵਾਦੀ ਦਿਖਾਉਣ ਲਈ ਛਾਪਾਮਾਰਾਂ ਵਾਲੀ ਵਰਦੀ ਪਹਿਨਾ ਦਿੱਤੀ ਜਾਂਦੀ ਹੈ।

ਰਾਜਕੀ ਦਹਿਸ਼ਤਵਾਦ ਕਥਿਤ ਮੁਕਾਬਲਿਆਂ ਤੱਕ ਸੀਮਤ ਨਹੀਂ ਹੈ। ਇਸ ਦੇ ਕਈ ਰੂਪ ਤਾਂ ਮੁੱਖਧਾਰਾ ਮੀਡੀਆ 'ਚ ਖ਼ਬਰ ਹੀ ਨਹੀਂ ਬਣਦੇ। ਪਿਛਲੇ ਦੋ ਸਾਲਾਂ ਤੋਂ ਦੂਰ-ਦਰਾਜ ਆਦਿਵਾਸੀ ਪਿੰਡਾਂ ਉੱਪਰ ਡਰੋਨਾਂ ਨਾਲ ਬੰਬਾਰੀ ਦੀਆਂ ਰਿਪੋਰਟਾਂ ਵੀ ਆ ਰਹੀਆਂ ਹਨ ਜਿਨ੍ਹਾਂ ਦੀ ਪੁਸ਼ਟੀ ਮਨੁੱਖੀ ਤੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਨੇ ਆਪਣੀ ਹਾਲੀਆ ਤੱਥ-ਖੋਜ ਰਿਪੋਰਟ 'ਚ ਵੀ ਕੀਤੀ ਹੈ। ਹੁਣੇ ਜਿਹੇ 13 ਨਵੰਬਰ ਨੂੰ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਨੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਦਿੱਤੀ ਕਿ ਉਸ ਵੱਲੋਂ ਸੋਸ਼ਲ ਮੀਡੀਆ ਸੰਦੇਸ਼ ਟਾਈਪ ਕਰਨ ਸਮੇਂ ਸਰਕਾਰੀ ਸੁਰੱਖਿਆ ਲਸ਼ਕਰ ਬੀਜਾਪੁਰ ਜ਼ਿਲ੍ਹੇ ਦੇ ਕੋਂਡਾਪਲੀ ਪਿੰਡ ਉੱਪਰ ਬੇਕਿਰਕੀ ਨਾਲ ਗੋਲੇ-ਬਾਰੂਦ ਦੀ ਵਾਛੜ ਕਰ ਰਹੇ ਹਨ। ਇਸੇ ਦਿਨ ਅੱਧੀ ਰਾਤ ਨੂੰ ਇਸ ਪਿੰਡ ਵਿਚ ਸੈਂਕੜਿਆਂ ਦੀ ਤਾਦਾਦ 'ਚ ਸੁਰੱਖਿਆ ਦਸਤੇ ਭੇਜ ਕੇ ਨਵਾਂ ਕੈਂਪ ਬਣਾਇਆ ਗਿਆ ਸੀ ਜਿਨ੍ਹਾਂ ਨੇ ਆਉਂਦਿਆਂ ਹੀ ਹਮਲਾ ਵਿੱਢ ਦਿੱਤਾ। ਹੁਣ 30 ਆਦਿਵਾਸੀ ਅੰਦੋਲਨਾਂ ਦੀ ਨੁਮਾਇੰਦਗੀ ਕਰਦੇ 'ਮੂਲਵਾਸੀ ਬਚਾਓ ਮੰਚ' ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਪਾਬੰਦੀ ਲਗਾ ਦਿੱਤੀ ਗਈ ਹੈ ਜਿਸ ਦੇ ਝੰਡੇ ਹੇਠ ਛੱਤੀਸਗੜ੍ਹ ਦੇ ਆਦਿਵਾਸੀ ਜੰਗਲਾਂ ਵਿਚ ਨੀਮ-ਫ਼ੌਜੀ ਕੈਂਪ ਲਗਾਏ ਜਾਣ ਵਿਰੁੱਧ ਪੱਕੇ ਮੋਰਚੇ ਲਾ ਕੇ ਵਿਰੋਧ 'ਚ ਡਟੇ ਹੋਏ ਸਨ। ਸਵਾਲ ਹੈ: ਜੇ ਲੋਕ ਪੁਰਅਮਨ ਤਰੀਕਿਆਂ ਨਾਲ ਵੀ ਹਕੂਮਤੀ ਧੱਕੇਸ਼ਾਹੀ ਦਾ ਵਿਰੋਧ ਨਹੀਂ ਕਰ ਸਕਦੇ ਤਾਂ ਉਨ੍ਹਾਂ ਕੋਲ ਮਾਓਵਾਦੀ ਲਹਿਰ 'ਚ ਸ਼ਾਮਲ ਹੋ ਕੇ ਆਪਣੇ ਹਿਤਾਂ ਲਈ ਲੜਨ ਤੋਂ ਸਿਵਾਇ ਹੋਰ ਰਾਹ ਕੀ ਹੈ?

ਨਕਸਲੀਆਂ/ਮਾਓਵਾਦੀਆਂ ਦੇ ਸਮਾਜਿਕ ਤਬਦੀਲੀ ਲਿਆਉਣ ਦੇ ਤਰੀਕਿਆਂ ਬਾਰੇ ਅਸਹਿਮਤੀ ਅਤੇ ਕਿੰਤੂ-ਪ੍ਰੰਤੂ ਹੋ ਸਕਦਾ ਹੈ ਪਰ ਉਨ੍ਹਾਂ ਦੇ ਉਦੇਸ਼ ਅਤੇ ਮਨਸ਼ਾ ਬਾਰੇ ਦੋ ਰਾਵਾਂ ਨਹੀਂ ਹਨ। ਉਹ ਘ੍ਰਿਣਤ ਸਮਾਜਿਕ-ਆਰਥਿਕ ਨਾ-ਬਰਾਬਰੀ, ਧੱਕੇ-ਵਿਤਕਰੇ ਤੇ ਦਾਬੇ ਨੂੰ ਖ਼ਤਮ ਕਰਕੇ ਬਰਾਬਰੀ ਵਾਲਾ ਸਮਾਜ ਉਸਾਰਨਾ ਚਾਹੁੰਦੇ ਹਨ ਜਦਕਿ ਭਾਰਤੀ ਹੁਕਮਰਾਨ ਜਮਾਤ ਇਨਸਾਨੀ ਤਰੱਕੀ ਵਿਰੋਧੀ ਤਾਕਤ ਹੈ ਜੋ 'ਕਾਨੂੰਨ ਦਾ ਰਾਜ' ਦੇ ਬਹਾਨੇ ਹਰ ਹੀਲੇ ਯਥਾ-ਸਥਿਤੀ ਨੂੰ ਬਰਕਰਾਰ ਰੱਖਣਾ ਚਾਹੁੰਦੀ ਹੈ ਜਿਸ ਪਿੱਛੇ ਇਸ ਦਾ ਲੋਕਾਈ ਨੂੰ ਬੇਕਿਰਕ ਲੁੱਟ-ਖਸੁੱਟ, ਆਰਥਿਕ ਮੁਥਾਜੀ, ਦਾਬੇ ਅਤੇ ਮਾਨਸਿਕ ਗ਼ੁਲਾਮੀ 'ਚ ਜਕੜੀ ਰੱਖਣ ਦਾ ਮਨੁੱਖਤਾ ਵਿਰੋਧੀ ਸਵਾਰਥ ਕੰਮ ਕਰਦਾ ਹੈ ਜਿਸ ਨੂੰ ਮਾਰਕਸਵਾਦੀ ਮੁਹਾਵਰੇ ਵਿਚ ਜਮਾਤੀ ਹਿਤ ਕਿਹਾ ਜਾਂਦਾ ਹੈ।

ਭਾਰਤੀ ਹੁਕਮਰਾਨ ਮੁੱਢ ਤੋਂ ਹੀ ਇਸ ਹਕੀਕਤ ਨੂੰ ਲੁਕੋਂਦੇ ਆ ਰਹੇ ਹਨ ਕਿ ਨਕਸਲੀ ਲਹਿਰ ਕਮਿਊਨਿਸਟ ਲਹਿਰ ਦੀ ਉਹ ਜੁਝਾਰੂ ਧਾਰਾ ਹੈ ਜੋ ਕਿਸੇ ਵੀ ਕੀਮਤ 'ਤੇ ਆਪਣਾ ਬੁਨਿਆਦੀ ਸਮਾਜਿਕ ਤਬਦੀਲੀ ਦਾ ਏਜੰਡਾ ਤਿਆਗਣ ਅਤੇ ਭਾਰਤੀ ਹੁਕਮਰਾਨਾਂ ਨਾਲ ਰਾਜਨੀਤਕ ਸਮਝੌਤਾ ਕਰਕੇ ਸੁਧਾਰਵਾਦੀ ਸਿਆਸਤ ਨੂੰ ਅਪਣਾਉਣ ਲਈ ਤਿਆਰ ਨਹੀਂ ਹਨ। ਉਹ ਆਪਣੀ ਜ਼ਿੰਦਗੀ ਦਾ ਮੂਲ ਤਾਰ ਕੇ ਵੀ ਸਮਾਜਿਕ ਤਬਦੀਲੀ ਲਿਆਉਣ ਲਈ ਦ੍ਰਿੜ ਹਨ।

ਇਸ ਹਕੀਕਤ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਨਕਸਲੀ ਇਨਕਲਾਬੀਆਂ ਦੀਆਂ ਕੁਰਬਾਨੀਆਂ ਅਜਾਈਂ ਨਹੀਂ ਗਈਆਂ। ਨਕਸਲੀ ਲਹਿਰ ਨੇ ਭਾਰਤ ਦੀ ਆਮ ਲੋਕਾਈ ਦੇ ਨਰਕ ਤੋਂ ਵੀ ਭੈੜੇ ਜੂਨ-ਗੁਜ਼ਾਰੇ ਉੱਪਰ ਪਾਇਆ ਲੋਕਤੰਤਰ ਦਾ ਪਰਦਾ ਪਾੜ ਕੇ ਅਸਲ ਤਸਵੀਰ ਜੱਗ ਜ਼ਾਹਰ ਕਰ ਦਿੱਤੀ। ਨਕਸਲੀ ਲਹਿਰ ਨੇ ਸਭ ਤੋਂ ਵੱਧ ਹਾਸ਼ੀਏ 'ਤੇ ਧੱਕੇ ਹਿੱਸਿਆਂ, ਆਦਿਵਾਸੀਆਂ ਅਤੇ ਬੇਜ਼ਮੀਨੇ ਦਲਿਤਾਂ ਦੇ ਬੁਨਿਆਦੀ ਮਸਲੇ ਉਠਾ ਕੇ ਮੰਗਾਂ ਨੂੰ ਸੰਘਰਸ਼ ਦਾ ਰੂਪ ਦੇਣ 'ਚ ਕੇਂਦਰੀ ਭੂਮਿਕਾ ਨਿਭਾਈ। ਇਸ ਨੇ ਮਿਹਨਤਕਸ਼ ਲੋਕਾਂ, ਖ਼ਾਸ ਕਰ ਕੇ ਬੇਜ਼ਮੀਨੀ ਕਿਸਾਨੀ ਦੇ ਬੁਨਿਆਦੀ ਮਸਲੇ ਨੂੰ ਮੁਖ਼ਾਤਬ ਹੋਣ ਦੀ ਜ਼ਰੂਰਤ ਵੱਲ ਧਿਆਨ ਖਿੱਚਿਆ। ਬੇਸ਼ੱਕ ਨਕਸਲੀ ਲਹਿਰ ਆਪਣੀ ਜ਼ਰੱਈ ਇਨਕਲਾਬ ਅਤੇ ਸੱਤਾ ਉੱਪਰ ਕਬਜ਼ੇ ਦਾ ਪ੍ਰਮੁੱਖ ਟੀਚਾ ਹਾਸਲ ਕਰਨ 'ਚ ਅਜੇ ਤੱਕ ਕਾਮਯਾਬ ਨਹੀਂ ਹੋਈ ਪਰ ਇਸ ਲਹਿਰ ਦੇ ਦਬਾਅ ਹੇਠ ਹੁਕਮਰਾਨ ਜ਼ਰੱਈ ਸੁਧਾਰਾਂ ਲਈ ਕੁਝ ਨਾ ਕੁਝ ਕਦਮ ਚੁੱਕਣ ਲਈ ਮਜਬੂਰ ਹੋਏ। ਭਾਰਤੀ ਹੁਕਮਰਾਨਾਂ ਨੂੰ ਆਦਿਵਾਸੀ ਲੋਕਾਂ ਦੇ ਜੰਗਲਾਂ ਉੱਪਰ ਕੁਦਰਤੀ ਹੱਕ ਸੁਰੱਖਿਅਤ ਕਰਨ, ਖੇਤ ਮਜ਼ਦੂਰਾਂ ਲਈ ਘੱਟੋ-ਘੱਟ ਉਜਰਤ ਅਤੇ ਪੇਂਡੂ ਖੇਤਰ ਲਈ ਰੁਜ਼ਗਾਰ ਕਾਨੂੰਨ ਆਦਿ ਵਰਗੇ ਮਹੱਤਵਪੂਰਨ ਕਾਨੂੰਨੀ ਸੁਧਾਰ ਕਰਨੇ ਪਏ। ਬੇਸ਼ੱਕ ਛੱਤੀਸਗੜ੍ਹ, ਬਿਹਾਰ-ਝਾਰਖੰਡ, ਉੜੀਸਾ, ਤਿਲੰਗਾਨਾ ਹੈ ਜਾਂ ਮਹਾਰਾਸ਼ਟਰ, ਕੇਰਲ ਜਾਂ ਪੱਛਮੀ ਬੰਗਾਲ, ਨਕਸਲੀ ਲਹਿਰ ਦੇ ਵਧ ਰਹੇ ਜਨਤਕ ਆਧਾਰ ਨੂੰ ਰੋਕਣ ਲਈ ਸਰਕਾਰਾਂ ਨੂੰ ਬਹੁਤ ਸਾਰੇ ਕਦਮ ਚੁੱਕਣੇ ਪਏ। ਤਤਕਾਲੀ ਕੇਂਦਰ ਸਰਕਾਰ ਦੇ ਯੋਜਨਾ ਕਮਿਸ਼ਨ ਵੱਲੋਂ 2006 'ਚ ਬਣਾਏ 'ਮਾਹਰਾਂ ਦੇ ਗਰੁੱਪ' ਨੇ 'ਲਾਲ ਪੱਟੀ' ਦਾ ਦੌਰਾ ਕਰਨ ਤੋਂ ਬਾਅਦ 2008 'ਚ ਜਾਰੀ ਕੀਤੀ ਵਿਸਤਾਰਤ ਰਿਪੋਰਟ ਵਿਚ ਮੰਨਿਆ ਸੀ ਕਿ "ਨਕਸਲੀ ਲਹਿਰ ਨੇ ਦੱਬੇਕੁਚਲਿਆਂ 'ਚ ਆਪਣੀ ਬਰਾਬਰੀ ਦਾ ਹੱਕ ਜਤਾਉਣ ਅਤੇ ਭਾਰੂ ਜਾਤਾਂ ਤੇ ਜਮਾਤਾਂ ਤੋਂ ਮਾਣ-ਸਨਮਾਨ ਤੇ ਗੌਰਵ ਦੀ ਮੰਗ ਕਰਨ ਦਾ ਵਿਸ਼ਵਾਸ ਭਰਿਆ ਹੈ।"

ਅਮਨ-ਕਾਨੂੰਨ ਦੇ ਆਪੇ ਬਣੇ ਠੇਕੇਦਾਰ ਮਾਓਵਾਦੀ 'ਹਿੰਸਾ' ਉੱਪਰ ਬਹੁਤ ਹਾਇ-ਤੌਬਾ ਮਚਾਉਂਦੇ ਹਨ ਪਰ ਉਹ ਸਮਾਜਿਕ ਨਿਆਂ ਅਤੇ ਬੁਨਿਆਦੀ ਮਨੁੱਖੀ ਜ਼ਰੂਰਤਾਂ ਦੇ ਸਵਾਲਾਂ ਵੱਲ ਕਦੇ ਮੂੰਹ ਨਹੀਂ ਕਰਦੇ। ਉਹ ਇਸ ਕੌੜੀ ਹਕੀਕਤ ਨੂੰ ਮੁਖ਼ਾਤਿਬ ਨਹੀਂ ਹੁੰਦੇ ਕਿ 1947 ਤੋਂ ਬਾਅਦ ਹੋਂਦ 'ਚ ਆਏ 'ਸੁਤੰਤਰ' ਭਾਰਤ ਨੇ ਗ਼ਰੀਬ ਤੇ ਵਾਂਝੇ ਹਿੱਸਿਆਂ ਦੀ ਬਿਹਤਰੀ ਤੇ ਤਰੱਕੀ ਲਈ ਕੀ ਕੀਤਾ ਹੈ। ਨਕਸਲੀ/ਮਾਓਵਾਦੀ ਲਹਿਰ ਦਾ ਸਮਾਜਿਕ ਆਧਾਰ ਸਭ ਤੋਂ ਗ਼ਰੀਬ ਤੇ ਵਾਂਝੇ ਲੋਕ ਹਨ ਜਿਨ੍ਹਾਂ ਦੇ ਹਿਤਾਂ ਅਤੇ ਜਮਹੂਰੀ ਰੀਝਾਂ ਦੀ ਨੁਮਾਇੰਦਗੀ ਮਾਓਵਾਦੀ ਲਹਿਰ ਕਰਦੀ ਹੈ। ਹਕੂਮਤ ਖ਼ੁਦ ਮੰਨਦੀ ਹੈ ਕਿ ਮਾਓਵਾਦੀ ਲਹਿਰ ਦਾ ਮੁੱਖ ਕਾਡਰ ਆਦਿਵਾਸੀ ਹਨ ਅਤੇ ਉਨ੍ਹਾਂ ਵਿਚ ਵੀ ਬਹੁਤ ਵੱਡੀ ਗਿਣਤੀ ਔਰਤਾਂ ਦੀ ਹੈ। ਵਿਸ਼ਵ ਪ੍ਰਸਿੱਧ ਲੇਖਕਾ ਅਰੁੰਧਤੀ ਰਾਏ ਨੇ ਬਸਤਰ ਦਾ ਦੌਰਾ ਕਰਨ ਤੋਂ ਬਾਅਦ ਲਿਖੇ ਆਪਣੇ ਲੰਮੇ ਲੇਖ 'ਸਾਥੀਆਂ ਨਾਲ ਵਿਚਰਦਿਆਂ' (2010) 'ਚ ਦੱਸਿਆ ਸੀ ਕਿ ਮਾਓਵਾਦੀ ਛਾਪਾਮਾਰਾਂ ਦਾ 45% ਔਰਤਾਂ ਹਨ। ਜਿਸ ਰਾਜ ਪ੍ਰਬੰਧ ਦਾ 'ਕਾਨੂੰਨ ਦਾ ਰਾਜ' ਸਥਾਪਤ ਕਰਨ ਦੀ ਦੁਹਾਈ ਦਿੱਤੀ ਜਾਂਦੀ ਹੈ, ਉਸ ਨੇ ਹੁਣ ਤੱਕ ਆਦਿਵਾਸੀਆਂ ਤੇ ਦਲਿਤਾਂ ਨੂੰ ਕੀ ਦਿੱਤਾ ਹੈ। ਜਿਨ੍ਹਾਂ ਇਲਾਕਿਆਂ 'ਚ ਹੁਣ ਕਾਰਪੋਰੇਟ ਪ੍ਰੋਜੈਕਟਾਂ ਦੀ ਖ਼ਾਤਰ ਜੰਗੀ ਪੱਧਰ 'ਤੇ ਸੜਕਾਂ ਵਿਛਾਈਆਂ ਜਾ ਰਹੀਆਂ ਹਨ, ਉੱਥੇ ਸਾਢੇ ਸੱਤ ਦਹਾਕਿਆਂ 'ਚ ਭਾਰਤੀ ਹੁਕਮਰਾਨ ਪ੍ਰਾਇਮਰੀ ਸਿੱਖਿਆ ਅਤੇ ਮਲੇਰੀਏ ਵਰਗੀਆਂ ਸਾਧਾਰਨ ਬਿਮਾਰੀਆਂ ਦੇ ਇਲਾਜ ਲਈ ਮੁੱਢਲੀਆਂ ਸਿਹਤ ਸੇਵਾਵਾਂ ਵੀ ਮੁਹੱਈਆ ਨਹੀਂ ਕਰ ਸਕੇ। ਅੱਜ ਵੀ ਆਦਿਵਾਸੀ ਭਾਰਤੀ ਰਾਜ ਤੋਂ ਰੁਜ਼ਗਾਰ, ਪੈਨਸ਼ਨਾਂ ਜਾਂ ਤਨਖ਼ਾਹਾਂ ਨਹੀਂ ਮੰਗ ਰਹੇ। ਉਹ ਸਿਰਫ਼ ਇਹ ਮੰਗ ਕਰ ਰਹੇ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਰੈਣ-ਬਸੇਰੇ ਜੰਗਲਾਂ-ਪਹਾੜਾਂ ਤੋਂ ਉਜਾੜਿਆ ਨਾ ਜਾਵੇ। ਉਹ ਬੈਲਾਡਿਲਾ ਖਾਣਾਂ ਵਰਗੇ ਪਹਿਲਾਂ ਲਗਾਏ 'ਵਿਕਾਸ' ਪ੍ਰੋਜੈਕਟਾਂ ਦਾ ਸੁਆਦ ਦੇਖ ਚੁੱਕੇ ਹਨ। ਜਿਸ ਅਬੂਝਮਾੜ ਉੱਪਰ ਕਬਜ਼ਾ ਕਰਨ ਲਈ ਹੁਣ ਸੁਰੱਖਿਆ ਦਸਤਿਆਂ ਦੇ ਕੈਂਪਾਂ ਅਤੇ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ, ਉਹ ਭਾਰਤੀ ਸਟੇਟ ਲਈ ਹੁਣ ਤੱਕ 'ਅਬੂਝ' ਹੀ ਰਿਹਾ ਹੈ। ਕਾਰਪੋਰੇਟ ਪ੍ਰੋਜੈਕਟਾਂ ਲਈ ਜੰਗਲਾਂ, ਪਹਾੜਾਂ ਹੇਠਲੇ ਵਡਮੁੱਲੇ ਕੁਦਰਤੀ ਵਸੀਲਿਆਂ ਨੂੰ ਕਬਜ਼ੇ ਵਿਚ ਲੈਣ ਅਤੇ ਇਸ ਖ਼ਾਤਰ ਉੱਥੇ 'ਕਾਨੂੰਨ ਦਾ ਰਾਜ' ਸਥਾਪਤ ਕਰਨ ਦੀ ਜ਼ਰੂਰਤ 'ਚੋਂ ਆਦਿਵਾਸੀ ਖੇਤਰਾਂ ਵਿਚਲੇ ਮਾੜ ਵਰਗੇ ਇਲਾਕਿਆਂ ਦੀ ਖੋਜ ਹੋਈ ਜਿਨ੍ਹਾਂ ਬਾਰੇ ਸੱਤ ਦਹਾਕੇ ਬਾਅਦ ਵੀ 'ਲੋਕਤੰਤਰੀ' ਰਾਜ ਬੇਖ਼ਬਰ ਸੀ। ਹਕੂਮਤ ਅਨੁਸਾਰ ਇਹ ਅਮਨ-ਕਾਨੂੰਨ ਦਾ ਮਸਲਾ ਹੈ, ਆਦਿਵਾਸੀ ਅਵਾਮ ਲਈ ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਹੈ।

ਭਾਰਤੀ ਹੁਕਮਰਾਨ 'ਸੰਵਿਧਾਨ', 'ਕਾਨੂੰਨ ਦਾ ਰਾਜ' ਦੇ ਜਿੰਨੇ ਮਰਜ਼ੀ ਦਾਅਵੇ ਕਰਦੇ ਰਹਿਣ, ਕੁਲ ਆਲਮ ਨੂੰ ਪਤਾ ਹੈ ਕਿ ਭਾਰਤੀ ਰਾਜ ਕਾਨੂੰਨ ਦਾ ਕਿੰਨਾ ਕੁ ਪਾਬੰਦ ਹੈ; ਖ਼ਾਸ ਕਰ ਕੇ ਆਰ.ਐੱਸ.ਐੱਸ.-ਭਾਜਪਾ ਦਾ ਪਿਛਲੇ ਇਕ ਦਹਾਕੇ ਦਾ ਰਾਜ ਕਿਸ ਨੂੰ ਭੁੱਲਿਆ ਹੈ ਜਿਸ ਦੀ ਸਮੁੱਚੀ ਟੇਕ ਹੀ ਸੰਵਿਧਾਨ ਦੀਆਂ ਧੱਜੀਆਂ ਉਡਾਉਣ, ਦੱਬੇ-ਕੁਚਲਿਆਂ ਨੂੰ ਹੋਰ ਦਬਾਉਣ ਅਤੇ ਨਫ਼ਰਤ ਤੇ ਘਿਨਾਉਣੀ ਹਿੰਸਾ ਦੀ ਸਿਆਸਤ ਖੇਡਣ ਉੱਪਰ ਹੈ। ਜੇ ਭਾਰਤੀ ਹੁਕਮਰਾਨਾਂ ਨੂੰ ਕਾਨੂੰਨ ਦੇ ਰਾਜ ਦਾ ਐਨਾ ਹੀ ਹੇਜ ਹੈ ਤਾਂ ਵੱਖਰੀ ਵਿਚਾਰਧਾਰਾ ਵਾਲਿਆਂ ਨੂੰ ਗ਼ੈਰ-ਅਦਾਲਤੀ ਕਤਲਾਂ 'ਚ ਮਾਰਨ ਅਤੇ ਸਿਰਫ਼ ਵਿਚਾਰਾਂ ਦੇ ਆਧਾਰ 'ਤੇ ਜੇਲ੍ਹਾਂ 'ਚ ਡੱਕਣ ਦਾ ਹਕੂਮਤ ਨੂੰ ਕੀ ਹੱਕ ਹੈ? ਹਕੂਮਤ ਉਨ੍ਹਾਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰੇ ਅਤੇ ਜੁਰਮ ਸਾਬਤ ਕਰ ਕੇ ਕਾਨੂੰਨੀ ਪ੍ਰਕਿਰਿਆ ਰਾਹੀਂ ਉਨ੍ਹਾਂ ਨੂੰ ਅਦਾਲਤੀ ਸਜ਼ਾਵਾਂ ਦੇਵੇ ਪਰ ਹੁਕਮਰਾਨ ਜਮਾਤ ਲਈ ਕਾਨੂੰਨ ਤਾਂ ਮਹਿਜ਼ ਲੋਕਾਈ ਨੂੰ ਬੇਵੱਸ ਤੇ ਦੱਬੂ ਪਰਜਾ ਬਣਾ ਕੇ ਰੱਖਣ ਦਾ ਸੰਦ ਹੈ। ਚੋਟੀ ਦੇ ਮਾਓਵਾਦੀ ਆਗੂ ਚੇਰੂਕੁਰੀ ਰਾਜਕੁਮਾਰ ਉਰਫ਼ ਆਜ਼ਾਦ ਅਤੇ ਪੱਤਰਕਾਰ ਹੇਮ ਪਾਂਡੇ ਨੂੰ ਝੂਠੇ ਮੁਕਾਬਲੇ 'ਚ ਮਾਰਨ ਵਿਰੁੱਧ ਪਟੀਸ਼ਨ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ ਸੀ ਕਿ 'ਗਣਰਾਜ ਨੂੰ ਆਪਣੇ ਹੀ ਬੱਚਿਆਂ ਨੂੰ ਮਾਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ'। ਹੁਣ ਜਦੋਂ 'ਗਣਰਾਜ' ਦੇ ਹੁਕਮਰਾਨ ਕਤਲੇਆਮ ਦੇ ਟੀਚੇ ਮਿੱਥ ਕੇ ਖ਼ਾਸ ਵਿਚਾਰਧਾਰਾ ਦਾ ਸਫ਼ਾਇਆ ਕਰਨ ਦੇ ਐਲਾਨ ਕਰ ਰਹੇ ਹਨ ਤਾਂ ਸੁਪਰੀਮ ਕੋਰਟ ਖ਼ਾਮੋਸ਼ ਦਰਸ਼ਕ ਬਣੀ ਹੋਈ ਹੈ।

ਭਗਵਾ ਹਕੂਮਤ ਦਾ ਦਾਅਵਾ ਹੈ ਕਿ 2013 'ਚ ਦਸ ਰਾਜਾਂ ਦੇ 126 ਜ਼ਿਲ੍ਹੇ 'ਖੱਬੇ ਪੱਖੀ ਅੱਤਵਾਦ' ਦੀ ਲਪੇਟ 'ਚ ਸਨ; ਹੁਣ 38 ਜ਼ਿਲ੍ਹੇ ਹੀ ਨਕਸਲ-ਪ੍ਰਭਾਵਿਤ ਹਨ ਪਰ ਕੀ ਉਹ ਅਣਮਨੁੱਖੀ ਹਾਲਾਤ-ਘੋਰ ਗ਼ਰੀਬੀ, ਨਾ-ਬਰਾਬਰੀ, ਬੇਰੁਜ਼ਗਾਰੀ, ਸਮਾਜਿਕ ਅਨਿਆਂ, ਜਬਰ-ਜ਼ੁਲਮ - ਵੀ ਦੂਰ ਕਰ ਦਿੱਤੇ ਗਏ ਹਨ ਜਿਨ੍ਹਾਂ ਕਾਰਨ ਦੱਬੇ-ਕੁਚਲੇ ਅਵਾਮ ਸਟੇਟ ਵਿਰੁੱਧ ਹਥਿਆਰ ਚੁੱਕਦੇ ਹਨ? ਬਹੁਤ ਸਾਰੇ ਅਧਿਐਨ ਦਿਖਾਉਂਦੇ ਹਨ ਕਿ ਇਨ੍ਹਾਂ ਸਾਰੇ ਪੱਖਾਂ ਤੋਂ ਤਾਂ ਹਾਲਾਤ ਹੋਰ ਵੀ ਬਦਤਰ ਹੋਏ ਹਨ। ਫਾਸ਼ੀਵਾਦੀ ਹਕੂਮਤ ਨੂੰ ਭਰਮ ਹੈ ਕਿ ਕਰੂਰ ਰਾਜਕੀ ਦਹਿਸ਼ਤਵਾਦ ਦੇ ਜ਼ੋਰ ਅਵਾਮ ਦੀ ਬਿਹਤਰ ਜ਼ਿੰਦਗੀ ਦੀ ਜਮਹੂਰੀ ਰੀਝ ਨੂੰ ਹਮੇਸ਼ਾ ਲਈ ਖ਼ਤਮ ਕੀਤਾ ਜਾ ਸਕਦਾ ਹੈ। ਜਿਵੇਂ ਇਤਿਹਾਸ ਗਵਾਹ ਹੈ, ਇਸੇ ਤਰ੍ਹਾਂ ਭਵਿੱਖ ਵੀ ਸਾਬਤ ਕਰੇਗਾ ਕਿ ਸਮਾਜਿਕ ਤਬਦੀਲੀ ਲਈ ਯਤਨਸ਼ੀਲ ਤਾਕਤਾਂ ਨੂੰ ਇਹ ਪਛਾੜ ਵਕਤੀ ਹੈ ਅਤੇ ਨਕਸਲਵਾਦ ਕਾਲਪਨਿਕ ਪੰਛੀ ਵਾਂਗ ਆਪਣੀ ਰਾਖ 'ਚੋਂ ਮੁੜ ਜਿਉਂਦਾ ਹੋਣ ਦੀ ਤਾਕਤ ਰੱਖਦਾ ਹੈ।



# ਸਲਮਾਨ ਰੁਸ਼ਦੀ ਦੀ ਕਿਰਤ 'ਨਾਇਫ'

***ਭਾਰਤੀ ਮੂਲ ਦੇ ਬ੍ਰਿਟਿਸ਼-ਅਮਰੀਕਨ ਲੇਖਕ ਸਰ ਸਲਮਾਨ ਰੁਸ਼ਦੀ ਗੈਬਰੀਅਲ ਗਾਰਸ਼ੀਆ ਮਾਰਖੇਜ਼ ਵਾਂਗ ਆਪਣੇ ਨਾਵਲਾਂ ਦੇ ਤਿਲੱਸਮੀ-ਯਥਾਰਥ ਦੇ ਪ੍ਰਯੋਗ ਲਈ ਜਾਣਿਆ ਜਾਂਦਾ ਹੈ। ਰੁਸ਼ਦੀ ਨੂੰ 1981 ਵਿਚ ਛਪੇ ਉਸ ਦੇ ਨਾਵਲ 'ਮਿਡਨਾਈਟ'ਸ ਚਿਲਡਰਨ ਲਈ ਪਹਿਲਾਂ ਬੁੱਕਰ ਤੇ ਫਿਰ ਬੈਸਟ ਆਫ ਬੁੱਕਰ ਪੁਰਸਕਾਰ ਮਿਲਿਆ। ਜਦੋਂ 1988 ਵਿਚ ਉਸ ਦਾ ਚੌਥਾ ਨਾਵਲ 'ਦਿ ਸੈਟਨਿਕ ਵਰਸਸ' ਛਪਿਆ ਤਾਂ ਉਹ ਵਿਵਾਦਾਂ ਦੇ ਘੇਰੇ ਵਿਚ ਆ ਗਿਆ। ਇਰਾਨ ਦੇ ਸਭ ਤੋਂ ਸ਼ਕਤੀਸ਼ਾਲੀ ਨੇਤਾ ਆਇਤੁੱਲਾ ਖੋਮੇਨੀ ਨੇ ਉਸ ਦੇ ਵਿਰੁੱਧ ਫ਼ਤਵਾ ਜਾਰੀ ਕਰ ਦਿੱਤਾ। ਉਘੇ ਲੇਖਕ ਜੰਗ ਬਹਾਦਰ ਗੋਇਲ ਨੇ ਇਸ ਲੇਖ ਵਿਚ ਉਨ੍ਹਾਂ ਦੀ ਨਵੀਂ ਕਿਤਾਬ 'ਨਾਇਫ' ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ।***

ਡੈਨਮਾਰਕ ਵਾਸੀ ਵਿਸ਼ਵ ਪ੍ਰਸਿੱਧ ਜੀਵ ਵਿਗਿਆਨੀ ਡਾ. ਸੁਰੇਸ਼ ਰਤਨ ਜੋ ਬੁਢਾਪੇ ਦੀ ਰੋਕਥਾਮ ਲਈ ਕੀਤੀਆਂ ਆਪਣੀਆਂ ਵਿਲੱਖਣ ਖੋਜਾਂ ਲਈ ਜਾਣੇ ਜਾਂਦੇ ਹਨ, ਮਰਹੂਮ ਆਈ.ਏ.ਐੱਸ. ਅਫਸਰ ਐੱਨ.ਐੱਸ. ਰਤਨ ਅਤੇ ਡਾ. ਰਮਾ ਰਤਨ ਦੇ ਛੋਟੇ ਭਰਾ ਹਨ। ਮੈਂ ਉਹਨਾਂ ਨੂੰ ਜ਼ਾਤੀ ਤੌਰ 'ਤੇ ਕਦੇ ਨਹੀਂ ਮਿਲਿਆ। ਉਨ੍ਹਾਂ ਮੇਰੀ ਪੁਸਤਕ 'ਸਾਹਿਤ ਸੰਜੀਵਨੀ' ਪੜ੍ਹ ਕੇ ਮੈਨੂੰ ਐਮੇਜ਼ੋਨ ਰਾਹੀਂ ਸਲਮਾਨ ਰੁਸ਼ਦੀ ਦੀ ਕਿਤਾਬ 'ਨਾਇਫ: ਮੈਡੀਟੇਸ਼ਨਸ ਆਫਟਰ ਐਨ ਅਟੈਂਪਟਡ ਮਰਡਰ' ਸੁਗਾਤ ਵਜੋਂ ਭੇਜੀ। ਉਹਨਾਂ ਨੇ ਮੋਬਾਇਲ ਰਾਹੀਂ (ਮੈਸੇਂਜਰ 'ਤੇ) ਮੈਨੂੰ ਇਹ ਸੁਨੇਹਾ ਭੇਜਿਆ:

"ਤੁਹਾਡੀ ਪੁਸਤਕ 'ਸਾਹਿਤ ਸੰਜੀਵਨੀ' ਪੜ੍ਹਨ ਉਪਰੰਤ ਮੇਰੇ ਮਨ ਅੰਦਰ ਬਹੁਤ ਸਾਰੇ ਵਿਚਾਰ ਅਤੇ ਅਹਿਸਾਸ ਪੁੰਗਰਨ ਲੱਗੇ। ਇਸ ਬਾਰੇ ਮੈਂ ਕੁਝ ਕਹਿਣ ਤੋਂ ਫਿਲਹਾਲ ਅਸਮਰਥ ਹਾਂ ਕਿਉਂਕਿ ਅਜੇ ਮੈਂ ਇਸ 'ਤੇ ਚਿੰਤਨ-ਮੰਥਨ ਕਰ ਰਿਹਾ ਹਾਂ। ਪਿਛਲੇ ਹਫ਼ਤੇ ਜਦੋਂ ਮੈਂ ਸਲਮਾਨ ਰੁਸ਼ਦੀ ਦੀ ਪੁਸਤਕ 'ਨਾਇਫ' ਪੜ੍ਹੀ ਤਾਂ ਮੈਨੂੰ ਇਕਦਮ ਤੁਹਾਡਾ ਖ਼ਿਆਲ ਆਇਆ। 'ਸਾਹਿਤ ਸੰਜੀਵਨੀ'



ਜੰਗ ਬਹਾਦੁਰ ਗੋਇਲ
ਫੋਨ: +91-9855123499

ਵਰਗੀ ਸ਼ਾਨਦਾਰ ਕਿਤਾਬ ਲਿਖਣ ਲਈ ਮੈਂ ਤੁਹਾਨੂੰ ਧੰਨਵਾਦ ਵਜੋਂ ਬੜੇ ਪਿਆਰ ਅਤੇ ਸਤਿਕਾਰ ਨਾਲ ਇਹ ਪੁਸਤਕ ਭੇਜ ਰਿਹਾ ਹਾਂ- ਇਹ ਵੀ ਸੰਜੀਵਨੀ ਹੀ ਹੈ।"

ਅਗਲੇ ਦਿਨ ਸਵੇਰੇ ਪਾਰਸਲ ਮਿਲ ਗਿਆ। ਪੁਸਤਕ ਹਿੱਕ ਨਾਲ ਲਾਈ ਤੇ ਹਜ਼ਾਰਾਂ ਮੀਲ ਦੂਰ ਬੈਠੇ ਡਾ. ਸੁਰੇਸ਼ ਰਤਨ ਦਾ ਧੰਨਵਾਦ ਕੀਤਾ।


'ਨਾਇਫ਼' ਸਲਮਾਨ ਰੁਸ਼ਦੀ ਦੀਆਂ ਹੋਰ ਸਭ ਕਿਤਾਬਾਂ ਤੋਂ ਬਿਲਕੁਲ ਵੱਖਰੀ ਹੈ। ਇਹ ਉਸ ਰੁਸ਼ਦੀ ਦੀ ਲਿਖੀ ਹੋਈ ਨਹੀਂ ਜਿਸ ਨੇ ਇਸ ਤੋਂ ਪਹਿਲਾਂ ਵੀਹ ਕਿਤਾਬਾਂ ਲਿਖੀਆਂ ਸਨ। ਇਹ ਤਾਂ ਉਸ ਰੁਸ਼ਦੀ ਦੀ ਲਿਖੀ ਕਿਤਾਬ ਹੈ ਜੋ ਮੌਤ ਨੂੰ ਪਛਾੜ ਕੇ ਮੁੜ ਸੁਰਜੀਤ ਹੋਇਆ। ਉਸ ਵਰਗਾ ਪ੍ਰੌਢ ਲੇਖਕ ਤੇ ਗੰਭੀਰ ਚਿੰਤਕ ਜਦੋਂ ਮੌਤ ਦੇ ਦਰਵਾਜ਼ੇ ਨੂੰ ਹੱਥ ਲਾ ਕੇ ਮੁੜਦਾ ਹੈ ਤਾਂ ਉਹ ਪਹਿਲਾਂ ਨਾਲੋਂ ਕਿਤੇ ਵੱਧ ਬਿਹਤਰ ਇਨਸਾਨ ਤੇ ਉਸ ਤੋਂ ਵੀ ਬਿਹਤਰ ਲੇਖਕ ਬਣ ਕੇ ਸਾਹਮਣੇ ਆਉਂਦਾ ਹੈ। ਜ਼ਿੰਦਗੀ ਅਤੇ ਮੌਤ ਦੀ ਸ਼ਤਰੰਜੀ ਖੇਡ ਉੱਤੇ ਰੁਸ਼ਦੀ ਦਾ ਕਸ਼ੀਦ ਕੀਤਾ ਤੱਤ-ਸਾਰ ਬੇਹੱਦ ਮੁੱਲਵਾਨ ਹੈ। ਸ਼ਬਦਾਂ ਦੀ ਸੰਜੀਵਨੀ ਸ਼ਕਤੀ ਰਾਹੀਂ ਉਸ ਨੇ ਜਿਸ ਤਰ੍ਹਾਂ ਆਪਣੀ ਸਰੀਰਕ, ਮਾਨਸਿਕ ਅਤੇ ਆਤਮਿਕ ਟੁੱਟ-ਭੱਜ ਦੀ ਮੁਰੰਮਤ ਕੀਤੀ ਤੇ ਚਾਕੂ ਦੇ ਵਾਰ ਦਾ ਜਵਾਬ ਕਲਮ ਨਾਲ ਦੇਣ ਦਾ ਜੋ ਹੌਸਲਾ ਕੀਤਾ, ਉਹ ਬੇਮਿਸਾਲ ਹੈ।

ਬੇਹੱਦ ਸਰਲ, ਸਹਿਜ ਤੇ ਸਪਸ਼ਟ ਭਾਸ਼ਾ ਸ਼ੈਲੀ ਵਿਚ ਲਿਖੀ ਪੁਸਤਕ 'ਨਾਇਫ' ਮੈਂ ਦੋ ਬੈਠਕਾਂ ਵਿਚ ਪੜ੍ਹ ਕੇ ਮੁਕਾ ਦਿੱਤੀ। ਅਲਾਮਾ ਇਕਬਾਲ ਨੇ ਠੀਕ ਹੀ ਕਿਹਾ ਸੀ:

ਦਿਲ ਸੇ ਜੋ ਬਾਤ ਨਿਕਲਤੀ ਹੈ ਅਸਰ ਰਖਤੀ ਹੈ


ਪਰ ਨਹੀਂ ਤਾਕਤ-ਏ-ਪਰਵਾਜ਼ ਮਗਰ ਰਖਤੀ ਹੈ।

ਭਾਰਤੀ ਮੂਲ ਦੇ ਬ੍ਰਿਟਿਸ਼-ਅਮਰੀਕਨ ਲੇਖਕ ਸਰ ਸਲਮਾਨ ਰੁਸ਼ਦੀ ਗੈਬਰੀਅਲ ਗਾਰਸ਼ੀਆ ਮਾਰਖੇਜ਼ ਵਾਂਗ ਆਪਣੇ ਨਾਵਲਾਂ ਦੇ ਤਿਲੱਸਮੀ ਯਥਾਰਥ (ਮੈਜਿਕ ਰੀਅਲਿਜ਼ਮ) ਦੇ ਪ੍ਰਯੋਗ ਲਈ ਜਾਣਿਆ ਜਾਂਦਾ ਹੈ। ਰੁਸ਼ਦੀ ਨੂੰ 1981 ਵਿਚ ਛਪੇ ਉਸ ਦੇ ਨਾਵਲ 'ਮਿਡਨਾਈਟ'ਸ ਚਿਲਡ੍ਰਨ ਲਈ ਪਹਿਲਾਂ ਬੁੱਕਰ ਅਤੇ ਫੇਰ ਬੈਸਟ ਆਫ ਬੁੱਕਰ ਪੁਰਸਕਾਰ ਮਿਲਿਆ। ਜਦੋਂ 1988 ਵਿਚ ਉਸ ਦਾ ਚੌਥਾ ਨਾਵਲ 'ਦਿ ਸੈਟਨਿਕ ਵਰਸਸ' ਛਪਿਆ ਤਾਂ ਉਹ ਵਿਵਾਦਾਂ ਦੇ ਘੇਰੇ ਵਿਚ ਆ ਗਿਆ। ਇਰਾਨ ਦੇ ਸਭ ਤੋਂ ਸ਼ਕਤੀਸ਼ਾਲੀ ਨੇਤਾ ਆਇਤੁੱਲਾ ਖੋਮੇਨੀ ਨੇ ਉਸ ਦੇ ਵਿਰੁੱਧ ਫ਼ਤਵਾ ਜਾਰੀ ਕਰ ਦਿੱਤਾ ਤੇ ਐਲਾਨ ਕੀਤਾ ਕਿ ਜੋ ਸ਼ਖਸ ਰੁਸ਼ਦੀ ਨੂੰ ਮੌਤ ਦੇ ਘਾਟ ਉਤਾਰੇਗਾ, ਉਸ ਨੂੰ ਤਿੰਨ ਮਿਲੀਅਨ ਡਾਲਰ ਦਾ ਇਨਾਮ ਦਿੱਤਾ ਜਾਵੇਗਾ। ਭਾਰਤ ਸਮੇਤ ਕਈ ਹੋਰ ਮੁਲਕਾਂ ਵਿਚ ਇਸ ਨਾਵਲ 'ਤੇ ਪਾਬੰਦੀ ਲਾ ਦਿੱਤੀ ਗਈ। ਸਲਮਾਨ ਰੁਸ਼ਦੀ ਹਰ ਸਮੇਂ ਮੌਤ ਦੇ ਸਾਏ ਹੇਠ ਰਹਿਣ ਲੱਗਾ। ਇੰਗਲੈਂਡ ਵਿਚ ਕਿਸੇ ਗੁਪਤ ਥਾਂ 'ਤੇ 'ਸਕਾਟਲੈਂਡ ਯਾਰਡ' ਦੀ ਕਰੜੀ ਨਿਗਰਾਨੀ ਹੇਠ ਉਹ ਆਪਣੀ ਜ਼ਿੰਦਗੀ ਬਿਤਾਉਣ ਲਈ



*ਸਲਮਾਨ ਰੁਸ਼ਦੀ*

***ਰੁਸ਼ਦੀ ਸ਼ਾਇਦ ਦੁਨੀਆ ਦਾ ਪਹਿਲਾ ਲੇਖਕ ਹੈ ਜੋ ਮੌਤ ਦਾ ਅੱਖੀਂ ਡਿੱਠਾ ਹਾਲ ਬਿਆਨ ਕਰ ਸਕਿਆ ਹੈ। ਉਸ ਨੂੰ ਲੱਗਿਆ ਕਿ ਉਹ ਮਰ ਰਿਹਾ ਹੈ ਪਰ ਉਸ ਦੇ ਅੰਦਰੋਂ ਆਵਾਜ਼ ਆ ਰਹੀ ਸੀ- 'ਲਿਵ ਲਿਵ'। ਉਹ ਦਰਦ ਵਿਚ ਸੀ ਪਰ ਉਸ ਦੇ ਹੋਸ਼ ਕਾਇਮ ਸਨ। ਜਦੋਂ ਕੈਂਚੀ ਨਾਲ ਉਸ ਦਾ ਰਾਫ ਲੌਰੇਨ ਬ੍ਰਾਂਡ ਦਾ ਬਹੁਤ ਮਹਿੰਗਾ ਸੂਟ ਉਸ ਦੇ ਬਦਨ ਤੋਂ ਚੀਰ ਕੇ ਵੱਖਰਾ ਕੀਤਾ ਜਾ ਰਿਹਾ ਸੀ ਤਾਂ ਉਹ ਬਹੁਤ ਅਫ਼ਸੋਸਜ਼ਦਾ ਸੀ।***




*'ਨਾਇਫ' ਦਾ ਸਰਵਰਕ।*

ਮਜਬੂਰ ਸੀ। ਦਸ-ਬਾਰਾਂ ਸਾਲ ਪੁਲਿਸ ਪਹਿਰੇ ਹੇਠ ਰਹਿਣਾ ਜੇਲ੍ਹ ਭੁਗਤਣ ਵਾਂਗ ਹੀ ਸੀ। ਉਹ ਆਜ਼ਾਦ ਫ਼ਿਜ਼ਾ ਵਿਚ ਆਮ ਸ਼ਹਿਰੀ ਵਾਂਗ ਜ਼ਿੰਦਗੀ ਬਸਰ ਕਰਨ ਲਈ ਕਾਹਲਾ ਪੈ ਗਿਆ ਤੇ ਇਸ ਸਦੀ ਦੇ ਆਰੰਭ ਵਿਚ ਹੀ ਉਹ ਅਮਰੀਕਾ 'ਚ ਰਹਿਣ ਲੱਗਾ। ਉਸ ਨੂੰ ਨਿਊਯਾਰਕ ਯੂਨੀਵਰਸਿਟੀ ਵਿਖੇ 'ਰਾਈਟਰ ਇਨ ਰੈਜ਼ੀਡੈਂਸ' ਨਿਯੁਕਤ ਕੀਤਾ ਗਿਆ। ਉਸ ਨੇ 2012 ਵਿਚ ਛਪੀ ਆਪਣੀ ਪੁਸਤਕ 'ਜੋਸਫ ਐਂਟੋਨ: ਏ ਮੈਮਾਇਰ' ਵਿਚ ਆਪਣੇ ਗੁਪਤਵਾਸ ਵਿਚ ਬਿਤਾਏ ਦਿਨਾਂ ਅਤੇ ਆਪਣੀਆਂ ਪਹਿਲੀਆਂ ਚਾਰ ਪਤਨੀਆਂ- ਕਲੇਰਿਸਾ ਲੁਆਰਡ, ਮੈਰੀਨਾ ਵਿਗਿਨਸ, ਐਲਿਜ਼ਾਬੇਥ ਵੇਸਟ ਤੇ ਪਦਮਾ ਲਕਸ਼ਮੀ ਨਾਲ ਆਪਣੇ ਸਬੰਧਾਂ ਬਾਰੇ ਕਾਲਪਨਿਕ ਬਿਆਨ ਰਾਹੀਂ ਬਿਆਨ ਕੀਤਾ ਹੈ। ਉਸ ਨੂੰ 2007 ਵਿਚ ਬ੍ਰਿਟੇਨ ਦੀ ਮਹਾਰਾਣੀ ਨੇ 'ਸਰ' ਦੀ ਉਪਾਧੀ ਨਾਲ ਸਨਮਾਨਿਤ ਕੀਤਾ।

ਅਤੀਤ ਦੇ ਖੌਫ਼ਨਾਕ ਦੌਰ ਨੂੰ ਭੁੱਲ ਕੇ ਸਲਮਾਨ ਰੁਸ਼ਦੀ ਅਮਰੀਕਾ ਵਿਚ ਬਹੁਤ ਸੌਖੀ ਤੇ ਸੁਰੱਖਿਅਤ ਜ਼ਿੰਦਗੀ ਬਤੀਤ ਕਰਨ ਲੱਗਾ। ਚਾਰ ਸਾਲਾਂ ਦੀ ਕੋਰਟਸ਼ਿਪ ਤੋਂ ਬਾਅਦ ਉਸ ਨੇ ਪ੍ਰਸਿੱਧ ਕਵਿੱਤਰੀ, ਨਾਵਲਕਾਰ, ਫੋਟੋਗ੍ਰਾਫਰ ਗਸ਼ੇਲ ਏਲਿਜ਼ਾ ਗ੍ਰਿਫਥਸ ਨਾਲ 2021 ਵਿਚ ਸ਼ਾਦੀ ਕਰਵਾਈ। ਇਹ ਉਸ ਦੀ ਪੰਜਵੀਂ ਸ਼ਾਦੀ ਸੀ।

ਰੁਸ਼ਦੀ ਆਪਣੀ ਪ੍ਰੇਮਿਕਾ-ਪਤਨੀ ਏਲਿਜ਼ਾ ਨਾਲ ਜਦੋਂ ਬੜੇ ਖੁਸ਼ਨੁਮਾ ਦਿਨ ਬਿਤਾ ਰਿਹਾ ਸੀ ਤਾਂ ਉਸ ਨੂੰ ਨਿਊਯਾਰਕ ਪ੍ਰਾਂਤ ਦੇ ਸ਼ਹਿਰ ਚਾਟਾਕੂਆ ਦੀ ਚਾਟਾਕੂਆ ਸੰਸਥਾ ਨੇ 'ਲੇਖਕਾਂ ਦੀ ਸੁਰੱਖਿਆ ਮਹੱਤਤਾ' ਵਿਸ਼ੇ 'ਤੇ ਬੋਲਣ ਲਈ ਸੱਦਾ ਭੇਜਿਆ। ਸਮਾਗਮ ਦੀ ਤਾਰੀਖ 12 ਅਗਸਤ 2022 ਉਲੀਕੀ ਗਈ। ਰੁਸ਼ਦੀ ਨੇ ਸੱਦਾ ਪ੍ਰਵਾਨ ਕਰ ਲਿਆ ਕਿਉਂਕਿ ਵਿਸ਼ਾ ਉਸ ਦੇ ਦਿਲ ਦੇ ਬਹੁਤ ਕਰੀਬ ਸੀ ਤੇ ਖ਼ੁਦ ਉਸ ਨੇ ਅਸੁਰੱਖਿਆ ਦਾ ਸਹਿਮ ਬੜੇ ਲੰਮੇ ਸਮੇਂ ਤਕ ਜਰਿਆ ਸੀ। ਦੂਜਾ ਕਾਰਨ ਇਹ ਵੀ ਸੀ ਕਿ ਚਾਟਾਕੂਆ ਸੰਸਥਾ ਨੂੰ ਆਜ਼ਾਦ, ਨਿਰਪੱਖ ਅਤੇ ਭਖਵੇਂ ਮਾਮਲਿਆਂ 'ਤੇ ਵਿਚਾਰ-ਵਟਾਂਦਰੇ ਕਰਨ ਦਾ ਸ਼ਾਨਦਾਰ ਮੰਚ ਮੰਨਿਆ ਜਾਂਦਾ ਹੈ।

ਚਾਟਾਕੂਆ ਜਾਣ ਤੋਂ ਦੋ ਦਿਨ ਪਹਿਲਾਂ ਉਸ ਨੂੰ ਰਾਤ ਵੇਲੇ ਬੜਾ ਡਰਾਉਣਾ ਸੁਪਨਾ ਆਇਆ- ਰੋਮ ਦੇ ਅਖਾੜੇ ਵਿਚ ਗਲੇਡੀਏਟਰ ਨੇ ਉਸ ਉੱਤੇ ਬਰਛੇ ਨਾਲ ਹਮਲਾ ਕੀਤਾ ਤੇ ਉਹ ਲਹੂ-ਲੁਹਾਨ ਹੋ ਕੇ ਹੇਠਾਂ ਡਿਗ ਪਿਆ। ਰੁਸ਼ਦੀ ਨੇ ਤ੍ਰਭਕ ਕੇ ਜਦੋਂ ਚੀਕ ਮਾਰੀ ਤਾਂ ਉਸ ਦੀ ਪਤਨੀ ਜਾਗ ਪਈ। ਉਸ ਨੇ ਰੁਸ਼ਦੀ ਨੂੰ ਸੰਭਾਲਿਆ ਤੇ ਉਸ ਦੇ ਮੂੰਹ ਪਾਣੀ ਲਾਇਆ।

ਸਵੇਰ ਹੋਈ, ਬੀਤੀ ਰਾਤ ਦੇ ਸੁਪਨੇ 'ਤੇ ਪਤੀ-ਪਤਨੀ ਵਿਚਕਾਰ ਚਰਚਾ ਹੋਈ। ਏਲਿਜ਼ਾ ਨੇ ਕਿਹਾ, "ਮੈਨੂੰ ਤਾਂ ਡਰ ਲੱਗ ਰਿਹੈ ਕਿ ਕਿਤੇ ਇਹ ਕਿਸੇ ਅਣਹੋਣੀ ਘਟਨਾ ਦੀ ਅਗੇਤਰੀ ਸੂਚਨਾ ਨਾ ਹੋਵੇ।"

"ਮੈਂ ਤਾਂ ਨਾਸਤਿਕ ਹਾਂ ਤੇ ਮੇਰਾ ਅਜਿਹੇ ਵਹਿਮਾਂ-ਭਰਮਾਂ ਵਿਚ ਕੋਈ ਵਿਸ਼ਵਾਸ ਨਹੀਂ ਹੈ ਪਰ ਮੈਂ ਵੀ ਉੱਥੇ ਨਹੀਂ ਜਾਣਾ ਚਾਹੁੰਦਾ।"

"ਤਾਂ ਨਾ ਜਾਓ ਤੇ ਪ੍ਰਬੰਧਕਾਂ ਤੋਂ ਮੁਆਫ਼ੀ ਮੰਗ ਲਵੋ।"

ਏਲਿਜ਼ਾ ਦੀ ਗੱਲ ਸੁਣ ਕੇ ਰੁਸ਼ਦੀ ਸੋਚ ਵਿਚ ਪੈ ਗਿਆ ਤੇ ਉਸ ਨੇ ਕਿਹਾ, "ਮੈਨੂੰ ਉਨ੍ਹਾਂ ਲੋਕਾਂ ਦਾ ਖਿਆਲ ਆਉਂਦਾ ਹੈ ਜੋ ਮੇਰੀ ਉਡੀਕ ਵਿਚ ਹਨ। ਮੁੱਖ ਪ੍ਰਬੰਧਕ ਹੈਨਰੀ ਰੀਸ ਨੇ ਬੜੀ ਜਾਨ ਮਾਰ ਕੇ ਤਿਆਰੀ ਮੁਕੰਮਲ ਕੀਤੀ ਹੈ। ਅਖਬਾਰਾਂ ਤੇ ਮੀਡੀਆ ਵਿਚ ਇਸ ਸਮਾਗਮ ਦਾ ਵੱਡੀ ਪੱਧਰ 'ਤੇ ਪ੍ਰਚਾਰ ਹੋਇਆ ਹੈ ਤੇ ਲੋਕਾਂ ਨੇ ਟਿਕਟਾਂ ਐਡਵਾਂਸ ਵਿਚ ਖ਼ਰੀਦੀਆਂ ਹਨ। ਮੈਨੂੰ ਵੀ ਚੰਗੀ 'ਲੈਕਚਰ ਫੀਸ' ਮਿਲਣ ਦੀ ਆਸ ਹੈ। ਡਾਲਰਾਂ ਦੀ ਸਾਨੂੰ ਲੋੜ ਵੀ ਹੈ। ਘਰ ਦੀ ਜ਼ਰੂਰੀ ਮੁਰੰਮਤ ਕਰਵਾਉਣ ਤੇ ਪੁਰਾਣੇ ਏ.ਸੀ. ਯੂਨਿਟ ਬਦਲਣ ਲਈ ਧਨ ਦੀ ਸਖ਼ਤ ਜ਼ਰੂਰਤ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਮੈਨੂੰ ਜਾਣਾ ਹੀ ਚਾਹੀਦਾ ਹੈ।"

12 ਅਗਸਤ 2022 ਨੂੰ ਚਾਟਾਕੂਆ ਸੰਸਥਾ ਦਾ ਵਿਸ਼ਾਲ ਆਡੀਟੋਰੀਅਮ ਚਾਰ ਹਜ਼ਾਰ ਦਰਸ਼ਕਾਂ ਨਾਲ ਖਚਾਖਚ ਭਰਿਆ ਹੋਇਆ ਸੀ। ਮੰਚ 'ਤੇ ਬਿਰਾਜਮਾਨ ਸਨ 'ਸਿਟੀ ਆਫ ਅਸਾਇਲਮ' ਪੀਟਸਬਰਗ ਦੇ ਸਹਿ ਸੰਸਥਾਪਕ ਹੈਨਰੀ ਰਈਸ ਜੋ ਉਨ੍ਹਾਂ ਲੇਖਕਾਂ ਨੂੰ ਸੁਰੱਖਿਅਤ ਪਨਾਹ ਪ੍ਰਦਾਨ ਕਰਦੇ ਹਨ ਜਿਨ੍ਹਾਂ ਨੂੰ ਆਪਣੇ ਮੁਲਕਾਂ ਵਿਚ ਆਪਣੀ ਜਾਨ ਨੂੰ ਖ਼ਤਰਾ ਮਹਿਸੂਸ ਹੁੰਦਾ ਹੈ। ਰੁਸ਼ਦੀ ਦੇ ਲੈਕਚਰ ਦਾ ਪ੍ਰਬੰਧ ਉਹਨਾਂ ਦੀ ਦੇਖ-ਰੇਖ ਹੇਠਾਂ ਹੀ ਹੋਇਆ ਸੀ। ਮੰਚ 'ਤੇ ਰੁਸ਼ਦੀ ਦੇ ਨਾਲ ਬੈਠੇ ਸਨ ਸੋਨੀ ਟੋਨ-ਏਇਮ ਜੋ ਚਾਟਾਕੂਆ ਸੰਸਥਾ ਦੇ ਆਰਟ ਵਿਭਾਗ ਦੇ ਡਾਇਰੈਕਟਰ ਹਨ।

ਸੋਨੀ ਟੋਨ ਨੇ ਸਰੋਤਿਆਂ ਨਾਲ ਸਲਮਾਨ ਰੁਸ਼ਦੀ ਦੀ ਜਾਣ-ਪਛਾਣ ਕਰਵਾਉਣ ਉਪਰੰਤ ਉਹਨਾਂ ਨੂੰ ਬੋਲਣ ਲਈ ਸੱਦਾ ਦਿੱਤਾ। ਰੁਸ਼ਦੀ ਬੋਲਣ ਲਈ ਖੜ੍ਹਾ ਹੋਇਆ ਤਾਂ ਦਰਸ਼ਕਾਂ ਦੀ ਭਾਰੀ ਭੀੜ ਨੇ ਉਸ ਦਾ ਤਾੜੀਆਂ ਵਜਾ ਕੇ ਸੁਆਗਤ ਕੀਤਾ ਤੇ ਉਸ ਨੇ ਆਪਣਾ ਖੱਬਾ ਹੱਥ ਉਤਾਂਹ ਚੁੱਕ ਕੇ ਲੋਕਾਂ ਦਾ ਧੰਨਵਾਦ ਕੀਤਾ। ਉਸ ਨੇ ਅਜੇ ਬੋਲਣਾ ਸ਼ੁਰੂ ਵੀ ਨਹੀਂ ਸੀ ਕੀਤਾ ਕਿ ਉਸ ਨੇ ਹਾਲ ਦੇ ਸੱਜੇ ਪਾਸਿਓਂ ਇਕ ਆਦਮੀ ਨੂੰ ਸਟੇਜ ਵੱਲ ਮਿਜ਼ਾਈਲ ਵਰਗੀ ਤੇਜ਼ ਰਫ਼ਤਾਰ ਨਾਲ ਆਉਂਦੇ ਦੇਖਿਆ। ਉਹ ਕਾਲੇ ਲਬਾਦੇ ਵਿਚ ਸੀ ਤੇ ਉਸ ਨੇ ਆਪਣਾ ਚਿਹਰਾ ਵੀ ਕਾਲੇ ਨਕਾਬ ਨਾਲ ਢਕਿਆ ਹੋਇਆ ਸੀ। ਹਾਲ 'ਚ ਬੈਠੇ ਕਿਸੇ ਆਦਮੀ ਨੇ ਵੀ ਉਸ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਸ਼ਾਇਦ ਇਹ ਸਮਝ ਰਹੇ ਸਨ ਕਿ ਇਹ ਕਿਸੇ ਲੇਖਕ 'ਤੇ ਹੋਣ ਵਾਲੇ ਹਮਲੇ ਦੀ ਕੋਈ ਨਾਟਕੀ ਪੇਸ਼ਕਸ਼ ਹੈ।

ਰੁਸ਼ਦੀ ਆਪਣੀ ਥਾਂ 'ਤੇ ਅਡੋਲ ਖੜ੍ਹਾ ਉਸ ਆਦਮੀ ਵੱਲ ਤੱਕਦਾ ਰਿਹਾ, ਨਾ ਉਸ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤੇ ਨਾ ਬਚਾਅ ਦੀ। ਉਸ ਦਾ ਮੱਥਾ ਠਣਕਿਆ ਕਿ ਮੌਤ ਦਾ ਫ਼ਰਿਸ਼ਤਾ ਯਮਦੂਤ ਉਸ ਵੱਲ ਵਧ ਰਿਹਾ ਹੈ... "ਪਰ ਏਨੇ ਵਰ੍ਹਿਆਂ ਬਾਅਦ ਕਿਉਂ? ਜਦੋਂ ਸੰਸਾਰ ਕਿੰਨਾ ਅਗਾਂਹ ਜਾ ਚੁੱਕਾ ਹੈ ਤੇ 'ਉਸ ਕਿਤਾਬ' ਨੂੰ ਲੋਕ ਭੁਲ-ਭੁਲਾ ਬੈਠੇ ਹਨ।"

ਉਹ ਸੋਚ ਹੀ ਰਿਹਾ ਸੀ ਕਿ ਹਮਲਾਵਰ ਨੇ ਸਲਮਾਨ ਰੁਸ਼ਦੀ ਉੱਤੇ 27 ਸਕਿੰਟਾਂ ਵਿਚ ਪੰਦਰਾਂ ਵਾਰ ਕੀਤੇ- ਉਸ ਦੇ ਸਿਰ, ਮੂੰਹ, ਗਰਦਨ, ਅੱਖਾਂ, ਬਾਹਾਂ, ਛਾਤੀ ਅਤੇ ਢਿੱਡ 'ਤੇ ਬੜੇ ਡੂੰਘੇ ਤੇ ਗੰਭੀਰ ਜ਼ਖ਼ਮ ਹੋਏ। ਉਹ ਜ਼ਖ਼ਮਾਂ ਦੀ ਤਾਬ ਨਾ ਝੱਲਦਾ ਹੋਇਆ ਸਟੇਜ 'ਤੇ ਡਿੱਗ ਪਿਆ। ਉਸ ਦੇ ਚਾਰੇ ਪਾਸੇ ਖ਼ੂਨ ਹੀ ਖ਼ੂਨ ਸੀ। ਰੁਸ਼ਦੀ ਦੇ ਹਾਣ ਦੀ ਉਮਰ ਦੇ ਹੈਨਰੀ ਰੀਸ ਨੇ ਹਮਲਾਵਰ ਨੂੰ ਜੱਫ਼ਾ ਪਾ ਕੇ ਕਾਬੂ ਕੀਤਾ ਤੇ ਇੰਝ ਕਰਦਿਆਂ ਉਹ ਖ਼ੁਦ ਵੀ ਜ਼ਖ਼ਮੀ ਹੋ ਗਿਆ। ਹਾਲ ਵਿਚ ਅਫ਼ਰਾ-ਤਫ਼ਰੀ ਮੱਚ ਗਈ। ਬਹੁਤ ਸਾਰੇ ਲੋਕ ਰੁਸ਼ਦੀ ਦੇ ਇਰਦ-ਗਿਰਦ ਇਕੱਠੇ ਹੋ ਗਏ। ਫਾਇਰਮੈਨ ਨੇ ਰੁਸ਼ਦੀ ਦੇ ਖ਼ੂਨ ਦਾ ਬਹਾਅ ਰੋਕਣ ਲਈ ਉਸ ਦੀ ਗਰਦਨ ਦੇ ਜ਼ਖ਼ਮ ਨੂੰ ਆਪਣੀਆਂ ਉਂਗਲਾਂ ਨਾਲ ਦਬਾਅ ਦੇ ਰੱਖਿਆ। ਹਾਲ ਵਿਚ ਹਾਜ਼ਰ ਇਕ ਡਾਕਟਰ ਨੇ ਰੁਸ਼ਦੀ ਦੀਆਂ ਲੱਤਾਂ ਉਤਾਂਹ ਚੁੱਕਣ ਲਈ ਕਿਹਾ ਤਾਂ ਜੋ ਖ਼ੂਨ ਦਾ ਦੌਰਾ ਦਿਲ ਵੱਲ ਹੋਵੇ।

ਰੁਸ਼ਦੀ ਸ਼ਾਇਦ ਦੁਨੀਆ ਦਾ ਪਹਿਲਾ ਲੇਖਕ ਹੈ ਜੋ ਮੌਤ ਦਾ ਅੱਖੀਂ ਡਿੱਠਾ ਹਾਲ ਬਿਆਨ ਕਰ ਸਕਿਆ ਹੈ। ਉਸ ਨੂੰ ਲੱਗਿਆ ਕਿ ਉਹ ਮਰ ਰਿਹਾ ਹੈ ਪਰ ਉਸ ਦੇ ਅੰਦਰੋਂ ਆਵਾਜ਼ ਆ ਰਹੀ ਸੀ- 'ਲਿਵ ਲਿਵ'। ਉਹ ਦਰਦ ਵਿਚ ਸੀ ਪਰ ਉਸ ਦੇ ਹੋਸ਼ ਕਾਇਮ ਸਨ। ਜਦੋਂ ਕੈਂਚੀ ਨਾਲ ਉਸ ਦਾ ਰਾਫ ਲੌਰੇਨ ਬ੍ਰਾਂਡ ਦਾ ਬਹੁਤ ਮਹਿੰਗਾ ਸੂਟ ਉਸ ਦੇ ਬਦਨ ਤੋਂ ਚੀਰ ਕੇ ਵੱਖਰਾ ਕੀਤਾ ਜਾ ਰਿਹਾ ਸੀ ਤਾਂ ਉਹ ਬਹੁਤ ਅਫ਼ਸੋਸਜ਼ਦਾ ਸੀ। ਉਹ ਆਪਣੇ ਘਰ ਦੀਆਂ ਚਾਬੀਆਂ ਅਤੇ 'ਡੇਬਿਟ ਕਾਰਡ' ਲਈ ਫ਼ਿਕਰਮੰਦ ਸੀ। ਜਦੋਂ ਤਕ ਆਦਮੀ ਦੀ ਚੇਤਨਾ ਕਾਇਮ ਰਹਿੰਦੀ ਹੈ, ਉਦੋਂ ਤਕ ਆਦਮੀ ਸੰਸਾਰ ਦੀਆਂ ਪਦਾਰਥਕ ਤੇ ਸਥੂਲ ਵਸਤਾਂ ਨਾਲ ਜੁੜਿਆ ਰਹਿੰਦਾ ਹੈ। ਉਸ ਨੂੰ ਕੋਈ ਅਜਿਹਾ ਅਲੌਕਿਕ ਅਨੁਭਵ ਨਹੀਂ ਹੋਇਆ ਜਿਸ ਬਾਰੇ ਧਾਰਮਿਕ ਗ੍ਰੰਥ ਵਿਆਖਿਆ ਕਰਦੇ ਹਨ। ਨਾ ਉਸ ਨੂੰ ਕੋਈ ਰੌਸ਼ਨੀ ਦੀ ਸੁਰੰਗ ਦਿਖੀ ਤੇ ਨਾ ਉਸ ਨੂੰ ਆਪਣੇ ਸਰੀਰ 'ਚੋਂ ਕੋਈ ਅਲੋਕਾਰੀ ਚੀਜ਼ ਉਤਾਂਹ ਜਾਂਦੀ ਦਿਖਾਈ ਦਿੱਤੀ- 'ਕਿੰਗ ਲੀਅਰ ਵਾਂਗ ਮੇਰੀ ਅਕਲ ਫੌਤ ਹੋ ਚੁੱਕੀ ਸੀ ਪਰ ਚੇਤਨਾ ਅਜੇ ਬਾਕੀ ਸੀ- ਆਪਣੇ ਨੰਗੇਜ਼ ਦੀ ਜ਼ਲਾਲਤ ਭੁਗਤਣ ਲਈ। ਜਦੋਂ ਸਾਰਾ ਸਰੀਰ ਹੀ ਡੂੰਘੇ ਜ਼ਖ਼ਮਾਂ ਨਾਲ ਛਲਣੀ ਹੋਇਆ ਹੋਵੇ ਤਾਂ ਬੰਦੇ ਦੀ ਨਿਜਤਾ ਬੁਰੀ ਤਰ੍ਹਾਂ ਭੰਗ ਹੋ ਜਾਂਦੀ ਹੈ। ਮੈਂ ਬੇਵਸ ਸੀ। ਮੇਰਾ ਆਪਣੇ 'ਤੇ ਕੋਈ ਅਧਿਕਾਰ ਨਹੀਂ ਸੀ।'

ਸਲਮਾਨ ਰੁਸ਼ਦੀ ਨੂੰ ਹੈਲੀਕਾਪਟਰ ਰਾਹੀਂ ਪੈਨਸਿਲਵੇਨੀਆ ਸਟੇਟ ਦੇ ਸ਼ਹਿਰ ਆਇਰੀ ਵਿਖੇ ਸਥਿਤ ਹੇਮੋਟ ਟ੍ਰਾਮਾ ਸੈਂਟਰ ਲਿਜਾਇਆ ਗਿਆ। ਆਪ੍ਰੇਸ਼ਨ ਥੀਏਟਰ 'ਚ ਜੁੜੇ ਸਰਜਨਾਂ ਨੂੰ ਰੁਸ਼ਦੀ ਦੇ ਬਚਣ ਦੀ ਕੋਈ ਉਮੀਦ ਨਹੀਂ ਸੀ। ਉਹ ਅੱਠ ਘੰਟੇ ਆਪ੍ਰੇਸ਼ਨ ਥੀਏਟਰ ਵਿਚ ਰਿਹਾ। ਉਹ ਬੜੀ ਮੁਸ਼ਕਿਲ ਨਾਲ ਸਾਹ ਲੈ ਰਿਹਾ ਸੀ। ਖ਼ੂਨ ਬਹੁਤ ਜ਼ਿਆਦਾ ਰਿਸ ਚੁੱਕਾ ਸੀ। ਬਲੱਡ ਪ੍ਰੈਸ਼ਰ 'ਚ ਲਗਾਤਾਰ ਉਤਾਰ-ਚੜ੍ਹਾਅ ਆ ਰਿਹਾ ਸੀ। ਉਸ ਦੀ ਹਾਲਤ ਨਾਜ਼ੁਕ ਸੀ ਤੇ ਉਸ ਨੂੰ ਆਈ.ਸੀ.ਯੂ. ਵਿਚ ਵੈਂਟੀਲੇਟਰ 'ਤੇ ਰੱਖਿਆ ਗਿਆ।

ਚਾਕੂ ਨੇ ਸਭ ਤੋਂ ਭਿਆਨਕ ਮਾਰ ਉਸ ਦੀ ਸੱਜੀ ਅੱਖ 'ਤੇ ਕੀਤੀ ਸੀ। ਅੱਖ ਦਾ ਡੇਲਾ ਤਾਜ਼ੇ ਉਬਲੇ ਆਂਡੇ ਵਾਂਗ ਚਿਹਰੇ 'ਤੇ ਲਟਕ ਰਿਹਾ ਸੀ। ਉਸ ਦੀ ਓਪਟਿਕ ਨਰਵ ਵੀ ਕੱਟੀ ਗਈ ਸੀ। ਜ਼ਾਹਿਰ ਸੀ ਕਿ ਉਹ ਹੁਣ ਕਦੇ ਵੀ ਸੱਜੀ ਅੱਖ ਨਾਲ ਨਹੀਂ ਦੇਖ ਸਕੇਗਾ।

ਦੋ ਦਿਨਾਂ ਬਾਅਦ ਵੈਂਟੀਲੇਟਰ ਹਟਾ ਦਿੱਤਾ ਗਿਆ। ਰੁਸ਼ਦੀ ਹੁਣ ਆਪਣੇ ਆਪ ਸਾਹ ਲੈ ਸਕਦਾ ਸੀ। ਉਹ ਬੋਲ ਸਕਦਾ ਸੀ। ਉਸ ਦੀ ਯਾਦਦਾਸ਼ਤ ਕਾਇਮ ਸੀ। ਉਸ ਨੂੰ ਭਰੋਸਾ ਸੀ, "ਮੈਂ ਯਕੀਨਨ ਠੀਕ ਹੋਵਾਂਗਾ।" ਉਸ ਨੇ ਜਦੋਂ ਆਪਣੇ ਦੋਨੋਂ ਪੁੱਤਰ, ਸਕੇ-ਸਬੰਧੀ ਅਤੇ ਦੋਸਤ ਆਪਣੇ ਨੇੜੇ ਦੇਖੇ ਤਾਂ ਉਹ ਬਹੁਤ ਖੁਸ਼ ਹੋਇਆ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਅਤੇ ਫਰਾਂਸ ਦੇ ਰਾਸ਼ਟਰਪਤੀ ਮੈਕਰਨ ਦੇ ਸੰਦੇਸ਼ ਸੁਣ ਕੇ ਉਹ ਬਹੁਤ ਭਾਵੁਕ ਹੋਇਆ। ਉਸ ਨੇ ਲਿਖਿਆ:

"ਜਦੋਂ ਮੌਤ ਨੇੜੇ ਹੁੰਦੀ ਹੈ ਤਾਂ ਉਸ ਸਮੇਂ ਸਾਰਾ ਸੰਸਾਰ ਓਝਲ ਹੋ ਜਾਂਦਾ ਹੈ ਤੇ ਤੁਸੀਂ ਬੜੇ ਇਕੱਲੇ ਮਹਿਸੂਸ ਕਰਦੇ ਹੋ। ਅਜਿਹੇ ਸੰਕਟ ਕਾਲ ਵਿਚ ਨੇੜਲੇ ਦੋਸਤਾਂ ਤੇ ਰਿਸ਼ਤੇਦਾਰਾਂ ਦਾ ਪਿਆਰ ਅਤੇ ਹਮਦਰਦੀ ਤਾਕਤ ਅਤੇ ਸਕੂਨ ਦਿੰਦੇ ਹਨ। ਉਹ ਤੁਹਾਨੂੰ ਇਹ ਅਹਿਸਾਸ ਕਰਵਾਉਂਦੇ ਹਨ ਕਿ ਤੁਸੀਂ ਇਕੱਲੇ ਨਹੀਂ ਹੋ ਤੇ ਤੁਹਾਡਾ ਕੀਤਾ ਕੰਮ ਵਿਅਰਥ ਨਹੀਂ ਹੈ।"

ਰੁਸ਼ਦੀ ਲਈ ਟ੍ਰਾਮਾ ਸੈਂਟਰ ਦਾ ਕਮਰਾ ਹੀ ਉਸ ਦਾ ਸੰਸਾਰ ਸੀ। ਉਹ ਆਪਣੀ ਪਤਨੀ ਏਲਿਜ਼ਾ ਦੀ ਫ਼ਿਕਰਮੰਦੀ ਤੇ ਤੀਮਾਰਦਾਰੀ ਦੇਖ ਕੇ ਹੈਰਾਨ ਸੀ। ਉਹ ਦਿਨ ਰਾਤ ਬਿਨਾ ਥੱਕੇ ਬਿਨਾਂ ਅੱਕੇ ਉਸ ਦੀ ਦੇਖਭਾਲ ਕਰ ਰਹੀ ਸੀ। ਉਸ ਨੇ ਰੁਸ਼ਦੀ ਨੂੰ ਉਸ ਦੇ ਸਭ ਤੋਂ ਕਮਜ਼ੋਰ ਪਲਾਂ ਵਿਚ ਚਟਾਨ ਵਰਗਾ ਸਹਾਰਾ ਦਿੱਤਾ। ਉਸ ਨੇ ਬੜੀ ਨਿਪੁੰਨਤਾ ਨਾਲ ਡਾਕਟਰਾਂ, ਨਰਸਾਂ ਤੇ ਪੁਲਿਸ ਅਧਿਕਾਰੀਆਂ

*(ਬਾਕੀ ਅਗਲੇ ਸਫੇ 'ਤੇ)*

***ਰੁਸ਼ਦੀ ਲਈ ਟ੍ਰਾਮਾ ਸੈਂਟਰ ਦਾ ਕਮਰਾ ਹੀ ਉਸ ਦਾ ਸੰਸਾਰ ਸੀ। ਉਹ ਆਪਣੀ ਪਤਨੀ ਏਲਿਜ਼ਾ ਦੀ ਫ਼ਿਕਰਮੰਦੀ ਤੇ ਤੀਮਾਰਦਾਰੀ ਦੇਖ ਕੇ ਹੈਰਾਨ ਸੀ। ਉਹ ਦਿਨ ਰਾਤ ਬਿਨਾ ਥੱਕੇ ਬਿਨਾਂ ਅੱਕੇ ਉਸ ਦੀ ਦੇਖਭਾਲ ਕਰ ਰਹੀ ਸੀ। ਉਸ ਨੇ ਰੁਸ਼ਦੀ ਨੂੰ ਉਸ ਦੇ ਸਭ ਤੋਂ ਕਮਜ਼ੋਰ ਪਲਾਂ ਵਿਚ ਚਟਾਨ ਵਰਗਾ ਸਹਾਰਾ ਦਿੱਤਾ।***

ਨਾਲ ਰਾਬਤਾ ਕਾਇਮ ਰਖਿਆ।

ਇਕ ਦਿਨ ਕਿਸੇ ਡਾਕਟਰ ਨੇ ਰੁਸ਼ਦੀ ਨੂੰ ਕਿਹਾ, "ਮੇਰੀ ਜਾਚੇ ਹਮਲਾਵਰ ਬਿਲਕੁਲ ਅਨਾੜੀ ਸੀ ਤੇ ਉਹ ਇਹ ਨਹੀਂ ਜਾਣਦਾ ਸੀ ਕਿ ਚਾਕੂ ਦੇ ਇਕੋ ਵਾਰ ਨਾਲ ਕਿਸੇ ਬੰਦੇ ਨੂੰ ਕਿਵੇਂ ਮਾਰਿਆ ਜਾ ਸਕਦਾ ਹੈ। ਦੇਖ ਕੇ ਹੈਰਾਨ ਹੁੰਦੀ ਹੈ ਕਿ ਕੁਦਰਤ ਨੇ ਤੁਹਾਡੀ ਕਿਵੇਂ ਰੱਖਿਆ ਕੀਤੀ, ਜੇ ਤੁਹਾਡੇ ਸਿਰ ਦੇ ਚੀਰ 'ਚ ਚਾਕੂ ਦੀ ਧਾਰ ਅੱਧਾ ਮਿਲੀਮੀਟਰ ਵੀ ਅੰਦਰ ਧਸ ਜਾਂਦੀ ਤਾਂ ਤੁਹਾਡਾ ਬ੍ਰੇਨ ਡੈੱਡ ਹੋ ਜਾਣਾ ਸੀ। ਤੁਹਾਡੀ ਛਾਤੀ 'ਚ ਤਿੰਨ ਜ਼ਖ਼ਮ ਹੋਏ। ਸੂਈ ਜਿੰਨਾ ਵੀ ਫ਼ਰਕ ਰਹਿ ਗਿਆ, ਨਹੀਂ ਤਾਂ ਤੁਹਾਡਾ ਹਾਰਟ ਜ਼ਖ਼ਮੀ ਹੋ ਜਾਣਾ ਸੀ।"

ਡਾਕਟਰ ਦੀ ਗੱਲ ਸੁਣ ਕੇ ਏਲੀਜ਼ਾ ਨੇ ਆਪਣੇ ਪਤੀ ਨੂੰ ਕਿਹਾ, "ਸੱਚਮੁਚ... ਕਿਸੇ ਵੱਡੀ ਤਾਕਤ ਨੇ ਹੀ ਤੁਹਾਡੀ ਜਾਨ ਬਚਾਈ ਹੈ। ਇਹ ਕੋਈ ਕਰਿਸ਼ਮਾ ਹੋਇਆ ਹੈ।" ਤਰਕਸ਼ੀਲ ਸਲਮਾਨ ਦਾ ਕਿਸੇ 'ਕਰਿਸ਼ਮੇ' ਵਿਚ ਵਿਸ਼ਵਾਸ ਨਹੀਂ ਸੀ, ਬੇਸ਼ਕ ਉਹ ਖੁਦ ਆਪਣੇ ਨਾਵਲਾਂ ਵਿਚ 'ਕਰਿਸ਼ਮਈ ਯਥਾਰਥ' (ਮੈਜਿਕ ਰੀਅਲਿਜ਼ਮ) ਨੂੰ ਚਿਤਰਦਾ ਰਿਹਾ ਹੈ। ਉਹ ਸਾਧਾਰਨ ਚੀਜ਼ਾਂ ਨੂੰ ਅਸਾਧਾਰਨ ਢੰਗ ਨਾਲ ਅਤੇ ਅਸਾਧਾਰਨ ਨੂੰ ਸਾਧਾਰਨ ਢੰਗ ਨਾਲ ਵਰਣਨ ਕਰਦਾ ਹੈ। ਉਸ ਦਾ ਹੁਣ ਇਹ ਕਹਿਣਾ ਹੈ:

"ਮੈਂ ਕਰਿਸ਼ਮਿਆਂ 'ਚ ਵਿਸ਼ਵਾਸ ਨਹੀਂ ਕਰਦਾ ਪਰ ਮੇਰੀਆਂ ਕਿਤਾਬਾਂ ਕਰਦੀਆਂ ਹਨ। ਮੇਰੀਆਂ ਕਿਤਾਬਾਂ ਵਿਚਲੀ ਮੈਜਿਕ ਰੀਅਲਿਜ਼ਮ ਮੇਰੀ ਜ਼ਿੰਦਗੀ ਦੀ ਹਕੀਕਤ ਬਣ ਚੁੱਕੀ ਹੈ। ਹੋ ਸਕਦਾ ਹੈ, ਵਰ੍ਹਿਆਂ ਤੋਂ ਮੇਰੀਆਂ ਪੁਸਤਕਾਂ ਜ਼ਿੰਦਗੀ ਅਤੇ ਮੌਤ ਵਿਚਕਾਰਲੀ ਖਾਈ ਉਤੇ 'ਕਰਿਸ਼ਮੇ ਦਾ ਪੁਲ' ਉਸਾਰਨ ਵਿਚ ਜੁਟੀਆਂ ਹੋਈਆਂ ਹੋਣ।" ਉਸ ਨੇ ਇਕ ਥਾਂ 'ਤੇ ਆਪਣੀ ਪੁਸਤਕ 'ਨਾਇਫ' ਵਿਚ ਇਹ ਵੀ ਲਿਖਿਆ ਹੈ: "ਕਰਿਸ਼ਮਾ ਮੇਰੀ ਜ਼ਿੰਦਗੀ ਦਾ ਯਥਾਰਥ ਬਣ ਚੁੱਕਾ ਹੈ ਤੇ ਇਹ ਯਥਾਰਥ ਕਰਿਸ਼ਮਈ ਹੈ; ਜਾਂ ਇੰਝ ਕਹਿ ਲਵੋ, ਕਿਤਾਬਾਂ ਨੇ ਮੇਰੀ ਜਾਨ ਬਚਾਈ।"

ਹੌਲੀ-ਹੌਲੀ ਰੁਸ਼ਦੀ ਠੀਕ ਹੋਣ ਲੱਗਾ, ਜ਼ਖ਼ਮ ਭਰਨ ਲੱਗੇ, ਅੰਤੜੀਆਂ ਦੀ ਸੋਜ ਘਟਣ ਲੱਗੀ, ਫੇਫੜਿਆਂ 'ਚ ਭਰਿਆ ਪਾਣੀ ਕੱਢ ਦਿੱਤਾ ਗਿਆ, ਦੰਦਾਂ ਹੇਠ ਆ ਕੇ ਕੱਟੀ ਜੀਭ ਸਟਿੱਚ ਲਾ ਕੇ ਸਿਊਂ ਦਿੱਤੀ ਗਈ ਪਰ ਸੱਜਾ ਬੁੱਲ੍ਹ ਜ਼ਰੂਰ ਲਕਵੇ ਦਾ ਸ਼ਿਕਾਰ ਹੋ ਗਿਆ ਸੀ ਤੇ ਉਹ ਸੱਜੀ ਅੱਖ ਗੁਆ ਬੈਠਾ ਸੀ, ਖੱਬਾ ਹੱਥ ਅਜੇ ਵੀ ਸਪਲਿੰਟ 'ਚ ਸੀ।

ਤਿੰਨ ਹਫ਼ਤਿਆਂ ਬਾਅਦ ਰੁਸ਼ਦੀ ਨੂੰ ਟ੍ਰਾਮਾ ਸੈਂਟਰ ਤੋਂ ਮੈਨਹੱਟਨ ਦੇ ਪ੍ਰਸਿੱਧ ਰੀਹੈਬਲੀਟੇਸ਼ਨ ਸੈਂਟਰ ਵਿਚ ਸ਼ਿਫਟ ਕਰ ਦਿੱਤਾ ਗਿਆ। ਉਸ ਦਾ ਪੁੱਤਰ ਮਿਲਾਨ ਇੰਗਲੈਂਡ ਤੋਂ ਮੁੜ ਉਸ ਕੋਲ ਆ ਗਿਆ ਸੀ। ਉਸ ਦੇ ਆਉਣ ਨਾਲ ਏਲੀਜ਼ਾ ਹੁਣ ਕੁਝ ਦੇਰ ਆਰਾਮ ਕਰ ਸਕਦੀ ਸੀ। ਰੁਸ਼ਦੀ ਵਰਗਾ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਆਦਮੀ ਨਾ ਖ਼ੁਦ ਕਦੇ ਉਦਾਸ ਹੁੰਦਾ ਹੈ ਤੇ ਨਾ ਕਦੇ ਆਪਣੇ ਆਲੇ-ਦੁਆਲੇ ਨੂੰ ਉਦਾਸ ਹੋਣ ਦਿੰਦਾ ਹੈ। ਕਸ਼ਟਦਾਇਕ ਦਿਨਾਂ ਵਿਚ ਵੀ ਉਸ ਨੇ ਆਸ ਦਾ ਕਦੇ ਪੱਲਾ ਨਹੀਂ ਛੱਡਿਆ। ਉਸ ਦੇ ਕਥਨ ਅਨੁਸਾਰ: "ਮੈਂ ਵਾਲਤੇਅਰ ਦੇ ਨਾਵਲ 'ਕੈਨਡਿਡ' ਦੇ ਨਾਇਕ ਵਾਂਗ ਮੂਰਖਤਾ ਦੀ ਹੱਦ ਤਕ 'ਆਸਵੰਦ' ਬੰਦਾ ਹਾਂ।"

ਸਵੇਰ ਦੇ 3-4 ਵਜੇ ਤੋਂ ਹੀ ਨਰਸਾਂ ਉਸ ਦਾ ਬੁਖ਼ਾਰ, ਬਲੱਡ ਪ੍ਰੈਸ਼ਰ ਤੇ ਖ਼ੂਨ ਦਾ ਸੈਂਪਲ ਭਰਨ ਲਈ ਆ ਜਾਂਦੀਆਂ ਤੇ ਉਸ ਦੀ ਨੀਂਦ ਵਿਚ ਅਜਿਹਾ ਖਲਲ ਪੈਂਦਾ ਕਿ ਫਿਰ ਉਸ ਦੀ ਅੱਖ ਨਾ ਲੱਗਦੀ। ਅਜਿਹੀ ਇਕੱਲਤਾ ਵਿਚ ਉਹ ਸੋਚਦਾ ਕਿ ਉਸ ਨੇ ਹਮਲਾਵਰ 'ਏ' ਦਾ ਮੁਕਾਬਲਾ ਕਿਉਂ ਨਹੀਂ ਕੀਤਾ? ਉਹ ਆਪੇ ਸਵਾਲ ਕਰਦਾ ਤੇ ਆਪੇ ਜਵਾਬ ਦਿੰਦਾ ਕਿ 75 ਵਰ੍ਹਿਆਂ ਦਾ ਬੁੱਢਾ ਨਿਹੱਥਾ ਆਦਮੀ 24 ਵਰ੍ਹਿਆਂ ਦੇ ਹਥਿਆਰਬੰਦ ਨੌਜਵਾਨ ਨਾਲ ਕਿਵੇਂ ਮੁਕਾਬਲਾ ਕਰ ਸਕਦਾ ਸੀ। ਫਿਰ ਉਹ ਚਾਕੂ ਦੀ ਇਕ ਪ੍ਰਤੀਕ ਵਜੋਂ ਤੇ ਇਕ ਔਜ਼ਾਰ ਵਜੋਂ ਮੀਮਾਂਸਾ ਕਰਦਾ ਹੈ:

"ਚਾਕੂ ਨਾਲ ਵਿਆਹ ਸਮੇਂ ਕੇਕ ਕੱਟਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਚਾਕੂ ਨਾਲ ਜਨਮ ਦਿਹਾੜੇ ਦਾ ਕੇਕ ਕੱਟਿਆ ਜਾਂਦਾ ਹੈ। ਚਾਕੂ ਨਾਲ ਸੁਆਣੀ ਸਬਜ਼ੀ ਤੇ ਫਲ ਕੱਟਦੀ ਹੈ। ਸਰਜਨ ਚਾਕੂ ਨਾਲ ਚੀਰ ਫਾੜ ਕਰ ਕੇ ਰੋਗੀ ਨੂੰ ਨਵਾਂ ਜੀਵਨ ਦੇ ਸਕਦਾ ਹੈ। ਚਾਕੂ ਨਾਲ ਆਦਮੀ ਮਾਰਿਆ ਵੀ ਜਾ ਸਕਦੈ।"

ਰੁਸ਼ਦੀ ਦੀਆਂ ਅੱਖਾਂ ਸਾਹਮਣੇ ਕਾਫ਼ਕਾ ਦੇ ਨਾਵਲ 'ਟਰਾਇਲ' ਦਾ ਅੰਤਿਮ ਦ੍ਰਿਸ਼ ਸਜੀਵ ਹੋ ਗਿਆ ਜਦੋਂ ਦੋ ਹਮਲਾਵਰ ਕੇ. ਜੋਸੇਫ ਦੇ ਢਿੱਡ 'ਚ ਚਾਕੂ ਖੋਭ ਕੇ ਉਸ ਨੂੰ ਮਾਰ ਮੁਕਾਉਂਦੇ ਹਨ। ਉਹ ਸੋਚਣ ਲੱਗਾ ਕਿ ਚਾਕੂ ਅਜਿਹੀ 'ਨਿਰਜੀਵ' ਵਸਤੂ ਹੈ ਜੋ ਹਿਤਕਾਰੀ ਵੀ ਹੈ ਤੇ ਮਾਰੂ ਵੀ; ਇਹ ਚਾਕੂ ਦੀ ਵਰਤੋਂ ਕਰਨ ਵਾਲੇ 'ਤੇ ਨਿਰਭਰ ਕਰਦਾ ਹੈ ਕਿ ਉਹ ਇਸ ਦਾ ਕਿੰਝ ਇਸਤੇਮਾਲ ਕਰਦਾ ਹੈ।

ਰੁਸ਼ਦੀ ਸੋਚਣ ਲੱਗਦਾ ਹੈ ਕਿ ਭਾਸ਼ਾ ਵੀ ਚਾਕੂ ਹੈ ਜੋ ਸਮਾਜ ਦੀ ਚੀਰ ਫਾੜ ਕਰ ਕੇ ਉਸ ਨੂੰ ਗਲੀਆਂ-ਸੜੀਆਂ ਮਾਨਤਾਵਾਂ ਤੋਂ ਮੁਕਤ ਕਰਦੀ ਹੈ, ਲੋਕਾਂ ਦੀਆਂ ਅੱਖਾਂ ਖੋਲ੍ਹਦੀ ਹੈ ਤੇ ਸੁੰਦਰਤਾ ਦੀ ਸਿਰਜਣਾ ਕਰਦੀ ਹੈ ਪਰ ਜਿਹੜੇ ਲੋਕ ਆਪਣੀਆਂ ਰੂੜੀਵਾਦੀ ਜੜ੍ਹਾਂ ਨਾਲ ਹੀ ਜੁੜੇ ਹੁੰਦੇ ਹਨ ਤੇ 'ਜੋ ਹੈ ਜਿਹੋ ਜਿਹਾ ਹੈ' ਨਾਲ ਹੀ ਸੰਤੁਸ਼ਟ ਰਹਿੰਦੇ ਹਨ, ਉਨ੍ਹਾਂ ਨੂੰ ਭਾਸ਼ਾ ਦੇ ਚਾਕੂ ਨਾਲ ਕੀਤੀ ਚੀਰ ਫਾੜ ਰਾਸ ਨਹੀਂ ਆਉਂਦੀ ਕਿਉਂਕਿ ਇਹ ਉਨ੍ਹਾਂ ਦੇ 'ਆਰਾਮ ਵਿਚ ਖਲਲ' ਪਾਉਂਦੀ ਹੈ!

ਰੁਸ਼ਦੀ ਅਨੁਸਾਰ: "ਕਲਾ ਅਯਾਸ਼ੀ ਨਹੀਂ ਤੇ ਨਾ ਇਹ ਦਿਲ ਪਰਚਾਵੇ ਦਾ ਕੋਈ ਸਾਧਨ ਹੈ। ਕਲਾ ਤੋਂ ਬਗੈਰ ਕੁਝ ਵੱਖਰਾ ਸੋਚਣਾ, ਦੇਖਣਾ, ਪਰਖਣਾ ਅਤੇ ਆਪਣੇ ਸੰਸਾਰ ਨੂੰ ਮੁੜ ਨਵਾਂ-ਨਰੋਆ ਬਣਾਉਣ ਦੀ ਸਾਡੀ ਭਾਵਨਾ ਤੇ ਯੋਗਤਾ ਦਾ ਅੰਤ ਹੋ ਜਾਵੇਗਾ। ਕਲਾ ਕਿਸੇ ਵਿਸ਼ੇਸ਼ ਸਹੂਲਤ ਜਾਂ ਸੁਰੱਖਿਆ ਦੀ ਤਲਬਗਾਰ ਨਹੀਂ, ਇਹ ਤਾਂ ਸਿਰਫ਼ ਆਪਣੀ ਹੋਂਦ ਦਾ ਹੱਕ ਮੰਗਦੀ ਹੈ। ਇਹ ਤਰਕ, ਦਲੀਲ, ਆਲੋਚਨਾ ਅਤੇ ਖੰਡਨ ਨੂੰ ਵੀ ਸਵੀਕਾਰ ਕਰਦੀ ਹੈ ਪਰ ਹਿੰਸਾ ਨੂੰ ਨਹੀਂ। ਕਲਾ ਦਾ ਗਲਾ ਦਬਾਉਣ ਵਾਲਿਆਂ ਨੂੰ ਕਲਾ ਹਮੇਸ਼ਾ ਮਾਤ ਦਿੰਦੀ ਰਹੀ ਹੈ। ਆਗਸਟਸ ਸੀਜ਼ਰ ਨੇ ਓਵਿਡ ਨੂੰ ਜਲਾਵਤਨ ਕੀਤਾ ਤੇ ਉਸ ਨੂੰ ਬੇਤਹਾਸ਼ਾ ਤਸੀਹੇ ਦਿੱਤੇ ਪਰ ਰੋਮਨ ਸਾਮਰਾਜ ਫ਼ਨਾਹ ਹੋ ਚੁੱਕਾ ਹੈ ਤੇ ਓਵਿਡ ਦਾ ਮਹਾਂਕਾਵਿ ਅਮਰ ਹੈ। ਰੂਸ ਵਿਚ ਕਵੀ ਓਸਿਪ ਮੇਂਡਲਸਟਾਮ ਦੀ ਜ਼ਿੰਦਗੀ ਸਟਾਲਿਨ ਨੇ ਰੋਲ ਕੇ ਰੱਖ ਦਿੱਤੀ ਸੀ ਪਰ ਨਾ ਸਟਾਲਿਨ ਰਿਹਾ ਤੇ ਨਾ ਸੋਵੀਅਤ ਯੂਨੀਅਨ। ਮੇਂਡਲਸਟਾਮ ਆਪਣੀਆਂ ਕਵਿਤਾਵਾਂ ਵਿਚ ਅਜੇ ਵੀ ਜਿਊਂਦਾ ਹੈ। ਜਨਰਲ ਫਰੈਂਕੋ ਦੇ ਗੈਂਗਸਟਰਾਂ ਨੇ ਮਹਾਨ ਕਵੀ ਲੋਰਕਾ ਦਾ ਕਤਲ ਕਰ ਦਿੱਤਾ ਸੀ ਪਰ ਲੋਰਕਾ ਦੇ ਵਿਚਾਰ, ਅਹਿਸਾਸ ਤੇ ਉਸ ਦੀਆਂ ਕਵਿਤਾਵਾਂ ਮਨੁੱਖ ਜਾਤੀ ਦਾ ਸਦੀਵੀ ਤੇ ਅਨਮੋਲ ਖਜ਼ਾਨਾ ਹਨ।"

ਅਜਿਹੇ ਵਿਚਾਰਾਂ ਵਿਚ ਡੁੱਬੇ ਸਲਮਾਨ ਰੁਸ਼ਦੀ ਨੂੰ ਅਮਰੀਕਾ ਦੇ ਮਹਾਨ ਲੇਖਕ ਜੋਸੇਫ ਕੈਂਪਬੈੱਲ ਦੇ ਇਹ ਸ਼ਬਦ ਯਾਦ ਆਏ:

"Any disaster, you con Survive is an improvement in your charancter, your stature, and your Life" (ਜੇ ਕਿਸੇ ਵੱਡੀ ਆਫ਼ਤ 'ਚੋਂ ਤੁਸੀਂ ਬਚ ਜਾਂਦੇ ਹੋ ਤਾਂ ਤੁਹਾਡਾ ਚਰਿੱਤਰ, ਤੁਹਾਡੀ ਹੈਸੀਅਤ ਅਤੇ ਤੁਹਾਡੀ ਜ਼ਿੰਦਗੀ ਵਿਚ ਨਿਖਾਰ ਆਉਂਦਾ ਹੈ)।

ਸੱਚਮੁਚ, ਸਲਮਾਨ ਰੁਸ਼ਦੀ ਵੱਡੀ ਆਫ਼ਤ 'ਚੋਂ ਬਚ ਕੇ ਬਾਹਰ ਆਇਆ ਸੀ। ਉਸ ਦੇ ਸਾਹਮਣੇ ਜ਼ਿੰਦਗੀ ਜਿੱਤ ਗਈ ਤੇ ਮੌਤ ਹਾਰ ਗਈ ਪਰ ਇਸ ਜਾਨਲੇਵਾ ਹਮਲੇ ਤੋਂ ਬਾਅਦ ਉਹ ਭਾਰੀ ਸਰੀਰਕ ਟੁੱਟ-ਭੱਜ ਤੋਂ ਇਲਾਵਾ ਸਦਮੇ 'ਚੋਂ ਪੈਦਾ ਹੋਏ ਮਾਨਸਿਕ ਤਣਾਅ ਤੋਂ ਪੀੜਤ ਹੋ ਗਿਆ ਸੀ। ਮਨੋਵਿਗਿਆਨ ਦੀ ਭਾਸ਼ਾ ਵਿਚ ਇਸ ਨੂੰ Post traumatic stress disorder (PTSD) ਕਿਹਾ ਜਾਂਦਾ ਹੈ। ਉਸ ਨੂੰ ਮਹਿਸੂਸ ਹੁੰਦਾ ਜਿਵੇਂ ਚਾਕੂ ਅਜੇ ਵੀ ਉਸ ਦੇ ਅੰਦਰ ਖੁੱਭਿਆ ਹੋਇਆ ਹੈ ਤੇ ਉਹ ਉਸ ਦੇ ਦਿਲ ਵੱਲ ਵਧ ਰਿਹਾ ਹੈ। ਅਜਿਹੇ ਮਾਨਸਿਕ ਤਣਾਅ ਤੋਂ ਪੀੜਤ ਬੰਦਾ ਜਾਂ ਤਾਂ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਜਾਂਦਾ ਹੈ ਜਾਂ ਉਸ ਨੂੰ 'ਡਰ' ਦੇ ਭਿਆਨਕ ਦੌਰੇ ਪੈਣੇ ਸ਼ੁਰੂ ਹੋ ਜਾਂਦੇ ਹਨ। ਫਲੈਸ਼ ਬੈਕ ਜਾਂ ਸੁਪਨਿਆਂ ਰਾਹੀਂ ਪੀੜਤ ਬੰਦਾ ਉਸੇ ਦੁਖਦਾਈ ਘਟਨਾ ਨੂੰ ਦੁਬਾਰਾ ਜਿਊਣ ਲੱਗਦਾ ਹੈ।

ਸਲਮਾਨ ਰੁਸ਼ਦੀ ਦਿਨ ਵੇਲੇ ਜਦੋਂ ਜਾਗਦਾ ਹੁੰਦਾ ਤਾਂ ਉਹ ਬਹੁਤ ਖੁਸ਼ਮਿਜ਼ਾਜ, ਸ਼ਾਂਤ ਅਤੇ ਹੌਸਲੇ ਵਾਲਾ ਨਜ਼ਰ ਆਉਂਦਾ। ਰਾਤ ਵੇਲੇ ਉਹ ਖ਼ੌਫ਼ਨਾਕ ਸੁਪਨਿਆਂ ਦੀ ਜਕੜ ਵਿਚ ਆ ਕੇ ਪਰੇਸ਼ਾਨ ਹੋ ਜਾਂਦਾ। ਰਾਤ ਦੀ ਆਪਣੀ ਭਾਸ਼ਾ ਹੁੰਦੀ ਹੈ। ਆਪਣਾ ਹੀ ਵੱਖਰਾ ਸੰਸਾਰ ਹੁੰਦਾ ਹੈ। ਨੀਂਦ ਵਿਚ ਸੁਪਨੇ ਸਮਾਨੰਤਰ ਸੰਸਾਰ ਦੀ ਰਚਨਾ ਕਰਦੇ ਹਨ ਜੋ ਉਸ ਵੇਲੇ ਸੱਚ ਪ੍ਰਤੀਤ ਹੁੰਦੇ ਹਨ। ਜੇਮਸ ਜੁਆਇਸ ਨੇ ਆਪਣੇ ਨਾਵਲ 'ਫਿਨੇਗਾਂਸ ਵੇਕ' ਵਿਚ 'ਸੁੱਤੇ ਦਿਮਾਗ' ਦੀ ਪੇਚੀਦਾ ਕਾਰਜ ਵਿਧੀ ਨੂੰ ਉਦਘਾਟਿਤ ਕਰਨ ਦਾ ਯਤਨ ਕੀਤਾ ਹੈ। ਸੁਪਨਿਆਂ ਵਿਚ ਹਮੇਸ਼ਾ ਕੋਈ ਹਤਿਆਰਾ ਰੁਸ਼ਦੀ ਦਾ ਪਿੱਛਾ ਕਰਦਾ।

ਉਹ ਸੁਪਨੇ ਵਿਚ ਡਰ ਕੇ ਭੱਜਦਾ ਤੇ ਭੱਜਦਾ-ਭੱਜਦਾ ਹੇਠਾਂ ਡਿੱਗ ਪੈਂਦਾ। ਹਮਲਾਵਰ ਉਸ 'ਤੇ ਚਾਕੂ ਨਾਲ ਤਾਬੜ-ਤੋੜ ਵਾਰ ਕਰਦਾ ਤੇ ਉਹ ਤ੍ਰਭਕ ਕੇ ਚੀਕ ਮਾਰਦਾ ਤੇ ਕੋਲ ਪਈ ਉਸ ਦੀ ਪਤਨੀ ਜਾਗ ਪੈਂਦੀ,ਉਸ ਨੂੰ ਹੌਸਲਾ ਦਿੰਦੀ।

ਸੱਜੀ ਅੱਖ ਗੁਆ ਚੁੱਕਣ ਤੋਂ ਬਾਅਦ ਉਸ ਦੇ ਡਾਕਟਰਾਂ ਨੇ ਉਸ ਨੂੰ ਦੱਸਿਆ ਕਿ ਉਸ ਦੀ ਖੱਬੀ ਅੱਖ ਦੀ ਵੀ ਮੈਕੂਲਰ ਡੀਜੇਨਰੇਸ਼ਨ ਹੋ ਰਹੀ ਹੈ ਜਿਸ ਕਰ ਕੇ ਉਸ ਦੀ ਇਸ ਅੱਖ ਦੀ ਜੋਤ ਵੀ ਜਾ ਸਕਦੀ ਹੈ। ਇਹ ਸੁਣ ਕੇ ਉਹ ਦਹਿਲ ਗਿਆ, ਉਹ ਅੰਨ੍ਹੇਪਣ ਤੋਂ ਖ਼ੌਫ਼ ਖਾਂਦਾ ਸੀ। ਕਦੇ-ਕਦੇ ਨੀਂਦ ਵਿਚ ਉਸ ਨੂੰ ਸ਼ੇਕਸਪੀਅਰ ਦੇ ਨਾਟਕ 'ਕਿੰਗ ਲੀਅਰ' ਦਾ ਉਹ ਦ੍ਰਿਸ਼ ਸਜੀਵ ਹੋ ਜਾਂਦਾ ਜਦੋਂ ਡਿਊਕ ਆਫ ਕੌਰਨਵਾਲ, ਗਲਾਉਸੇਸਟਰ ਦੀਆਂ ਅੱਖਾਂ ਨੋਚ ਕੇ ਉਸ ਨੂੰ ਅੰਨ੍ਹਾ ਕਰ ਛੱਡਦਾ ਹੈ। ਪੰਦਰਾਂ ਸਾਲ ਦੀ ਉਮਰ 'ਚ ਸ਼ੇਕਸਪੀਅਰ ਦੇ ਜਨਮ ਸਥਾਨ ਸਟ੍ਰੇਟਫੋਰਡ ਏਵਨ ਦੇ ਥੀਏਟਰ 'ਚ ਪੀਟਰ ਬਰੂਕ ਦਾ ਖੇਡਿਆ ਨਾਟਕ 'ਕਿੰਗ ਲੀਅਰ' ਹਮੇਸ਼ਾ-ਹਮੇਸ਼ਾ ਲਈ ਉਸ ਦੇ ਮਨ-ਮਸਤਕ ਵਿਚ ਵਸ ਗਿਆ ਸੀ। ਸੱਠ ਸਾਲਾਂ ਬਾਅਦ ਇਸ ਨਾਟਕ ਦਾ ਉਹ ਭਿਆਨਕ ਦ੍ਰਿਸ਼ ਉਸ ਦੇ ਸੁਪਨੇ ਵਿਚ ਆ-ਆ ਕੇ ਉਸ ਨੂੰ ਪਰੇਸ਼ਾਨ ਕਰਦਾ।

ਉਹ ਸੋਚਣ ਲੱਗਦਾ ਕਿ ਹੋਜ਼ੇ ਸਰਾਮਾਗੋ ਦੇ ਨਾਵਲ 'ਬਲਾਈਂਡਨੈੱਸ' ਵਿਚ ਅੰਨ੍ਹੇਪਣ ਦੀ ਮਹਾਮਾਰੀ ਕਾਰਨ ਸਰੀਰਕ, ਮਾਨਸਿਕ ਅਤੇ ਆਤਮਿਕ ਤੌਰ 'ਤੇ ਅੰਨ੍ਹੇ ਲੋਕ ਸਮਾਂ ਪੈਣ 'ਤੇ ਮੁੜ ਸੁਜਾਖੇ ਹੋ ਜਾਂਦੇ ਹਨ। ਕਾਮੂ ਦੇ ਨਾਵਲ 'ਪਲੇਗ' 'ਚ ਵੀ ਮਹਾਮਾਰੀ ਆਉਂਦੀ ਹੈ ਤੇ ਆ ਕੇ ਗੁਜ਼ਰ ਜਾਂਦੀ ਹੈ ਪਰ ਜ਼ਿੰਦਗੀ ਵਿਚ ਜੇ ਕਿਸੇ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਜਾਵੇ ਤਾਂ ਉਹ ਕਦੇ ਵਾਪਸ ਨਹੀਂ ਆਉਂਦੀ।

ਉਸ ਨੂੰ ਇਹ ਸੋਚ ਕੇ ਡਰ ਲੱਗਦਾ ਸੀ ਕਿ ਉਹ ਸਿਰਫ਼ ਖੱਬੀ ਅੱਖ ਦੇ ਸਹਾਰੇ ਕਿਵੇਂ ਲਿਖ-ਪੜ੍ਹ ਸਕੇਗਾ ਤੇ ਆਪਣੇ ਆਲੇ-ਦੁਆਲੇ ਦੀਆਂ ਚੀਜ਼ਾਂ ਨੂੰ ਕਿਵੇਂ ਦੇਖ ਸਕੇਗਾ। ਸੱਜੇ ਪਾਸੇ ਦਾ ਸੰਸਾਰ ਉਸ ਲਈ ਓਝਲ ਹੋ ਚੁੱਕਾ ਸੀ। ਅਜਿਹੀ ਮਾਨਸਿਕ ਕਸ਼ਮਕਸ਼ ਵਿਚ ਉਸ ਨੂੰ ਕੋਈ ਸਕੂਨ, ਕੋਈ ਪ੍ਰੇਰਨਾ ਕਿਸੇ ਸਾਹਿਤਕ ਰਚਨਾ ਤੋਂ ਹਾਸਲ ਨਹੀਂ ਹੋਈ। ਕ੍ਰਿਕਟ ਦਾ ਮਹਾਨ ਖਿਡਾਰੀ ਨਵਾਬ ਆਫ ਪਟੌਦੀ ਇਸ ਮੁਸ਼ਕਿਲ ਘੜੀ ਵਿਚ ਉਸ ਦਾ 'ਰੋਲ ਮਾਡਲ' ਬਣਿਆ। ਉਹ ਭਾਰਤੀ ਕ੍ਰਿਕਟ ਟੀਮ ਦਾ ਕਪਤਾਨ ਸੀ ਤੇ ਸਲਾਮੀ ਬੱਲੇਬਾਜ਼ ਸੀ। ਆਪਣੇ ਕ੍ਰਿਕਟ ਕਰੀਅਰ ਦੇ ਸ਼ੁਰੂਆਤੀ ਦੌਰ ਵਿਚ ਹੀ ਉਹ ਭਿਆਨਕ ਕਾਰ ਹਾਦਸੇ ਵਿਚ ਆਪਣੀ ਇਕ ਅੱਖ ਗੁਆ ਬੈਠਾ ਸੀ। ਉਸ ਸਮੇਂ ਉਸ ਦੀ ਉਮਰ ਸਿਰਫ਼ ਤੀਹ ਵਰ੍ਹਿਆਂ ਦੀ ਸੀ। ਉਸ ਨੇ ਹਿੰਮਤ ਨਹੀਂ ਹਾਰੀ ਤੇ ਇਕ ਅੱਖ ਨਾਲ ਦੇਖਣ ਵਾਲਾ ਬੱਲੇਬਾਜ਼ ਵੈਸਟਇੰਡੀਜ਼ ਦੇ ਤੇਜ਼ ਗੇਂਦਬਾਜ਼ਾਂ-ਹੱਲ ਅਤੇ ਗ੍ਰਿਫ਼, ਸਾਹਮਣੇ ਡਟ ਕੇ ਖਲੋਤਾ ਰਿਹਾ ਤੇ ਸੈਂਕੜਾ ਵੀ ਬਣਾਇਆ। ਭਾਰਤੀ ਕ੍ਰਿਕਟ ਦੇ ਇਸ 'ਟਾਈਗਰ' ਨਾਲ ਹਿੰਦੀ ਸਿਨਮੇ ਦੀ ਪ੍ਰਸਿੱਧ ਅਦਾਕਾਰਾ ਸ਼ਰਮੀਲਾ ਟੈਗੋਰ ਨੇ ਵਿਆਹ ਕਰਵਾਇਆ। ਸਲਮਾਨ ਰੁਸ਼ਦੀ ਲਿਖਦਾ ਹੈ:

"ਮੈਂ ਨਿਰਣਾ ਕੀਤਾ ਕਿ ਨਵਾਬ ਆਫ ਪਟੌਦੀ ਮੇਰਾ ਰੋਲ ਮਾਡਲ ਹੋਵੇਗਾ। ਜੇ ਉਹ ਧੂੰਆਂਧਾਰ ਗੇਂਦਬਾਜ਼ੀ ਦਾ ਸਾਹਮਣਾ ਕਰ ਸਕਦਾ ਹੈ ਤਾਂ ਮੈਂ ਬਿਨਾਂ ਡੋਲ੍ਹੇ ਪਾਣੀ ਨਾਲ ਗਲਾਸ ਕਿਉਂ ਨਹੀਂ ਭਰ ਸਕਦਾ, ਮੈਂ ਸੜਕ 'ਤੇ ਰਾਹਗੀਰ ਨਾਲ ਟਕਰਾਏ ਬਿਨਾ ਕਿਉਂ ਨਹੀਂ ਤੁਰ ਸਕਦਾ ਤੇ ਇਕ ਅੱਖ ਵਾਲਾ ਆਦਮੀ ਸੁਜਾਖੇ ਲੋਕਾਂ ਦੇ ਸੰਸਾਰ ਵਿਚ ਕਿਉਂ ਆਪਣੇ ਆਪ ਨੂੰ ਊਣਾ ਸਮਝੇ।"

ਸਲਮਾਨ ਰੁਸ਼ਦੀ ਆਪਣੇ ਬਹੁਤ ਹੀ ਨੇੜਲੇ ਮਿੱਤਰ ਤੇ ਵਿਸ਼ਵ ਪ੍ਰਸਿੱਧ ਨਾਵਲਕਾਰ ਮਿਲਾਨ ਕੁੰਡੇਰਾ ਦੇ ਨਾਵਲ 'ਅਨਬੀਅਰੇਬਲ ਲਾਈਟਨੈੱਸ ਆਫ ਬੀਇੰਗ' ਵਿਚ ਪ੍ਰਗਟਾਈ ਇਸ ਧਾਰਨਾ ਨਾਲ ਸਹਿਮਤ ਸੀ ਕਿ ਜ਼ਿੰਦਗੀ ਇਕੋ ਵਾਰੀ ਦੀ ਖੇਡ ਹੈ ਤੇ ਇਹ ਕਿਸੇ ਨੂੰ ਦੂਜਾ ਮੌਕਾ ਨਹੀਂ ਦਿੰਦੀ। ਜ਼ਿੰਦਗੀ ਦੇ ਖਰੜੇ ਨੂੰ ਤੁਸੀਂ ਸੋਧ ਨਹੀਂ ਸਕਦੇ ਪਰ 12 ਅਗਸਤ 2022 ਨੂੰ ਹੋਏ ਹਮਲੇ ਨੇ ਉਸ ਦੀ ਇਹ ਧਾਰਨਾ ਬਦਲ ਦਿੱਤੀ ਸੀ। ਉਹ ਲਿਖਦਾ ਹੈ, "ਜਦੋਂ ਮੇਰੇ ਸਰੀਰਕ ਅਤੇ ਮਾਨਸਿਕ ਜ਼ਖ਼ਮ ਭਰਨ ਲੱਗੇ ਤਾਂ ਮੈਨੂੰ ਇਹ ਨਹੀਂ ਸੀ ਪਤਾ ਕਿ ਮੈਂ ਇਸ ਭਿਆਨਕ ਸਦਮੇ 'ਚੋਂ ਤਕੜਾ ਹੋ ਕੇ ਬਾਹਰ ਨਿਕਲਾਂਗਾ। ਮੈਨੂੰ ਤਾਂ ਐਨੀ ਤਸੱਲੀ ਹੀ ਬਹੁਤ ਸੀ ਕਿ ਮੈਂ ਜਾਨਲੇਵਾ ਹਮਲੇ ਦੇ ਬਾਵਜੂਦ ਜੀਵਤ ਹਾਂ। ਮੈਨੂੰ ਤਾਂ ਜ਼ਿੰਦਗੀ ਦੀ ਸੁਗਾਤ ਦੁਬਾਰਾ ਮਿਲੀ ਸੀ ਜਿਸ ਨੂੰ ਕੁੰਡੇਰਾ ਅਸੰਭਵ ਮੰਨਦਾ ਸੀ। ਕਾਸ਼ ਉਹ ਜਿਉਂਦਾ ਹੁੰਦਾ!"

ਉਹ ਅਗਾਂਹ ਲਿਖਦਾ ਹੈ, "ਮੈਂ ਸਭ ਮੁਸ਼ਕਿਲਾਂ ਪਾਰ ਕਰ ਲਈਆਂ ਸਨ। ਹੁਣ ਮੇਰੇ ਸਾਹਮਣੇ ਇਹ ਸਾਵਲ ਸੀ: ਜੇ ਤੁਹਾਨੂੰ ਦੂਜਾ ਮੌਕਾ ਮਿਲ ਜਾਵੇ ਤਾਂ ਤੁਸੀਂ ਉਸ ਵਿਚ ਕੀ ਕਰੋਗੇ? ਉਸ ਦਾ ਇਸਤੇਮਾਲ ਕਿੰਝ ਕਰੋਗੇ? ਕੀ ਤੁਸੀਂ ਆਪਣੀ ਪੁਰਾਣੀ ਜੀਵਨ ਸ਼ੈਲੀ ਦਾ ਹੀ ਦੁਹਰਾਅ ਕਰੋਗੇ ਜਾਂ ਕਿਸੇ ਵੱਖਰੇ ਢੰਗ ਨਾਲ ਜਿਊਣਾ ਚਾਹੋਗੇ।"

ਗਹਿਰੀ ਸੋਚ ਵਿਚ ਡੁੱਬੇ ਰੁਸ਼ਦੀ ਨੂੰ ਰੇਮੰਡ ਕਾਰਵਰ (1938-1988) ਅਤੇ ਉਸ ਦੀ ਕਵਿਤਾ 'ਗਰੇਵੀ' ਦੀ ਯਾਦ ਆਈ। ਕਾਰਵਰ ਅਮਰੀਕਾ ਦਾ ਪ੍ਰਸਿੱਧ ਕਹਾਣੀਕਾਰ ਅਤੇ ਕਵੀ ਸੀ ਜੋ ਕੈਂਸਰ ਤੋਂ ਪੀੜਤ ਸੀ। ਉਸ ਦੇ ਡਾਕਟਰਾਂ ਨੇ ਉਸ ਨੂੰ ਦੱਸਿਆ ਕਿ ਉਹ ਵੱਧ ਤੋਂ ਵੱਧ ਛੇ ਮਹੀਨੇ ਹੀ ਜੀਵਤ ਰਹਿ ਸਕਦਾ ਹੈ ਪਰ ਉਹ ਦਸ ਵਰ੍ਹੇ ਜਿਊਂਦਾ ਰਿਹਾ। ਜਦੋਂ ਉਸ ਨੂੰ ਮਹਿਸੂਸ ਹੋਣ ਲੱਗਾ ਕਿ ਉਸ ਦਾ ਅੰਤ ਨੇੜੇ ਹੈ ਤਾਂ ਉਸ ਨੇ ਕਵਿਤਾ ਲਿਖੀ- 'ਗਰੇਵੀ' (ਸ਼ੋਰਬਾ):

ਮੇਰੇ ਲਈ ਰੋਣਾ ਨਹੀਂ
ਮੈਂ ਕਿੰਨਾ ਖੁਸ਼ਕਿਸਮਤ ਹਾਂ
ਆਪਣੀ ਤੇ ਲੋਕਾਂ ਦੀ ਉਮੀਦ ਤੋਂ
ਮੈਂ ਦਸ ਵਰ੍ਹੇ ਵੱਧ ਜੀਵਿਆ
ਮੇਰੇ ਲਈ ਤਾਂ ਇਹ ਵਕਫ਼ਾ
ਸ਼ੋਰਬੇ ਵਾਂਗ ਸੀ ਸਵਾਦਲਾ।

ਇਸ ਕਵਿਤਾ ਨੇ ਰੁਸ਼ਦੀ ਦੇ ਹਿਰਦੇ ਨੂੰ ਇਕਦਮ ਟੁੰਬਿਆ। ਉਹ ਸੋਚਣ ਲੱਗਾ, "ਮੇਰੀ ਜ਼ਿੰਦਗੀ ਦਾ ਤਾਂ ਹਰ ਦਿਨ 'ਸ਼ੋਰਬਾ' ਹੈ। ਮੈਂ ਧਰਤੀ ਦਾ ਲਾਡਲਾ ਹਾਂ ਜਿਸ ਨੂੰ ਇਕ ਹੋਰ ਪਾਰੀ ਮਿਲੀ ਹੈ। ਮੈਂ ਤੇ ਏਲੀਜ਼ਾ ਨੇ ਫ਼ੈਸਲਾ ਕੀਤਾ ਕਿ ਹੁਣ ਅਸੀਂ ਭਵਿੱਖ ਦੀਆਂ ਕੋਈ ਲੰਮੀਆਂ-ਚੌੜੀਆਂ ਯੋਜਨਾਵਾਂ ਨਹੀਂ ਘੜਾਂਗੇ। ਅਸੀਂ ਹਰ ਨਵੇਂ ਦਿਨ ਦਾ ਰੱਜ ਕੇ ਲੁਤਫ਼ ਲਵਾਂਗੇ! ਜੀਵਨ 'ਚ 'ਜੀਵਨ ਮੁਕਤ' ਹੋ ਕੇ ਜਿਊਣ ਲਈ ਉਸ ਨੇ ਖ਼ੌਫ਼ਨਾਕ ਘਟਨਾ ਤੋਂ ਮੁਕਤ ਹੋਣ ਅਤੇ ਆਪਣੇ ਅੰਦਰੂਨੀ ਭੈਅ ਦਾ ਕਥਾਰਸਿਸ ਕਰਨ ਲਈ 'ਨਾਇਫ' ਪੁਸਤਕ ਲਿਖਣ ਦਾ ਫ਼ੈਸਲਾ ਕੀਤਾ।"

ਉਹ ਠੀਕ ਹੋਣ ਉਪਰੰਤ ਮਾਰਚ 2023 ਵਿਚ ਇੰਗਲੈਂਡ ਗਿਆ ਜਿੱਥੇ ਉਸ ਨੇ ਆਪਣਾ ਨਵਾਂ ਛਪਿਆ ਨਾਵਲ 'ਵਿਕਟਰੀ ਸਿਟੀ' ਰਿਲੀਜ਼ ਕੀਤਾ। ਨਿਊਯਾਰਕ ਵਾਪਸ ਆ ਕੇ ਉਹ ਲਗਭਗ 13 ਮਹੀਨਿਆਂ ਬਾਅਦ 18 ਸਤੰਬਰ 2023 ਨੂੰ ਆਪਣੀ ਪਤਨੀ ਏਲੀਜ਼ਾ ਨਾਲ ਚਾਟਾਕੂਆ ਗਿਆ। ਸੰਸਥਾ ਦੇ ਪ੍ਰਧਾਨ ਮਾਈਕਲ ਹਿਲ ਨੇ ਉਨ੍ਹਾਂ ਦਾ ਬੜਾ ਨਿੱਘਾ ਸੁਆਗਤ ਕੀਤਾ ਤੇ ਕਿਹਾ:

"ਉਸ ਦੁਰਘਟਨਾ ਤੋਂ ਬਾਅਦ ਇਕ ਦਿਨ ਵੀ ਅਜਿਹਾ ਨਹੀਂ ਗੁਜ਼ਰਿਆ ਜਦੋਂ ਮੈਂ ਤੁਹਾਨੂੰ ਯਾਦ ਨਾ ਕੀਤਾ ਹੋਵੇ।"

"ਮੈਨੂੰ ਖੁਸ਼ੀ ਹੈ ਕਿ ਮੈਂ ਸਾਬਤ 'ਵੰਨ ਪੀਸ ਤੁਹਾਡੇ ਕੋਲ ਫੇਰ ਆਇਆ ਹਾਂ। ਮੈਂ ਤੁਹਾਡੀ ਸੰਸਥਾ ਦੀ ਖ਼ੂਬਸੂਰਤੀ ਅਤੇ ਇੱਥੋਂ ਦੇ ਸ਼ਾਂਤ ਮਾਹੌਲ ਦਾ ਪ੍ਰਸ਼ੰਸਕ ਹਾਂ। ਅਜਿਹੀ ਸੋਹਣੀ ਥਾਂ 'ਤੇ ਵਾਪਰੀ ਹਿੰਸਕ ਵਾਰਦਾਤ ਬਹੁਤ ਅਫ਼ਸੋਸਨਾਕ ਮਹਿਸੂਸ ਹੁੰਦੀ ਹੈ।"

"ਮੈਨੂੰ ਤੁਹਾਨੂੰ ਤੰਦਰੁਸਤ ਦੇਖ ਕੇ ਬਹੁਤ ਖੁਸ਼ੀ ਹੋਈ ਹੈ।" ਮਾਈਕਲ ਨੇ ਕਿਹਾ। ਉਹ ਖਾਲੀ ਹਾਲ ਵਿਚ ਦਾਖ਼ਲ ਹੋਏ। ਰੁਸ਼ਦੀ ਨੇ ਆਪਣੀ ਪਤਨੀ ਏਲਿਜ਼ਾ ਨੂੰ ਸਟੇਜ 'ਤੇ ਉਹ ਜਗ੍ਹਾ ਦਿਖਾਈ ਜਿੱਥੇ ਉਸ ਉੱਤੇ ਜਾਨਲੇਵਾ ਹਮਲਾ ਹੋਇਆ ਸੀ।


ਉਹ ਉਸ ਥਾਂ 'ਤੇ ਖਲੋਤਾ ਸੀ ਜਿੱਥੇ ਉਹ ਲਹੂ-ਲੁਹਾਨ ਹੋ ਕੇ ਹੇਠਾਂ ਡਿੱਗ ਪਿਆ ਸੀ। ਇੱਥੇ ਆਉਣਾ ਉਸ ਦੀ ਮਨੋਵਿਗਿਆਨਕ ਲੋੜ ਸੀ। ਉਹ ਲਿਖਦਾ ਹੈ: "ਮੈਂ ਇਹ ਸਵੀਕਾਰ ਕਰਦਾ ਹਾਂ ਕਿ 'ਉਸ ਥਾਂ' 'ਤੇ ਖਲੋ ਕੇ ਮੈਂ ਜੇਤੂ ਮਹਿਸੂਸ ਕਰ ਰਿਹਾ ਸੀ। ਮੈਨੂੰ ਡਬਲਿਊ.ਈ. ਹੇਨਲੇ ਦੀ ਕਵਿਤਾ 'ਇਨਵਿਕਟਸ' ਦੀਆਂ ਇਹ ਲਾਈਨਾਂ ਯਾਦ ਆਈਆਂ ਜਿਨ੍ਹਾਂ ਨੂੰ ਮੈਂ ਗੁਣਗੁਣਾਉਣਾ ਚਾਹੁੰਦਾ ਸੀ-

Under the bludgeonings of chance/my head is bloody but unbowed.

(ਕਿਸਮਤ ਦੇ ਹਥੌੜਿਆਂ ਨੇ
ਭਾਵੇਂ ਮੇਰਾ ਸਿਰ ਲਹੂ-ਲੁਹਾਨ ਕਰ ਛੱਡਿਆ ਹੈ
ਪਰ ਮੈਂ ਝੁਕਿਆ ਨਹੀਂ)"

---

ਵਰ੍ਹਿਆਂ ਤੋਂ ਜਾਰੀ ਇਹ ਦਰਦ ਤੇ ਤਬਾਹੀਆਂ
ਡਰਾ ਨਹੀਂ ਸਕਦੀਆਂ ਮੈਨੂੰ
ਮੈਂ ਰਹਾਂਗਾ ਸਦਾ ਨਿਡਰ ਤੇ ਨਿਰਭੈ
ਮੁਕਤੀ ਦਾ ਰਾਹ ਭਾਵੇਂ ਹੋਵੇ ਸੌੜਾ
ਕੀ ਫ਼ਰਕ ਪੈਂਦੈ ਇਸ ਨਾਲ
ਕਿੰਨੀ ਹੀ ਭਿਆਨਕ ਹੋਵੇ ਨਰਕ ਦੀ ਅੱਗ
ਮੈਂ ਆਪਣੀ ਤਕਦੀਰ ਦਾ ਖ਼ੁਦ ਮਾਲਿਕ ਹਾਂ
ਮੈਂ ਆਪਣੀ ਆਤਮਾ ਦਾ ਖ਼ੁਦ ਕਪਤਾਨ ਹਾਂ।

***ਹਮਲੇ ਤੋਂ ਪਹਿਲਾਂ ਵਾਲਾ ਸਲਮਾਨ ਰੁਸ਼ਦੀ ਅਤੇ (ਸੱਜੇ) ਜਵਾਨੀ ਵੇਲੇ ਸਲਮਾਨ ਰੁਸ਼ਦੀ।***

**ਰੁਸ਼ਦੀ ਦੀਆਂ ਅੱਖਾਂ ਸਾਹਮਣੇ ਕਾਫ਼ਕਾ ਦੇ ਨਾਵਲ 'ਟਰਾਇਲ' ਦਾ ਅੰਤਿਮ ਦ੍ਰਿਸ਼ ਸਜੀਵ ਹੋ ਗਿਆ ਜਦੋਂ ਦੋ ਹਮਲਾਵਰ ਕੇ. ਜੋਸੇਫ ਦੇ ਢਿੱਡ 'ਚ ਚਾਕੂ ਖੋਭ ਕੇ ਉਸ ਨੂੰ ਮਾਰ ਮੁਕਾਉਂਦੇ ਹਨ। ਉਹ ਸੋਚਣ ਲੱਗਾ ਕਿ ਚਾਕੂ ਅਜਿਹੀ 'ਨਿਰਜੀਵ' ਵਸਤੂ ਹੈ ਜੋ ਹਿਤਕਾਰੀ ਵੀ ਹੈ ਤੇ ਮਾਰੂ ਵੀ; ਇਹ ਚਾਕੂ ਦੀ ਵਰਤੋਂ ਕਰਨ ਵਾਲੇ 'ਤੇ ਨਿਰਭਰ ਕਰਦਾ ਹੈ ਕਿ ਉਹ ਇਸ ਦਾ ਕਿੰਝ ਇਸਤੇਮਾਲ ਕਰਦਾ ਹੈ। ਰੁਸ਼ਦੀ ਸੋਚਣ ਲੱਗਦਾ ਹੈ ਕਿ ਭਾਸ਼ਾ ਵੀ ਚਾਕੂ ਹੈ ਜੋ ਸਮਾਜ ਦੀ ਚੀਰ ਫਾੜ ਕਰ ਕੇ ਉਸ ਨੂੰ ਗਲੀਆਂ-ਸੜੀਆਂ ਮਾਨਤਾਵਾਂ ਤੋਂ ਮੁਕਤ ਕਰਦੀ ਹੈ, ਲੋਕਾਂ ਦੀਆਂ ਅੱਖਾਂ ਖੋਲ੍ਹਦੀ ਹੈ ਤੇ ਸੁੰਦਰਤਾ ਦੀ ਸਿਰਜਣਾ ਕਰਦੀ ਹੈ।**

# ਜਗਜੀਤ ਸਿੰਘ ਸੋਹਲ: ਪੰਨਾ ਇੱਕ ਇਤਿਹਾਸ ਦਾ

**ਨਾਵਲ ਅੰਸ਼**

*ਪਿਛਲੇ ਮਹੀਨੇ ਪੰਜਾਬ ਦੇ ਉਘੇ ਨਕਸਲੀ ਆਗੂ ਜਗਜੀਤ ਸਿੰਘ ਸੋਹਲ ਉਰਫ ਕਰਮ ਚੰਦ ਉਰਫ ਸ਼ਰਮਾ ਜੀ ਦਾ ਪਟਿਆਲਾ ਵਿਚ ਦੇਹਾਂਤ ਹੋ ਗਿਆ। ਉਹ 96 ਵਰ੍ਹਿਆਂ ਦੇ ਸਨ ਅਤੇ ਪਿਛਲੇ ਤਕਰੀਬਨ ਸਾਢੇ ਤਿੰਨ ਦਹਾਕਿਆਂ ਤੋਂ ਰੂਪੋਸ਼ ਸਨ। ਇਨਕਲਾਬੀ ਕਾਰਕੁਨ ਅਤੇ ਲੇਖਕ ਮਰਹੂਮ ਬਾਰੂ ਸਤਵਰਗ ਨੇ ਸਾਰੀ ਉਮਰ ਲੋਕ ਸੰਘਰਸ਼ਾਂ ਦੇ ਲੇਖੇ ਲਾਉਣ ਵਾਲੇ ਕਾਮਰੇਡ ਜਗਜੀਤ ਸਿੰਘ ਸੋਹਲ ਦੇ ਜੀਵਨ ਅਤੇ ਨਕਸਲੀ ਲਹਿਰ ਨੂੰ ਆਧਾਰ ਬਣਾ ਕੇ ਨਾਵਲ 'ਪੰਨਾ ਇੱਕ ਇਤਿਹਾਸ ਦਾ' ਲਿਖਿਆ ਸੀ। ਅਸੀਂ ਆਪਣੇ ਪਾਠਕਾਂ ਲਈ ਇਸ ਨਾਵਲ ਦਾ ਇਕ ਕਾਂਡ ਪੇਸ਼ ਕਰ ਰਹੇ ਹਾਂ ਜਿਸ ਵਿਚ ਨਕਸਲੀ ਲਹਿਰ ਦੇ ਸ਼ੁਰੂਆਤ ਦੌਰ ਦੇ ਝਲਕਾਰੇ ਪੈਂਦੇ ਹਨ ਕਿ ਉਸ ਵਕਤ ਨੌਜਵਾਨਾਂ ਨੇ ਰੁਲ ਰਹੀ ਗਰੀਬ ਜਨਤਾ ਦੇ ਸੁਫਨੇ ਪੂਰੇ ਕਰਨ ਲਈ ਕਿਹੋ ਜਿਹੇ ਕਾਰਜ ਆਰੰਭੇ ਸਨ। ਇਸ ਨਾਵਲ ਵਿਚ ਲੇਖਕ ਨੇ ਜਗਜੀਤ ਸਿੰਘ ਸੋਹਲ ਦਾ ਫਰਜ਼ੀ ਨਾਂ ਸੱਤਿਆਜੀਤ ਰੱਖਿਆ ਹੈ।*

ਬਾਰੂ ਸਤਵਰਗ



ਚੰਦ ਮਿੱਟੀ ਰੰਗੇ ਬੱਦਲਾਂ ਓਹਲਿਉਂ ਬਾਹਰ ਆ ਰਿਹਾ ਸੀ। ਚੰਨ ਚਾਨਣੀ ਪੱਛਮ ਦਿਸ਼ਾ ਵੱਲੋਂ ਚੱਲ ਰਹੀ ਹਵਾ ਨਾਲ ਝੂਮਦੀਆਂ, ਜਵਾਰ ਅਤੇ ਕਮਾਦ ਦੀਆਂ ਫ਼ਸਲਾਂ ਨਾਲ ਖੇਡ ਰਹੀ ਸੀ। ਰਾਧੇ ਰਾਮ ਅਤੇ ਮੈਂਗਲ ਰਾਏਕੋਟ ਤੋਂ ਅੱਚਰਵਾਲ ਨੂੰ ਜਾਂਦੇ ਕੱਚੇ ਰਾਹ ਘੰਟਾ-ਪੌਣਾ ਘੰਟਾ ਤੁਰਦੇ-ਤੁਰਦੇ ਫੇਰ ਉਸ ਰਾਹ ਨੂੰ ਛੱਡ ਕੇ ਫ਼ਸਲਾਂ ਵਿਚਦੀ, ਖਾਲੇ-ਖਾਲ ਪੂਰਬ ਵਾਲੇ ਪਾਸੇ ਤੁਰਨ ਲੱਗੇ ਸਨ। ਰਾਧੇ ਰਾਮ ਮੂਹਰੇ ਤੁਰਿਆ ਜਾ ਰਿਹਾ ਸੀ। ਮੈਂਗਲ ਉਸ ਦੇ ਪਿੱਛੇ-ਪਿੱਛੇ। ਉਹਨਾਂ ਨੂੰ ਖੇਤਾਂ ਵਿਚਲੇ ਕੀੜਿਆਂ-ਮਕੌੜਿਆਂ ਦੀਆਂ ਆਵਾਜ਼ਾਂ ਤੋਂ ਬਿਨਾਂ ਕੋਈ ਹੋਰ ਆਵਾਜ਼ ਸੁਣਾਈ ਨਹੀਂ ਦੇ ਰਹੀ ਸੀ। ਪੋਲੇ-ਪੋਲੇ ਪੈਰੀਂ ਖਾਲੇ-ਖਾਲ ਵੀਹ ਕੁ ਮਿੰਟ ਤੁਰਨ ਬਾਅਦ ਉਹ ਪੱਕੀਆਂ ਇੱਟਾਂ ਵਾਲੇ ਕੋਠੇ ਕੋਲ ਪਹੁੰਚੇ। ਕੋਠੇ ਮੂਹਰੇ ਡਹੇ ਬਾਣ ਦੇ ਮੰਜੇ 'ਤੋਂ ਉਠ ਕੇ ਉਜਾਗਰ ਮਾਹਮਦਪੁਰ ਨੇ ਉਹਨਾਂ ਨਾਲ ਹੱਥ ਮਿਲਾਏ। ਉਸ ਨੇ ਉਹਨਾਂ ਨੂੰ ਹੌਲੀ ਆਵਾਜ਼ 'ਚ ਕਿਹਾ-

"ਥੋੜ੍ਹਾ ਅਗਾਹਾਂ ਚੱਲਣੈ। ਮੇਰੇ ਮਗਰੇ-ਮਗਰ ਤੁਰੇ ਆਇਓ।"

ਉਹ ਦੋਵੇਂ ਚੁੱਪ-ਚਾਪ ਦਰਮਿਆਨੇ ਕੱਦ, ਭਰਵੇਂ-ਗੱਠਵੇਂ ਸਰੀਰ ਅਤੇ ਵਿਰਲੇ-ਵਿਰਲੇ ਧੌਲਿਆਂ ਵਾਲੀ ਕਾਲੀ ਲੰਮੀ ਦਾੜ੍ਹੀ ਵਾਲੇ ਉਜਾਗਰ ਮਾਹਮਦਪੁਰ ਦੇ ਮਗਰ-ਮਗਰ ਨੇੜਲੇ ਪਿੰਡ ਵੱਲ ਨੂੰ ਤੁਰੇ। ਅੱਧੇ ਘੰਟੇ ਦੇ ਲੱਗਭਗ ਤੁਰਨ ਬਾਅਦ ਉਹ ਮੱਕੀ ਦੇ ਖੇਤ ਨੇੜਲੇ ਛੱਪਰ 'ਚ ਪਹੁੰਚੇ। ਮੱਕੀ ਦੇ ਖੇਤ ਦੇ ਮਾਲਕ ਗੱਭਰੂ ਜੱਗੇ ਨੇ ਉਹਨਾਂ ਨਾਲ ਹੱਥ ਮਿਲਾਏ। ਉਹਨਾਂ ਨੂੰ ਛੱਪਰ ਨੇੜੇ ਡਹੇ ਮੰਜਿਆਂ 'ਤੇ ਬਿਠਾਇਆ। ਉਜਾਗਰ ਨੇ ਪੁੱਛਿਆ, "ਕਿਉਂ ਬਈ ਜੱਗਿਆ ਜੱਟਾ! ਸਾਥੀ ਹਾਲੇ ਬਹੁੜਿਆ ਨਹੀਂ?"

"ਹਾਲੇ ਤਾਂ ਬਹੁੜਿਆ ਨਹੀਂ ਚਾਚਾ।" ਉਜਾਗਰ ਨੂੰ ਛੋਟੀ ਉਮਰ ਦਾ ਸਿਆਸੀ ਕਾਡਰ ਅਪਣੱਤ ਨਾਲ ਚਾਚਾ ਹੀ ਆਖਣ ਲੱਗ ਗਿਆ ਸੀ।

"ਚਲੋ, ਬਹੁੜ ਜਾਂਦੈ!"


ਉਜਾਗਰ ਮਾਹਮਦਪੁਰ ਨੇ ਬੋਲਣ ਦੇ ਨਾਲ ਆਪਣੀ ਆਦਤ ਮੁਤਾਬਿਕ ਖੱਬੀ ਅੱਖ ਬੇਮਲੂਮੀ ਮੀਚੀ। ਉਹ ਚਾਰੇ ਹਾਲੇ ਜੱਗੇ ਵੱਲੋਂ ਭੁੰਨ ਕੇ ਰੱਖੀਆਂ ਛੱਲੀਆਂ ਦੇ ਦਾਣੇ ਚੱਬ ਹੀ ਰਹੇ ਸਨ ਕਿ ਇੰਨੇ ਨੂੰ ਸੱਤਿਆਜੀਤ ਆਇਆ। ਉਹਨੇ ਅਨਪੜ੍ਹ ਪੇਂਡੂਆਂ ਵਾਂਗੂ ਪੱਗ ਲੜ ਛੱਡ ਕੇ ਬੰਨ੍ਹੀਂ ਹੋਈ ਸੀ। ਗਲ ਕਲੀਆਂ ਵਾਲਾ ਕੁੜਤਾ ਤੇ ਤੇੜ ਚਾਰਖਾਨੇ ਦਾ ਚਾਦਰਾ ਪਹਿਨੇ ਹੋਏ ਸਨ। ਉਹ ਰਾਧੇ ਰਾਮ ਅਤੇ ਮੈਂਗਲ ਨੂੰ ਗਲਵਕੜੀ ਪਾ ਕੇ ਮਿਲਿਆ। ਕੁਝ ਮਿੰਟ ਸਾਧਾਰਨ ਗੱਲਾਂ ਕਰਨ ਮਗਰੋਂ ਸੱਤਿਆਜੀਤ ਮੈਂਗਲ ਨੂੰ ਆਪਣੇ ਨਾਲ ਲੈ ਕੇ ਖੱਟੇ ਫੁੱਲਾਂ ਨਾਲ ਭਰੀ ਸਣ ਦੀ ਫ਼ਸਲ ਦੇ ਖੇਤ ਵੱਲ ਨੂੰ ਲੈ ਕੇ ਤੁਰਿਆ। ਸਣ ਦਾ ਖੇਤ ਲੰਘ ਕੇ ਉਹ ਜਾਮਣੀ ਰੰਗ ਦੇ ਫੁੱਲਾਂ ਵਾਲੇ ਨਰਮੇ ਦੇ ਖੇਤ ਦੀ ਵੱਟ ਉੱਤੇ ਬੈਠੇ।

"ਹੋਰ ਸੁਣਾ ਮੈਂਗਲ! ਇੰਟੈਰੋਗੇਸ਼ਨ ਸੈਂਟਰ ਦੀ ਯਾਤਰਾ ਕਿਵੇਂ ਰਹੀ?"

"ਸੱਚ ਪੁੱਛਦੈਂ ਭਰਾਵਾ! ਇੰਟੈਰੋਗੇਸ਼ਨ ਸੈਂਟਰ ਵਾਲੇ ਬੁੱਚੜ ਮੈਨੂੰ ਠਿੱਬੀ ਲਾ'ਗੇ।"


ਮੈਂਗਲ ਦੇ ਚਿਹਰੇ ਉੱਤੇ ਪਸਰੀ ਹੀਣ ਭਾਵਨਾ ਦੇ ਰੰਗ ਨੂੰ ਜਾਂਚਦੇ ਸੱਤਿਆਜੀਤ ਨੇ ਅਪਣੱਤ ਨਾਲ ਆਪਣੀ ਬਾਂਹ ਮੈਂਗਲ ਦੇ ਮੋਢਿਆਂ ਉੱਤੇ ਰੱਖ ਕੇ ਬੋਲਣਾ ਸ਼ੁਰੂ ਕੀਤਾ- "ਮੈਂਗਲਾ! ਬੰਦਾ ਡਿੱਗ-ਡਿੱਗ ਹੀ ਸਵਾਰ ਬਣਦੈ। ਬੁੱਚੜ ਠਿੱਬੀ ਲਾ ਗਏ ਤਾਂ ਕੋਈ ਗੱਲ ਨਹੀਂ। ਇੰਟੈਰੋਗੇਸ਼ਨ ਸੈਂਟਰ ਨਾਲ ਵਾਹ ਵੀ ਪਹਿਲੀ ਵਾਰ ਪਿਐ...।" ਸੱਤਿਆਜੀਤ ਨੇ ਬੋਲਦੇ-ਬੋਲਦੇ ਨੇ ਪੁੱਛਿਆ, "... ਠਿੱਬੀ ਕੀ ਲਾ'ਗੇ ਮੈਂਗਲਾ ਉਹ? ਤਾਂ ਕਿ ਆਪਾਂ ਹੋਰ ਨੁਕਸਾਨ ਹੋਣ ਨੂੰ ਰੋਕ ਸਕੀਏ। ਡਰਨ ਘਬਰਾਉਣ ਦੀ ਜ਼ਰੂਰਤ ਨਹੀਂ। ਬੰਦੇ ਨੂੰ ਘਾਟਾਂ ਵੀ ਸਿਖਾਉਂਦੀਐਂ...।"

ਸੱਤਿਆਜੀਤ ਵੱਲੋਂ ਅਪਣੱਤ ਭਰੇ ਅੰਦਾਜ਼ ਵਿਚ ਕੀਤੀ ਗੱਲ ਨੇ ਮੈਂਗਲ ਦੇ ਮਨ 'ਚ ਪੈਦਾ ਹੋਈ ਹੀਣ ਭਾਵਨਾ ਕੁਝ ਨਾ ਕੁਝ ਘਟਾਈ। ਉਸ ਅੰਦਰਲੀ ਘਬਰਾਹਟ ਮੱਠੀ ਹੋਈ। ਉਹ ਸਚਾਈ ਪ੍ਰਗਟ ਕਰਨ ਲੱਗਿਆ। ਉਸ ਨੇ ਦੱਸਿਆ ਕਿ ਉਹ ਇੰਟੈਰੋਗੇਸ਼ਨ ਸੈਂਟਰ ਦੇ ਅਣਮਨੁੱਖੀ ਤਸ਼ੱਦਦ ਨੂੰ ਤਾਂ ਹੌਸਲੇ ਨਾਲ ਸਹਿਣ ਕਰਦਾ ਰਿਹਾ ਪਰ ਪੁਲਸੀਆਂ ਦੇ ਦਾਅਪੇਚ ਨੂੰ ਸਮਝ ਨਾ ਸਕਿਆ। ਇੰਟੈਰੋਗੇਸ਼ਨ ਸੈਂਟਰ ਦੇ ਥਾਣੇਦਾਰ ਨੇ ਉਸ ਨੂੰ ਆਖਿਆ, "ਉਏ ਉੱਲੂਆ, ਤੂੰ ਐਵੇਂ ਹੀ ਹੱਡ ਤੜਵਾਈ ਜਾਨੈ... ਤੇਰੇ ਲੀਡਰ ਸੱਤਿਆਜੀਤ ਨੇ ਤਾਂ ਸਾਰਾ ਹੱਗਿਆ-ਮੂਤਿਆ ਬਕ'ਤਾ। ਪਹਿਲਾਂ ਉਹ ਵੀ ਤੇਰੇ ਵਾਂਗੂ ਛਿੱਤਰ ਖਾਈ ਗਿਆ ਸੀ ਪਰ ਜਦ ਅਸੀਂ ਵੱਡੇ ਯੋਧੇ ਨੂੰ ਪੁੱਠੇ ਲਮਕਾ ਕੇ ਸਿਰਾਂ ਥੱਲੇ ਸਟੋਵ ਬਾਲਣ ਲੱਗੇ ਤਾਂ



*ਉਘਾ ਨਕਸਲੀ ਆਗੂ ਜਗਜੀਤ ਸਿੰਘ ਸੋਹਲ ਉਰਫ ਸ਼ਰਮਾ ਜੀ।*

*ਸੱਤਿਆਜੀਤ ਨੇ ਹਕੀਮਾਂ ਪਿੰਡ ਦੇ ਜਗੀਰਦਾਰ ਖਿਲਾਫ ਇਲਾਕੇ ਦੇ ਬੇਜ਼ਮੀਨੇ ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਨ ਸ਼ੁਰੂ ਕੀਤਾ। ਨਾਜ਼ਮ ਨੇ ਭੀਖੀ ਦੇ ਧਨਾਢ ਲਾਲੇ ਦੀ ਮਾਲਕੀ ਹੇਠਲੀ ਜ਼ਮੀਨ 'ਤੇ ਕਬਜ਼ਾ ਕਰਨ ਦੇ ਪ੍ਰੋਗਰਾਮ ਨੂੰ ਲੈ ਕੇ ਭੀਖੀ, ਸਮਾਉਂ ਅਤੇ ਨੇੜੇ-ਨੇੜੇ ਦੇ ਹੋਰ ਪਿੰਡਾਂ ਦੇ ਬੇਜ਼ਮੀਨੇ ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਨ ਲਈ ਦਿਨ-ਰਾਤ ਇੱਕ ਕਰਨਾ ਸ਼ੁਰੂ ਕੀਤਾ।*




*ਨਾਵਲ 'ਪੰਨਾ ਇੱਕ ਇਤਿਹਾਸ ਦਾ' ਦਾ ਸਰਵਰਕ।*

ਰਿੰਗ ਉੱਠਿਆ। ਲੱਗਾ ਖਾਧਾ-ਪੀਤਾ ਗਲੱਛਣ। ਬਹਿੰਦੇ ਨੇ ਸਾਰਾ ਕੁਝ ਦੱਸ'ਤਾ। ਸਾਨੂੰ ਸਾਰਾ ਪਤੈ ਥੋਡੀ ਪਾਰਟੀ 'ਚ ਕੌਣ-ਕੌਣ ਨੇ। ਜੇ ਤੂੰ ਭਲੀ ਪੱਤ ਨਾਲ ਦੱਸਣੈ ਤਾਂ ਦੱਸਦੇ। ਉਦੋਂ ਵੀ ਦੱਸੇਂਗਾ ਜਦੋਂ ਸੱਤਿਆਜੀਤ ਸਾਹਮਣੇ ਲੈ ਆਂਦਾ ਪਰ ਬੱਚੂ ਫੇਰ ਅਸੀਂ ਤੈਨੂੰ ਮਾਫ਼ ਨਹੀਂ ਕਰਨਾ...।" ਥਾਣੇਦਾਰ ਵੱਲੋਂ ਮਾਰੀ ਠਿੱਬੀ ਬਾਰੇ ਦੱਸਦਾ-ਦੱਸਦਾ ਮੈਂਗਲ ਧੋਖਾ ਖਾ ਜਾਣ ਬਾਰੇ ਦੱਸਣ ਲੱਗਿਆ- "ਫੇਰ ਭਰਾਵਾ ਸੱਤਿਆਜੀਤ! ਮੈਂ ਸਮਝ ਗਿਆ ਕਿ ਤੂੰ ਸੱਚੀਉਂ ਫੜਿਆ ਗਿਆ ਹੋਵੇਂਗਾ। ਤੂੰ ਸੱਚੀਉਂ ਸਾਰਾ ਕੁਛ ਦੱਸ ਦਿੱਤਾ ਹੋਊ... ਤੇ ਫੇਰ ਭਰਾਵਾ! ਜਿਹੜਾ ਕੁਛ ਮੈਨੂੰ ਪਤਾ ਸੀ, ਸਾਰਾ ਕੁਛ ਉਹ ਬਕ ਦਿੱਤਾ...।"

ਮੈਂਗਲ ਸ਼ਰਮਸਾਰ ਹੋਇਆ ਬੋਲਣੋਂ ਬੰਦ ਹੋਇਆ। ਸੱਤਿਆਜੀਤ ਵੀ ਅਫਸੋਸਿਆ ਜਿਹਾ ਗਿਆ। ਕੁਝ ਸੈਕਿੰਡ ਦੋਵਾਂ ਦਰਮਿਆਨ ਸੰਘਣੀ ਚੁੱਪ ਪਸਰੀ। ਫੇਰ ਸੱਤਿਆਜੀਤ ਨੇ ਅਫਸੋਸੇ ਅੰਦਾਜ਼ 'ਚ ਚੁੱਪ ਤੋੜੀ, "ਖੈਰ ਮੈਂਗਲਾ! ਹੋਇਆ ਤਾਂ ਮਾੜਾ। ਲੋਕ ਆਖਣਗੇ- ਨਕਸਲਬਾੜੀ ਲਹਿਰ ਦਾ ਪਹਿਲਾ ਬੰਦਾ ਫੜਿਆ ਗਿਆ ਤੀ, ਉਸ ਨੇ ਸਾਰਾ ਕੁਛ ਦੱਸ'ਤਾ। ਇਉਂ ਇਖਲਾਕੀ ਪੱਖੋਂ ਲਹਿਰ ਨੂੰ ਸੱਟ ਤਾਂ ਜ਼ਰੂਰ ਵੱਜੂ ਪਰ ਹੁਣ ਬਿਨਾਂ ਪਛਤਾਉਣ ਤੋਂ ਹੋਰ ਕੁਛ ਕੀਤਾ ਵੀ ਨਹੀਂ ਜਾ ਸਕਦਾ। ਫੇਰ ਵੀ ਤੂੰ ਹੌਸਲਾ ਰੱਖ।"

"ਜੇ ਕਿਤੇ ਓਦੋਂ ਮੇਰੇ ਦਿਮਾਗ 'ਚ ਆ ਜਾਂਦਾ ਕਿ ਪੁਲਸੀਏ ਬੰਦੇ ਨੂੰ ਮਨਾਉਣ ਖਾਤਰ ਸੌ-ਸੌ ਚਾਲਾਂ ਚੱਲਦੇ ਐ... ਤਾਂ ਮੈਂ ਕੁਛ ਨਾ ਦੱਸਦਾ। ਭਾਵੇਂ ਬੁੱਚੜ ਮੈਨੂੰ ਜਾਨੋਂ ਕਿਉਂ ਨਾ ਮਾਰ ਦਿੰਦੇ।"

"ਦਰਅਸਲ ਮੈਂਗਲਾ! ਤੈਨੂੰ ਮਨ 'ਚ ਏਹੋ ਧਾਰ ਲੈਣੀ ਚਾਹੀਦੀ ਸੀ- ਮੈਂ ਕੁਛ ਨਹੀਂ ਦੱਸਣਾ, ਬੇਸ਼ੱਕ ਕੁਛ ਵੀ ਹੋ ਜਾਵੇ।"

"ਓਦੋਂ ਜੇ ਐਨੀ ਔੜ੍ਹ ਜਾਂਦੀ ਤਾਂ ਭਰਾਵਾ! ਮੱਥੇ ਆਹ ਕਲੰਕ ਦਾ ਟਿੱਕਾ ਕਾਸ ਨੂੰ ਲੱਗਦਾ।"

"ਹੁਣ ਹੌਸਲਾ ਰੱਖ। ਜੋ ਹੋ ਗਿਆ- ਸੋ ਹੋ ਗਿਆ। ਨਾਲੇ ਤੂੰ ਕਿਹੜਾ ਜਾਣ-ਬੁਝ ਕੇ ਇਹ ਮਾੜਾ ਕੰਮ ਕੀਤੈ।"

ਉਹ ਉੱਥੇ ਬੈਠੇ ਕੁਝ ਮਿੰਟ ਹੋਰ ਗੱਲਾਂ ਕਰਦੇ ਰਹੇ। ਫੇਰ ਉਹ ਵੱਟ ਉੱਤੋਂ ਉੱਠ ਕੇ ਛੱਪਰ ਵੱਲ ਤੁਰੇ। ਉਹ ਜਦ ਉਹਨਾਂ ਕੋਲ ਵਾਪਿਸ ਪਹੁੰਚੇ, ਉਦੋਂ ਉਹ ਸਾਰੇ ਚਾਹ ਪੀ ਰਹੇ ਸਨ। ਜੱਗੇ ਨੇ ਖਾਲੀ ਹੋਈਆਂ ਬਾਟੀਆਂ, ਨੇੜਲੇ ਖਾਲ੍ਹ ਵਿਚਲੇ ਪਾਣੀ ਨਾਲ ਧੋ ਕੇ ਚੁੱਲ੍ਹੇ ਉਤਲੀ ਪਤੀਲੀ ਵਿਚਲੀ ਚਾਹ ਦੋ ਬਾਟੀਆਂ ਵਿਚ ਪਾ ਕੇ ਮੈਂਗਲ ਅਤੇ ਸੱਤਿਆਜੀਤ ਨੂੰ ਫੜਾਈ। ਅਸਮਾਨ ਵਿਚ ਚੰਦ ਪਹਿਲਾਂ ਦੀ ਤਰ੍ਹਾਂ ਬੱਦਲਾਂ ਨਾਲ ਲੁਕਣ ਮੀਟੀ ਖੇਡੀ ਜਾ ਰਿਹਾ ਸੀ। ਰਾਧੇ ਰਾਮ ਅਤੇ ਮੈਂਗਲ, ਸੱਤਿਆਜੀਤ ਹੋਰਾਂ ਨਾਲ ਹੱਥ ਮਿਲਾ ਕੇ ਮੁੜ ਉਸੇ ਖਾਲ ਤੁਰੇ ਜਿਸ ਖਾਲ ਉਜਾਗਰ ਉਹਨਾਂ ਨੂੰ ਲੈ ਕੇ ਆਇਆ ਸੀ। ਉਹਨਾਂ ਦੇ ਜਾਣ ਤੋਂ ਕੁਝ ਮਿੰਟ ਪਿੱਛੋਂ ਸੱਤਿਆਜੀਤ ਅਤੇ ਉਜਾਗਰ ਨੇ ਸਾਉਣੀ ਦੀਆਂ ਫ਼ਸਲਾਂ ਦੇ ਖੇਤਾਂ ਵਿਚਦੀ ਅੱਚਰਵਾਲ ਵੱਲ ਜਾਂਦੀ ਡੰਡੀ-ਡੰਡੀ ਚਾਲੇ ਪਾਏ।

ਅੱਚਰਵਾਲ ਦੀਆਂ ਨਿਆਈਆਂ ਵਿਚਲੇ ਇੱਕ ਖੁੱਲ੍ਹੇ ਵਿਹੜੇ ਵਾਲੇ ਘਰ ਦਾ ਕੁੱਤਾ ਪੈੜ-ਚਾਲ ਕੰਨੀਂ ਪੈਂਦਿਆਂ ਹੀ ਭੌਂਕਣ ਲੱਗਿਆ। ਘਰ ਦੇ ਵਿਹੜੇ ਵਿਚ ਸੁੱਤੇ ਪਏ ਵਿਯੋਗੀ ਦੇ ਮੰਜੇ ਨੇੜਲੇ ਦੂਸਰੇ ਮੰਜੇ ਉੱਤੇ ਜਾਗਦੇ ਪਏ ਘਰ ਦੇ ਮਾਲਕ ਅਮਰ ਨੇ ਬੋਲਣ ਸਮੇਂ ਬਹੁਤੀ ਨੱਕ ਦੀ ਵਰਤੋਂ ਕਰਦਿਆਂ ਭੌਂਕਦੇ ਕੁੱਤੇ ਨੂੰ ਝਿੜਕਦਿਆਂ ਕਿਹਾ, "ਬਹਿਨੈ ਕਿ ਨਹੀਂ ਕਤੀਹੜਾ ਪਰਾਂ।" ਕੁੱਤਾ ਪੂਛ ਲੱਤਾਂ 'ਚ ਲੈ ਕੇ ਮੁੜ ਬੈਠ ਗਿਆ। ਸਉਲੇ ਰੰਗ, ਪਤਲੇ ਵਾਲ਼ਾਂ ਵਾਲੀ ਦਾੜ੍ਹੀ-ਮੁੱਛਾਂ ਵਾਲੇ ਅਮਰ ਨੇ ਮੰਜੇ ਉੱਤੋਂ ਉੱਠ ਕੇ ਆਮ ਰਾਹ ਉਤਲੇ ਫੱਟਿਆਂ ਵਾਲਾ ਫਾਟਕ ਖੋਲ੍ਹਿਆ। ਸੱਤਿਆਜੀਤ ਅਤੇ ਉਜਾਗਰ ਘਰ ਦੇ ਮਾਲਕ ਅਮਰ ਕੋਲ ਦੀ ਲੰਘ ਕੇ ਸਬਾਤ 'ਚ ਵਿਛੀ ਦਰੀ ਉਤਲੇ ਗਦੈਲਿਆਂ ਉੱਤੇ ਸੁੱਤੇ ਪਏ ਬੰਤ ਰਾਏਪੁਰ, ਬਾਬਾ ਬੂਝਾ ਸਿੰਘ ਅਤੇ ਦਇਆ ਸਿੰਘ ਹੋਰਾਂ ਕੋਲ ਜਾ ਕੇ ਪਏ। ਕੁਝ ਮਿੰਟਾਂ ਬਾਅਦ ਹੀ ਉਹਨਾਂ ਨੂੰ ਨੀਂਦ ਨੇ ਆ ਘੇਰਿਆ। ਪੰਜਾਬ ਦੀ ਕੁਆਰਡੀਨੇਸ਼ਨ ਕਮੇਟੀ ਦੀ ਮੀਟਿੰਗ ਦੂਸਰੇ ਦਿਨ ਦੀ ਸਵੇਰ ਦੇ ਅੱਠ ਵਜੇ ਸ਼ੁਰੂ ਹੋਈ। ਉਜਾਗਰ ਸਿੰਘ, ਬਾਹਰ ਡਹੇ ਮੰਜੇ ਉੱਤੇ ਕੁਆਰਡੀਨੇਸ਼ਨ ਕਮੇਟੀ ਦੀ ਸਬਾਤ 'ਚ ਚੱਲ ਰਹੀ ਮੀਟਿੰਗ ਦੀ ਸੁਰੱਖਿਆ ਕਰਨ ਦੀ ਡਿਊਟੀ ਦੇਣ ਲਈ ਪਹਿਲਾਂ ਹੀ ਤੈਨਾਤ ਹੋ ਕੇ ਬੈਠਾ ਸੀ। ਅਮਰ ਨੇ ਮੀਟਿੰਗ ਕਰ ਰਹੇ ਕਾਮਰੇਡ ਲਈ ਚਾਹ ਅਤੇ ਖਾਣਾ ਤਿਆਰ ਕਰਵਾਉਣ ਦੀ ਡਿਊਟੀ ਸੰਭਾਲ ਲਈ ਸੀ।

*ਸੱਤਿਆਜੀਤ ਨੇ ਇਨਕਲਾਬੀ ਸਿਆਸਤ ਨਾਲ ਤਕੜਾ ਲਗਾਉ ਰੱਖਣ ਵਾਲੇ ਗੁਰਜੀਤ ਨਾਉਂ ਦੇ ਕਾਮਰੇਡ ਰਾਹੀਂ ਹਕੀਮਾਂ ਪਿੰਡ ਦੇ ਕਿਸਾਨ ਪਰਿਵਾਰਾਂ ਨਾਲ ਸਬੰਧਿਤ ਬਾਬੂ ਸਿੰਘ ਅਤੇ ਦਲੀਪ ਸਿੰਘ ਹੋਰਾਂ ਦੇ ਘਰੀਂ ਸੋਟੀ ਧਰਾਅ ਕੀਤਾ। ਉਹ ਪੰਜਵੇਂ-ਸੱਤਵੇਂ ਦਿਨ ਰਾਤ-ਬਰਾਤੇ ਗੁਰਜੀਤ ਨੂੰ ਨਾਲ ਲੈ ਕੇ ਬਾਬੂ ਅਤੇ ਦਲੀਪ ਹੋਰਾਂ ਵਿਚੋਂ ਕਿਸੇ ਨਾ ਕਿਸੇ ਦੇ ਘਰ ਚੌਕਸੀ ਨਾਲ ਜਾਂਦੇ ਅਤੇ ਉਹਨਾਂ ਨੂੰ ਸਿਆਸੀ ਪੱਖੋਂ ਸਿੱਖਿਅਤ ਕਰਨ ਲਈ ਨਕਸਲਬਾੜੀ ਦੀ ਵਿਚਾਰਧਾਰਾ ਅਤੇ ਰਾਜਨੀਤੀ ਨਾਲ ਸਬੰਧਿਤ ਗੱਲਾਂ ਸੁਣਾਉਂਦੇ।*

ਮੀਟਿੰਗ ਦੇ ਸ਼ੁਰੂ ਵਿਚ ਹੀ ਸੱਤਿਆਜੀਤ ਵੱਲੋਂ ਮੈਂਗਲ ਵਿਚ ਆਈ ਕਮਜ਼ੋਰੀ ਦੀ ਰਿਪੋਰਟ ਕੀਤੀ ਗਈ। ਕਮੇਟੀ ਮੈਂਬਰਾਂ ਨੇ ਮੈਂਗਲ ਵਿਚ ਆਈ ਕਮਜ਼ੋਰੀ ਨੂੰ ਗੰਭੀਰਤਾ ਨਾਲ ਲੈਂਦਿਆਂ ਦੋ-ਸਵਾ ਦੋ ਘੰਟਿਆਂ ਦੇ ਲੰਬੇ ਵਿਚਾਰ-ਵਟਾਂਦਰੇ ਦੌਰਾਨ ਬਹੁਮਤ ਨਾਲ ਅਜਿਹੇ ਫ਼ੈਸਲੇ ਲਏ ਕਿ ਪੰਜਾਬ ਕੁਆਰਡੀਨੇਸ਼ਨ ਕਮੇਟੀ ਦੇ ਮੈਂਬਰਾਂ ਨੂੰ ਤੁਰੰਤ ਅੰਡਰਗਰਾਊਂਡ ਹੋ ਕੇ ਕੁਲਵਕਤੀ ਬਣ ਜਾਣਾ ਚਾਹੀਦਾ ਹੈ। ਉਹਨਾਂ ਸੰਪਰਕਾਂ ਵਿਚ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਹਨਾਂ ਸੰਪਰਕਾਂ ਦਾ ਮੈਂਗਲ ਨੂੰ ਪਤਾ ਹੈ। ਅਗਲੇ ਕੰਮਾਂ ਦੇ ਅਜੰਡੇ ਨੂੰ ਵਿਚਾਰਦਿਆਂ ਫ਼ੈਸਲਾ ਲਿਆ ਗਿਆ ਕਿ ਭੀਖੀ ਵਾਲੇ ਲਾਲੇ ਦੀ ਮਾਲਕੀ ਹੇਠਲੀ ਜ਼ਮੀਨ ਉੱਤੇ ਖੇਤ ਮਜ਼ਦੂਰਾਂ, ਗਰੀਬ ਕਿਸਾਨਾਂ ਅਤੇ ਹੋਰ ਕਿਰਤੀਆਂ ਨੂੰ ਨਾਲ ਲੈ ਕੇ ਅਤੇ ਢੋਲ ਵਜਾ ਕੇ ਲਾਲ ਝੰਡਾ ਲਹਿਰਾਇਆ ਜਾਵੇਗਾ। ਹਕੀਮਾਂ ਵਾਲੇ ਜਗੀਰਦਾਰ ਦੇ ਖੇਤਾਂ ਵਿਚ ਕੰਮ ਕਰਨ ਵਾਲੇ ਬੇਜ਼ਮੀਨੇ ਅਤੇ ਗਰੀਬ ਕਿਸਾਨਾਂ ਨੂੰ ਖੇਤਾਂ 'ਤੇ ਕਬਜ਼ਾ ਕਰਨ ਲਈ ਤਿਆਰ ਕੀਤਾ ਜਾਵੇਗਾ। ਬਿਰਲੇ ਦੇ ਰੋਪੜ ਵਿਚਲੇ ਬੀਜ ਫਾਰਮ 'ਤੇ ਕਬਜ਼ਾ ਕਰਨ ਲਈ ਉਸ ਫਾਰਮ 'ਚ ਕੰਮ ਕਰਨ ਵਾਲੇ ਕਿਰਤੀਆਂ ਨੂੰ ਲਾਮਬੰਦ ਕੀਤਾ ਜਾਵੇਗਾ। ਕੁਆਰਡੀਨੇਸ਼ਨ ਕਮੇਟੀ ਪੰਜਾਬ ਦੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਵਿਸ਼ੇਸ਼ ਧਿਆਨ ਦੇਵੇਗੀ। ਇਹ ਫੈਸਲੇ ਲੈਣ ਬਾਅਦ ਮੀਟਿੰਗ ਸ਼ਾਮ ਨੂੰ ਸਮਾਪਤ ਹੋਈ। ਫੇਰ ਦਿਨ ਦੇ ਛਿਪਾ ਦੇ ਘੁਸਮੁਸੇ ਵਿਚ ਕਮੇਟੀ ਮੈਂਬਰ ਉੱਥੋਂ ਚੌਕਸੀ ਨਾਲ ਆਪੋ-ਆਪਣੇ ਕੰਮ-ਖੇਤਰ ਨੂੰ ਰਵਾਨਾ ਹੋਏ।

ਕੁਆਰਡੀਨੇਸ਼ਨ ਕਮੇਟੀ ਦੇ ਮੈਂਬਰ ਆਪੋ-ਆਪਣੇ ਕੰਮ-ਖੇਤਰ ਵਿਚ ਪਹੁੰਚ ਕੇ ਤੈਅ ਕੀਤੇ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਗੁਪਤ ਰਹਿੰਦੇ ਸਰਗਰਮ ਹੋਏ। ਦਇਆ ਸਿੰਘ ਗੁਰਦੇਵ ਮਾਸਟਰ ਨੂੰ ਨਾਲ ਲੈ ਕੇ ਰਾਤਾਂ ਨੂੰ ਗੁਪਤ ਅੱਡਿਆਂ 'ਤੇ ਬਿਰਲਾ ਬੀਜ ਫਾਰਮ ਦੇ ਕਿਰਤੀਆਂ ਦੀ ਯੂਨੀਅਨ ਦੇ ਆਗੂਆਂ ਨੂੰ ਬੀਜ ਫਾਰਮ 'ਤੇ ਕਬਜ਼ਾ ਕਰਨ ਦੀ ਸੇਧ ਦੇਣ ਵਿਚ ਜੁਟਿਆ। ਬਾਬਾ ਬੂਝਾ ਸਿੰਘ ਨੇ ਪੰਜਾਬ ਦੇ ਵੱਖੋ-ਵੱਖਰੇ ਜ਼ਿਲ੍ਹਿਆਂ ਦੇ ਜ਼ਿੰਮੇਵਾਰ ਕਾਮਰੇਡਾਂ ਵੱਲੋਂ ਆਪੋ-ਆਪਣੇ ਜ਼ਿਲ੍ਹੇ ਦੇ ਸਰਗਰਮਾਂ ਦੇ ਵਿਉਂਤੇ ਸਟੱਡੀ ਸਰਕਲਾਂ 'ਚ ਪਹੁੰਚ ਕੇ ਮਾਰਕਸਵਾਦ-ਲੈਨਿਨਵਾਦ ਅਤੇ ਮਾਓ ਵਿਚਾਰਧਾਰਾ ਦਾ ਚਾਨਣ ਵਿਖੇਰਨਾ ਸ਼ੁਰੂ ਕੀਤਾ। ਕਾਮਰੇਡ ਗੰਧਰਵ ਸੈਨ ਨੇ ਸ਼ਿਵਾਲਕ ਦੀਆਂ ਪਹਾੜੀਆਂ ਅੰਦਰਲੇ ਹਾਜੀਪੁਰ ਖੇਤਰ 'ਚ ਪਹੁੰਚ ਕੇ ਆਪਣੇ ਪੈਪਸੂ ਮੁਜ਼ਾਰਾ ਘੋਲ ਦੇ ਕੀਮਤੀ ਤਜਰਬੇ ਨੂੰ ਸਾਹਮਣੇ ਰੱਖਦਿਆਂ ਉਸ ਇਲਾਕੇ ਦੇ ਬੇਜ਼ਮੀਨੇ ਗਰੀਬ ਕਿਰਤੀਆਂ ਦਾ ਜ਼ਰਈ ਘੋਲ ਵਿਕਸਤ ਕਰਨ ਲਈ ਮਿਹਨਤ ਕਰਨੀ ਸ਼ੁਰੂ ਕੀਤੀ। ਇਸ ਕੰਮ ਵਿਚ ਗੰਧਰਵ ਸੈਨ ਮੁਜ਼ਾਰਾ ਲਹਿਰ 'ਚ ਆਪਣੇ ਨੇੜਲੇ ਸਾਥੀ ਰਹੇ ਅਤੇ ਨਕਸਲਬਾੜੀ ਲਹਿਰ ਨੂੰ ਸਿਧਾਂਤਕ ਪੱਖੋਂ ਠੀਕ ਸਮਝਣ ਵਾਲੇ ਕਾਮਰੇਡ ਛੱਜੂ ਰਾਮ ਵੈਦ ਦਾ ਸਹਿਯੋਗ ਵੀ ਸਮੇਂ-ਸਮੇਂ ਸਿਰ ਲੈਣ ਲੱਗਿਆ। ਬੰਤ ਰਾਏਪੁਰ ਅਤੇ ਪ੍ਰੋ. ਸੱਜਣ ਰਾਮਪੁਰਾ ਮੰਡੀ ਨੇੜਲੇ ਪਿੱਥੋ ਪਿੰਡ ਦੇ ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਜਾਗਰਿਤ ਕਰਨ ਲੱਗੇ। ਸੱਤਿਆਜੀਤ ਨੇ ਹਕੀਮਾਂ ਪਿੰਡ ਦੇ ਜਗੀਰਦਾਰ ਖਿਲਾਫ਼ ਇਲਾਕੇ ਦੇ ਬੇਜ਼ਮੀਨੇ ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਨ ਸ਼ੁਰੂ ਕੀਤਾ। ਨਾਜ਼ਮ ਨੇ ਭੀਖੀ ਦੇ ਧਨਾਢ ਲਾਲੇ ਦੀ ਮਾਲਕੀ ਹੇਠਲੀ ਜਮੀਨ 'ਤੇ ਕਬਜ਼ਾ ਕਰਨ ਦੇ ਪ੍ਰੋਗਰਾਮ ਨੂੰ ਲੈ ਕੇ ਭੀਖੀ, ਸਮਾਉਂ ਅਤੇ ਨੇੜੇ-ਨੇੜੇ ਦੇ ਹੋਰ ਪਿੰਡਾਂ ਦੇ ਬੇਜ਼ਮੀਨੇ ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਜਥੇਬੰਦ ਕਰਨ ਲਈ ਦਿਨ-ਰਾਤ ਇੱਕ ਕਰਨਾ ਸ਼ੁਰੂ ਕੀਤਾ।

ਹਕੀਮਾਂ ਪਿੰਡ ਵਾਲੇ ਜਗੀਰਦਾਰ ਦੀ ਦੋ ਪਿੰਡਾਂ ਵਿਚ ਜ਼ਮੀਨ ਸੀ। ਉਸ ਦੀ ਰੱਕੜਾਂ ਪਿੰਡ ਅਤੇ ਹਕੀਮਾਂ ਪਿੰਡ ਵਿਚ ਦੋ ਹਜ਼ਾਰਾਂ ਘੁਮਾਂ ਦੇ ਲੱਗਭੱਗ ਜ਼ਮੀਨ ਸੀ। ਦੋਵਾਂ ਪਿੰਡਾਂ ਅੰਦਰਲੀ ਜ਼ਮੀਨ ਵਿਚ ਕੀਤੀ ਜਾਣ ਵਾਲੀ ਖੇਤੀ ਦੀ ਦੇਖ-ਰੇਖ ਉਸ ਦੇ ਮੁਖਤਿਆਰ ਹੀ ਕਰਦੇ ਸਨ ਕਿਉਂਕਿ ਜਗੀਰਦਾਰ ਆਪ ਪਹਿਲਾਂ ਭਾਰਤੀ ਫੌਜ ਵਿਚ ਜਨਰਲ ਦੇ ਅਹੁਦੇ 'ਤੇ ਤੈਨਾਤ ਰਿਹਾ ਸੀ ਤੇ ਫੇਰ ਜਨਰਲ ਦੇ ਅਹੁਦੇ ਤੋਂ ਰਟਾਇਰ ਹੋਣ ਬਾਅਦ ਉਹ ਆਪਣੇ ਪਰਿਵਾਰ ਸਮੇਤ ਪਟਿਆਲੇ ਵਿਚਲੀ ਆਪਣੀ ਆਲੀਸ਼ਾਨ ਕੋਠੀ ਵਿਚ ਰਹਿਣ ਲੱਗ ਪਿਆ ਸੀ। ਬਸ ਉਹ ਰੱਕੜਾਂ ਅਤੇ ਹਕੀਮਾਂ ਪਿੰਡ ਵਿਚਲੇ ਆਪਣੇ ਖੇਤੀ ਫਾਰਮਾਂ ਵਿਚ ਕੁਝ ਦਿਨਾਂ ਲਈ ਹੀ ਆਉਂਦਾ ਸੀ। ਖੇਤੀ ਫਾਰਮਾਂ ਦੇ ਖਰਚ ਆਮਦਨ ਦਾ ਹਿਸਾਬ-ਕਿਤਾਬ ਮੁਖਤਿਆਰ ਉਸ ਨੂੰ ਪਟਿਆਲੇ ਪਹੁੰਚ ਕੇ ਹੀ ਦੇ ਆਉਂਦੇ ਸਨ।

ਸੱਤਿਆਜੀਤ ਨੇ ਇਨਕਲਾਬੀ ਸਿਆਸਤ ਨਾਲ ਤਕੜਾ ਲਗਾਉ ਰੱਖਣ ਵਾਲੇ ਗੁਰਜੀਤ ਨਾਉਂ ਦੇ ਕਾਮਰੇਡ ਰਾਹੀਂ ਹਕੀਮਾਂ ਪਿੰਡ ਦੇ ਕਿਸਾਨ ਪਰਿਵਾਰਾਂ ਨਾਲ ਸਬੰਧਿਤ ਬਾਬੂ ਸਿੰਘ ਅਤੇ ਦਲੀਪ ਸਿੰਘ ਹੋਰਾਂ ਦੇ ਘਰੀਂ ਸੋਟੀ ਧਰਾਅ ਕੀਤਾ। ਉਹ ਪੰਜਵੇਂ-ਸੱਤਵੇਂ ਦਿਨ ਰਾਤ-ਬਰਾਤੇ ਗੁਰਜੀਤ ਨੂੰ ਨਾਲ ਲੈ ਕੇ ਬਾਬੂ ਅਤੇ ਦਲੀਪ ਹੋਰਾਂ ਵਿਚੋਂ ਕਿਸੇ ਨਾ ਕਿਸੇ ਦੇ ਘਰ ਚੌਕਸੀ ਨਾਲ ਜਾਂਦੇ ਅਤੇ ਉਹਨਾਂ ਨੂੰ ਸਿਆਸੀ ਪੱਖੋਂ ਸਿੱਖਿਅਤ ਕਰਨ ਲਈ ਨਕਸਲਬਾੜੀ ਦੀ ਵਿਚਾਰਧਾਰਾ ਅਤੇ ਰਾਜਨੀਤੀ ਨਾਲ ਸਬੰਧਿਤ ਗੱਲਾਂ ਸੁਣਾਉਂਦੇ। ਉਸ ਦੀਆਂ ਗੱਲਾਂ ਦਾ ਉਹਨਾਂ 'ਤੇ ਇਸ ਪੱਧਰ ਤੱਕ ਪ੍ਰਭਾਵ ਪਿਆ ਕਿ ਖੁਦ ਉਹ ਵੀ ਅਗਾਹਾਂ ਆਪਣੇ ਪਿੰਡ ਦੇ ਕਈ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਨਾਲ ਉਹੀ ਗੱਲਾਂ ਕਰਨ ਲੱਗੇ। ਦੀਵਿਆਂ ਤੋਂ ਅਗਾਹਾਂ ਦੀਵੇ ਬਲਣ ਲੱਗ ਪਏ ਸਨ। ਇਹ ਅਮਲ ਤਕਰੀਬਨ ਚਾਰ ਜਾਂ ਸਵਾ ਚਾਰ ਮਹੀਨੇ ਚਲਦਾ ਰਿਹਾ। ਫੇਰ ਬਾਬੂ ਅਤੇ ਦਲੀਪ ਨੇ ਇੱਕ ਰਾਤ ਬਾਬੂ ਕੇ ਬਾਹਰਲੇ ਘਰੇ ਚਾਲੀ-ਬਿਆਲੀ ਖੇਤ ਮਜ਼ਦੂਰ ਅਤੇ ਗਰੀਬ ਕਿਸਾਨ

(ਬਾਕੀ ਅਗਲੇ ਸਫੇ 'ਤੇ)

# ਵਧਦੇ ਵਾਤਾਵਰਨ ਸੰਕਟ ਦਾ ਸੰਸਾਰ 'ਤੇ ਅਸਰ

ਮੈਂ ਕਾਰ ਖਰੀਦਣ ਦੀ ਆਪਣੀ ਖਾਹਿਸ਼ ਦੱਬ ਲਈ ਹੈ ਤੇ ਹੁਣ ਜਦੋਂ ਕਦੇ ਮੈਂ ਬਾਹਰ ਜਾਂਦਾ ਹਾਂ ਤਾਂ ਆਪਣੇ ਆਪ ਨੂੰ ਸ਼ਾਬਾਸ਼ ਦਿੰਦਾ ਰਹਿੰਦਾ ਹਾਂ। ਮੈਂ ਤੁਰਨ ਫਿਰਨ ਦਾ ਸ਼ੁਕੀਨ ਹਾਂ ਅਤੇ ਇਹ ਦੇਖ ਕੇ ਮੈਨੂੰ ਚੰਗਾ ਅਹਿਸਾਸ ਹੁੰਦਾ ਹੈ ਕਿ ਮੇਰੇ ਇਸ ਸਾਧਾਰਨ ਜਿਹੇ ਕਦਮ ਨਾਲ ਕਾਰਬਨ ਗੈਸਾਂ ਦੀ ਨਿਕਾਸੀ ਵਿਚ ਕੋਈ ਵਾਧਾ ਨਹੀਂ ਹੁੰਦਾ ਤੇ ਇੰਝ ਜਲਵਾਯੂ ਐਮਰਜੈਂਸੀ ਵਰਗੇ ਹਾਲਾਤ ਨਾਲ ਸਿੱਝਣ ਵਿਚ ਮੇਰਾ ਵੀ ਮਾਮੂਲੀ

ਅਵਿਜੀਤ ਪਾਠਕ

ਜਿਹਾ ਯੋਗਦਾਨ ਪੈਂਦਾ ਹੈ। ਉਂਝ, ਕਈ ਲੋਕਾਂ ਵਲੋਂ ਮੇਰੇ ਵਰਗੇ ਰਾਹਗੀਰਾਂ ਨੂੰ ਅੜਿੱਕਾ ਸਮਝਿਆ ਜਾਂਦਾ ਹੈ। ਆਖ਼ਿਰਕਾਰ, ਇੰਝ ਜਾਪਦਾ ਹੈ ਜਿਵੇਂ ਸਾਡੇ ਸਾਰੇ ਰਾਜਮਾਰਗ, ਲੇਨਾਂ ਬਾਇਲੇਨਾਂ ਸਿਰਫ਼ ਕਾਰਾਂ, ਮੋਟਰਬਾਈਕਾਂ ਤੇ ਹੋਰਨਾਂ ਵਾਹਨਾਂ ਲਈ ਬਣੇ ਹਨ। ਕੋਈ ਹੈਰਤ ਦੀ ਗੱਲ ਨਹੀਂ ਕਿ ਸੜਕ 'ਤੇ ਸ਼ਾਂਤੀ ਨਾਲ ਤੁਰਨਾ ਜਾਂ ਸੜਕ ਪਾਰ ਕਰਨੀ ਬੇਹੱਦ ਖ਼ਤਰਨਾਕ ਕੰਮ ਬਣ ਰਿਹਾ ਹੈ। ਇਸ ਵਿਰੋਧਾਭਾਸ ਨੂੰ ਦੇਖੋ: ਜੇ ਤੁਸੀਂ ਕਾਰਬਨ ਗੈਸਾਂ ਦੀ ਨਿਕਾਸੀ ਘਟਾਉਣ ਵਿਚ ਥੋੜ੍ਹਾ ਜਿਹਾ ਯੋਗਦਾਨ ਪਾਉਣਾ ਚਾਹੁੰਦੇ ਹੋ ਤਾਂ ਤੁਸੀਂ ਕੰਮ ਦੇ ਨਹੀਂ ਹੋ! ਹਾਲਾਂਕਿ ਸਾਇੰਸਦਾਨ ਅਤੇ ਵਾਤਾਵਰਨਵਾਦੀ ਸਾਨੂੰ ਵਾਰ-ਵਾਰ ਚੇਤਾ ਕਰਾ ਰਹੇ ਹਨ ਕਿ ਅੰਨ੍ਹੇਵਾਹ ਪੈਟਰੋਲ/ਡੀਜ਼ਲ ਫੂਕਣ ਕਰ ਕੇ ਦੁਨੀਆ ਲਈ ਜਲਵਾਯੂ ਐਮਰਜੈਂਸੀ ਜਿਹੇ ਹਾਲਾਤ ਪੈਦਾ ਹੋ ਗਏ ਹਨ ਪਰ ਅਸੀਂ ਦਰਖ਼ਤਾਂ ਦਾ ਵਢਾਂਗਾ ਕਰਨ, ਮੈਗਾ ਐਕਸਪ੍ਰੈਸਵੇਜ਼ ਉਸਾਰਨ, ਰਫ਼ਤਾਰ ਅਤੇ ਆਵਾਜਾਈ ਨੂੰ ਵਡਿਆਉਣ, ਵੱਡੀਆਂ ਤੋਂ ਵੱਡੀਆਂ ਕਾਰਾਂ ਖਰੀਦਣ ਤੋਂ ਬਾਜ਼ ਨਹੀਂ ਆ ਰਹੇ ਅਤੇ ਕਸਬਿਆਂ ਤੇ ਸ਼ਹਿਰਾਂ ਦਾ ਡਿਜ਼ਾਈਨ ਕੁਝ ਇਸ ਢੰਗ ਨਾਲ ਕਰਦੇ ਹਾਂ ਕਿ ਪੈਦਲ ਚੱਲਣਾ ਜਾਂ ਸਾਇਕਲਿੰਗ ਲਗਭਗ ਅਸੰਭਵ ਹੋ ਗਈ ਹੈ।

ਦਿੱਲੀ ਦੀ ਸਾਲ 2023 ਅੰਕੜਾ ਕਿਤਾਬਚਾ ਡਰਾਉਣੀ ਤਸਵੀਰ ਪੇਸ਼ ਕਰਦਾ ਹੈ। ਕੌਮੀ ਰਾਜਧਾਨੀ ਵਿਚ ਕੁੱਲ ਰਜਿਸਟਰਡ ਵਾਹਨਾਂ ਦੀ ਸੰਖਿਆ 1 ਕਰੋੜ 20 ਲੱਖ ਸੀ ਜਿਨ੍ਹਾਂ 'ਚੋਂ 33.8 ਫ਼ੀਸਦ ਵਾਹਨ ਪ੍ਰਾਈਵੇਟ ਸਨ। ਇਹ ਖੇਡ ਇੱਥੇ ਹੀ ਖ਼ਤਮ ਨਹੀਂ ਹੁੰਦੀ ਭਾਵੇਂ ਦਿੱਲੀ ਦੇ ਕੁੱਲ ਪ੍ਰਦੂਸ਼ਣ ਵਿਚ ਵਾਹਨਾਂ ਦੇ ਪ੍ਰਦੂਸ਼ਣ ਦਾ ਹਿੱਸਾ 38 ਫ਼ੀਸਦ ਅੰਗਿਆ ਜਾਂਦਾ ਹੈ। ਇਹ ਸਾਰੀ ਕਵਾਇਦ ਆਪਣੇ ਪੈਰੀਂ ਕੁਹਾੜੀ ਮਾਰਨ ਦੇ ਤੁੱਲ ਹੈ। ਮਿਸਾਲ ਦੇ ਤੌਰ 'ਤੇ ਬੰਗਲੌਰ ਦੀ ਹੋਣੀ ਦੀ ਕਲਪਨਾ ਕਰੋ। ਬੰਗਲੌਰ ਕਦੇ ਸ਼ਾਂਤਮਈ ਸ਼ਹਿਰ ਹੁੰਦਾ ਸੀ ਜੋ ਬਦਨਾਮ ਟਰੈਫਿਕ ਜਾਮਾਂ ਕਰ ਕੇ ਸ਼ੋਰੀਲਾ ਖੇਤਰ ਬਣ ਗਿਆ ਹੈ। ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸ਼ਹਿਰ ਵਿਚ 23 ਲੱਖ ਪ੍ਰਾਈਵੇਟ ਕਾਰਾਂ ਹਨ ਅਤੇ ਲੋਕਾਂ ਨੂੰ ਮਹਿਜ਼ ਦਸ ਕਿਲੋਮੀਟਰ ਦਾ ਸਫ਼ਰ ਤੈਅ ਕਰਨ ਲਈ ਔਸਤਨ 30 ਮਿੰਟ ਲਗਦੇ ਹਨ!

ਅਸੀਂ ਕੁਚੱਕਰ ਵਿਚ ਫਸ ਗਏ ਹਾਂ: ਹੋਰ ਜ਼ਿਆਦਾ ਕਾਰਾਂ, ਜ਼ਿਆਦਾ ਟਰੈਫਿਕ ਘੜਮੱਸ, ਜ਼ਿਆਦਾ ਫਲਾਈਓਵਰ, ਹੋਰ ਜ਼ਿਆਦਾ ਐਕਸਪ੍ਰੈਸਵੇਜ਼, ਜ਼ਿਆਦਾ ਪ੍ਰਦੂਸ਼ਣ। ਫਿਰ ਵੀ ਟੈਕਨੋ-ਪੂੰਜੀਪਤੀ, ਠੇਕੇਦਾਰ ਅਤੇ ਸਿਆਸਤਦਾਨ ਛੇਤੀ ਹੀ ਇਕ ਹੋਰ ਐਕਸਪ੍ਰੈਸਵੇਅ ਦੇ ਉਦਘਾਟਨ ਦਾ ਗੁਣਗਾਨ ਕਰਦੇ ਰਹਿੰਦੇ ਹਨ। ਜਿਵੇਂ 264 ਕਿਲੋਮੀਟਰ ਲੰਮਾ ਦਿੱਲੀ-ਦੇਹਰਾਦੂਨ ਐਕਸਪ੍ਰੈਸਵੇਅ ਤੁਹਾਨੂੰ ਸਿਰਫ਼ ਢਾਈ ਘੰਟੇ ਵਿਚ ਇਕ ਤੋਂ ਦੂਜੇ ਸ਼ਹਿਰ ਪਹੁੰਚਾ ਦੇਵੇਗਾ।

ਤੇ ਜਿਵੇਂ ਅਕਸਰ ਹੁੰਦਾ ਹੈ, ਅਸੀਂ ਕਿਸੇ ਫੈਂਸੀ ਕਾਰ ਦਾ ਨਵਾਂ ਨਕੋਰ ਮਾਡਲ ਖਰੀਦਣਾ ਚਾਹਾਂਗੇ ਤੇ ਇਸ ਐਕਸਪ੍ਰੈਸਵੇਅ 'ਤੇ ਕਾਰ ਦੁੜਾ ਕੇ ਸਾਡੇ ਸਮਿਆਂ ਦੇ ਰਫ਼ਤਾਰ ਦੇ ਰੁਮਾਂਚ ਦਾ ਅਹਿਸਾਸ ਕਰਨਾ ਚਾਹਾਂਗੇ ਅਤੇ ਫਿਰ ਹੋਰ ਜ਼ਿਆਦਾ ਰਫ਼ਤਾਰ ਦਾ ਝੱਸ ਪਾਲਣਾ ਚਾਹਾਂਗੇ। ਅਸੀਂ ਬੜੇ ਆਰਾਮ ਨਾਲ ਭੁੱਲ ਜਾਵਾਂਗੇ ਜਿਵੇਂ ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ (ਐੱਨ.ਐੱਚ.ਏ.ਆਈ.) ਦੇ ਅੰਕੜਿਆਂ ਮੁਤਾਬਿਕ ਇਸ ਐਕਸਪ੍ਰੈਸਵੇਅ ਖਾਤਿਰ 7555 ਦਰੱਖ਼ਤ ਵੱਢੇ ਜਾ ਚੁੱਕੇ ਹਨ! ਉਂਝ ਵੀ ਦਰੱਖਤਾਂ ਦੀ ਕੀਹਨੂੰ ਪਈ ਹੈ?

ਇਸੇ ਤਰ੍ਹਾਂ ਵਿਕਾਸ ਦੇ ਆਧੁਨਿਕਤਾਵਾਦੀ ਪ੍ਰਾਜੈਕਟ ਵਿਚ ਛੁਪੀ ਰਫ਼ਤਾਰ ਅਤੇ ਆਵਾਜਾਈ ਦੀ ਖਿੱਚ ਨੇ ਭਾਰਤ ਵਿਚ ਘਰੋਗੀ ਸ਼ਹਿਰੀ ਹਵਾਬਾਜ਼ੀ ਮੁਸਾਫ਼ਿਰ ਆਵਾਜਾਈ ਵਿਚ ਭਾਰੀ ਵਾਧਾ ਲੈ ਆਂਦਾ ਹੈ; 2024 ਵਿਚ ਇਹ ਅੰਕੜਾ 15 ਕਰੋੜ ਮੁਸਾਫ਼ਿਰ ਪਾਰ ਕਰ ਜਾਣ ਦੀ ਆਸ ਹੈ। ਤਰੱਕੀ ਦੀਆਂ ਇਨ੍ਹਾਂ ਕਹਾਣੀਆਂ ਨੂੰ ਪੜ੍ਹਦੇ ਸੁਣਦਿਆਂ ਅਸੀਂ ਇਸ ਬਾਰੇ ਸੋਚਣ ਜਾਂ ਸਮਝਣ ਦੀ ਜ਼ਹਿਮਤ ਹੀ ਨਹੀਂ ਕਰਦੇ ਕਿ ਹਵਾਈ ਸਫ਼ਰ ਅਜਿਹੀ ਸਰਗਰਮੀ ਹੈ ਜਿਸ ਨਾਲ ਕਾਰਬਨ ਗੈਸਾਂ ਦੀ ਨਿਕਾਸੀ ਕਰ ਕੇ ਸਭ ਤੋਂ ਵੱਧ ਪ੍ਰਦੂਸ਼ਣ ਪੈਦਾ ਹੁੰਦਾ ਹੈ। ਲਗਦਾ ਹੈ, ਅਸੀਂ ਇਸ ਦੀ ਕੀਮਤ ਤਾਰਨ ਲਈ ਤਿਆਰ ਹਾਂ। ਅਸੀਂ ਆਪਣੇ ਮਹਾਂਨਗਰਾਂ ਵਿਚ ਪ੍ਰਦੂਸ਼ਿਤ ਹਵਾ ਵਿਚ ਸਾਹ ਲੈਂਦੇ ਹਾਂ, ਪਾਰਕਿੰਗ ਸਪੇਸ ਨੂੰ ਲੈ ਕੇ ਆਪਣੇ ਗੁਆਂਢੀ ਨਾਲ ਝਗੜਦੇ ਰਹਿੰਦੇ ਹਾਂ ਅਤੇ ਰਫ਼ਤਾਰ ਤੇ ਸ਼ੋਰ ਦੇ ਮਾਹੌਲ ਵਿਚ ਰਹਿਣ ਕਰ ਕੇ ਆਪਣਾ ਬੀ.ਪੀ. ਅਤੇ ਸ਼ੂਗਰ ਵਧਾ ਲੈਂਦੇ ਹਾਂ। ਰਫ਼ਤਾਰ ਅਤੇ ਆਵਾਜਾਈ ਦੇ ਇਸ ਖ਼ਬਤ ਜਿਸ ਦੇ ਲਖਾਇਕ ਐਕਸਪ੍ਰੈਸਵੇਜ਼ ਅਤੇ ਹਵਾਈ ਅੱਡੇ ਬਣ ਗਏ ਹਨ, ਨੂੰ ਆਪਣੇ 'ਤੇ ਹਾਵੀ ਨਹੀਂ ਦਿੱਤਾ। ਇਸ ਦੀ ਬਜਾਇ ਮੈਂ 'ਧੀਮੀ ਰਫ਼ਤਾਰ' ਦੀ ਤਾਲ ਦਾ ਮੱਦਾਹ ਹੋ ਗਿਆ ਹਾਂ।

ਰਫ਼ਤਾਰ ਦੀ ਸਾਡੀ ਲਲਕ ਦਾ ਇਕ ਹੋਰ ਸਿੱਟਾ ਹੈ ਖਪਤਵਾਦ ਦਾ ਮਹਿਮਾ ਮੰਡਨ। 'ਇਕ ਖਰੀਦੋ, ਨਾਲ ਇਕ ਮੁਫ਼ਤ ਲੈ ਜਾਓ' ਦਾ ਮੰਡੀ ਮੰਤਰ ਸਾਨੂੰ ਖਰੀਦਦਾਰੀ ਤੇ ਖ਼ਪਤ ਲਈ ਉਕਸਾਉਂਦਾ ਹੈ, ਫਿਰ ਇਹ ਕੋਈ ਇਲੈਕਟ੍ਰੌਨਿਕ ਸਾਜ਼ੋ-ਸਾਮਾਨ ਹੋਵੇ ਜਾਂ ਕੋਈ ਫ਼ੈਂਸੀ ਵਸਤਰ, ਆਲੂ ਚਿਪਸ ਦਾ ਪੈਕਟ ਹੋਵੇ ਜਾਂ ਡਿਟ੍ਰਜੈਂਟ ਪਾਊਡਰ ਜਾਂ ਫਿਰ ਕੋਈ ਨਵਾਂ ਸਮਾਰਟਫੋਨ।

ਖ਼ਪਤ ਦਾ ਇਹ ਰੁਝਾਨ ਵਾਤਾਵਰਨ ਨੂੰ ਹੋਰ ਜ਼ਿਆਦਾ ਪਲੀਤ ਕਰਦਾ ਹੈ। ਇਹ ਸਾਜ਼ੋ-ਸਾਮਾਨ ਜਿਨ੍ਹਾਂ ਫੈਕਟਰੀਆਂ ਵਿਚ ਤਿਆਰ ਕੀਤਾ ਜਾਂਦਾ ਹੈ, ਉਨ੍ਹਾਂ ਨੂੰ ਚਲਾਉਣ ਅਤੇ ਫਿਰ ਇਸ ਦੀ ਢੋਆ-ਢੁਆਈ ਲਈ ਬਹੁਤ ਜ਼ਿਆਦਾ ਊਰਜਾ ਦੀ ਲੋੜ ਪੈਂਦੀ ਹੈ। ਇਸ ਨਾਲ ਕਾਰਬਨ ਗੈਸਾਂ ਦੀ ਨਿਕਾਸੀ ਹੁੰਦੀ ਹੈ। ਇਸ ਤਰ੍ਹਾਂ ਕੱਪੜਾ ਉਤਪਾਦਨ ਲਈ ਹਰ ਸਾਲ ਕਰੋੜਾਂ ਟਨ ਰਹਿੰਦ-ਖੂੰਹਦ ਪੈਦਾ ਹੁੰਦੀ ਹੈ ਅਤੇ ਬਹੁਤ ਥੋੜ੍ਹਾ ਜਿਹਾ ਕੱਪੜਾ ਹੀ ਰੀਸਾਈਕਲ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਜਿਵੇਂ-ਜਿਵੇਂ ਈ-ਕਾਮਰਸ ਨੇ ਡੱਬਾ ਬੰਦ ਪਦਾਰਥਾਂ 'ਤੇ ਸਾਡੀ ਨਿਰਭਰਤਾ ਵਧਾਈ ਹੈ, ਪਲਾਸਟਿਕ 'ਚ ਲਪੇਟੇ ਕਰੋੜਾਂ ਪੈਕੇਜ ਵੱਡੀ ਗਿਣਤੀ 'ਚ ਕਚਰੇ ਦਾ ਰੂਪ ਧਾਰ ਰਹੇ ਹਨ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪਲਾਸਟਿਕ ਜੀਵਤ ਪ੍ਰਾਣੀਆਂ ਨੂੰ ਹਾਨੀਕਾਰਕ ਰਸਾਇਣਾਂ ਦੇ ਸੰਪਰਕ 'ਚ ਲਿਆਉਂਦੀ ਹੈ ਜਿਸ ਨਾਲ ਕੈਂਸਰ ਤੇ ਹੋਰ ਸਰੀਰਕ ਸਮੱਸਿਆਵਾਂ ਆ ਸਕਦੀਆਂ ਹਨ। ਇਸੇ ਤਰ੍ਹਾਂ ਇਲੈਕਟ੍ਰੌਨਿਕ ਵਸਤਾਂ ਵਿਚ ਵੀ ਕੁਝ ਅਜਿਹੀਆਂ ਧਾਤਾਂ ਹੁੰਦੀਆਂ ਹਨ ਜੋ ਅਖੀਰ 'ਚ ਕੂੜੇ ਦੇ ਢੇਰਾਂ 'ਤੇ ਸੁੱਟੀਆਂ ਮਿਲਦੀਆਂ ਹਨ। ਇਸ ਤੋਂ ਇਲਾਵਾ ਪਲਾਸਟਿਕ ਕਚਰੇ ਦੇ ਸਮੁੰਦਰ 'ਚ ਸੁੱਟੇ ਜਾਣ ਦੀ ਸੰਭਾਵਨਾ ਰਹਿੰਦੀ ਹੈ ਜਿਸ ਨਾਲ ਸਮੁੰਦਰੀ ਜੀਵਾਂ ਦਾ ਗੰਭੀਰ ਨੁਕਸਾਨ ਹੁੰਦਾ ਹੈ।

ਫਿਰ ਵੀ ਪੂੰਜੀਵਾਦ ਦਾ ਸਿਧਾਂਤ ਸਾਨੂੰ ਹੋਰ ਖ਼ਰੀਦਣ, ਹੋਰ ਹੰਢਾਉਣ ਲਈ ਲੁਭਾਉਂਦਾ ਰਹਿੰਦਾ ਹੈ ਤੇ ਇਸ ਤਰ੍ਹਾਂ ਧਰਤੀ ਦੇ ਵਾਤਾਵਰਨ ਦਾ ਨੁਕਸਾਨ ਕਰਦਾ ਹੈ। ਜਦ ਤੁਸੀਂ ਸ਼ਾਪਿੰਗ ਮਾਲ ਜਾਂਦੇ ਹੋ, ਵਿਸ਼ੇਸ਼ 'ਪੇਸ਼ਕਸ਼ਾਂ ਤੇ ਛੋਟਾਂ' ਦੇ ਸੁਨੇਹੇ ਪ੍ਰਾਪਤ ਹੁੰਦੇ ਹਨ ਤੇ ਸ਼ਾਪਿੰਗ ਤੇ ਖ਼ਰੀਦਦਾਰੀ ਨੂੰ ਸਮੂਹਿਕ ਮਨੋਰੰਜਨ ਸਮਝਿਆ ਜਾਂਦਾ ਹੈ, ਉਦੋਂ ਬੰਦੇ ਨੂੰ ਅਹਿਸਾਸ ਹੁੰਦਾ ਹੈ ਕਿ ਖਪਤਵਾਦ ਸਾਡੇ ਸਮਿਆਂ ਦਾ ਸਭ ਤੋਂ ਪਸੰਦੀਦਾ ਮਜ਼ਹਬ ਬਣ ਚੁੱਕਾ ਹੈ। ਫਿਰ ਵੀ ਮੈਨੂੰ ਤਾਂਘ ਰਹਿੰਦੀ ਹੈ ਕਿ ਘੱਟੋ-ਘੱਟ ਨਾਲ ਗੁਜ਼ਾਰਾ ਕੀਤਾ ਜਾਵੇ।

ਮੈਂ ਜਾਣਦਾ ਹਾਂ ਕਿ ਮੇਰੀ 'ਧੀਮੀ ਜ਼ਿੰਦਗੀ' ਜਾਂ 'ਘੱਟੋ-ਘੱਟ ਨਾਲ ਗੁਜ਼ਾਰੇ ਦੀ ਪਹੁੰਚ' ਨਾਲ ਮੇਰੇ ਆਲੇ-ਦੁਆਲੇ ਵਾਪਰ ਰਹੀਆਂ ਚੀਜ਼ਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ- ਜਲਵਾਯੂ ਆਫ਼ਤ ਦੇ ਸਾਫ਼ ਨਜ਼ਰ ਆਉਂਦੇ ਲੱਛਣ ਤੇ ਨਾਲ ਹੀ ਇਸ ਦੇ ਤਬਾਹਕੁਨ ਸਿੱਟੇ: ਗਰੀਨ ਹਾਊਸ ਗੈਸਾਂ ਦੀ ਲਗਾਤਾਰ ਨਿਕਾਸੀ ਨਾਲ ਔਸਤ ਆਲਮੀ ਤਾਪਮਾਨ 'ਚ 1.1-1.2 ਡਿਗਰੀ ਸੈਲਸੀਅਸ ਤੱਕ ਵਾਧੇ ਦਾ ਖ਼ਤਰਾ, ਪਿਘਲ ਰਹੇ ਗਲੇਸ਼ੀਅਰ, ਵਧਦੀ ਜਾ ਰਹੀ ਗਰਮੀ, ਵਾਰ-ਵਾਰ ਆ ਰਹੇ ਭਿਆਨਕ ਹੜ੍ਹ ਤੇ ਤੂਫਾਨ, ਜੰਗਲਾਂ ਨੂੰ ਸੁਆਹ ਕਰ ਰਹੀ ਅੱਗ ਤੇ ਮਨੁੱਖੀ ਜਾਨਾਂ ਦਾ ਨੁਕਸਾਨ।

ਸਾਨੂੰ ਬਹੁਤ ਵੱਡੇ ਪੱਧਰ 'ਤੇ ਢਾਂਚਾਗਤ ਤਬਦੀਲੀ ਲਈ ਕੋਸ਼ਿਸ਼ ਕਰਨ ਦੀ ਲੋੜ ਹੈ ਜਿਸ ਲਈ ਦੁਨੀਆ ਦੇ ਆਗੂਆਂ, ਨੀਤੀ ਘਾੜਿਆਂ ਤੇ ਕਾਰਪੋਰੇਟ ਵਰਗ ਨੂੰ ਇਤਿਹਾਸਕ ਪੈਰਿਸ ਸਮਝੌਤੇ ਨੂੰ ਗੰਭੀਰਤਾ ਨਾਲ ਲੈਣਾ ਪਏਗਾ ਅਤੇ ਵਿਕਾਸ ਤੇ ਆਰਥਿਕ ਤਰੱਕੀ ਦੇ ਤੌਰ-ਤਰੀਕੇ ਮੁੜ ਤੋਂ ਵਿਚਾਰਨੇ ਪੈਣਗੇ ਤਾਂ ਕਿ ਆਲਮੀ ਗਰੀਨਹਾਊਸ ਗੈਸ ਨਿਕਾਸੀ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕੇ ਪਰ ਕੋਈ ਵੀ ਵੱਡੀ ਕ੍ਰਾਂਤੀ ਉਦੋਂ ਤੱਕ ਨਹੀਂ ਹੋ ਸਕਦੀ ਜਦ ਤੱਕ ਤੁਹਾਡੇ ਤੇ ਮੇਰੇ ਵਰਗੇ ਲੋਕ ਵੀ ਕਾਰਬਨ ਨਿਕਾਸੀ ਘਟਾਉਣ ਲਈ ਆਪਣੀ ਜੀਵਨ ਸ਼ੈਲੀ ਵਿਚ ਤਬਦੀਲੀ ਨਹੀਂ ਕਰਦੇ, ਸਰਕਾਰ 'ਤੇ ਦਬਾਅ ਨਹੀਂ ਬਣਾਉਂਦੇ ਅਤੇ ਆਪਣੀ ਧਰਤੀ ਨੂੰ ਤਬਾਹੀ ਤੋਂ ਬਚਾਉਣ ਲਈ ਕੋਈ ਅੰਦੋਲਨ ਨਹੀਂ ਵਿੱਢਦੇ।

# ਜਗਜੀਤ ਸਿੰਘ ਸੋਹਲ: ਪੰਨਾ ਇੱਕ ਇਤਿਹਾਸ ਦਾ

*(ਪਿਛਲੇ ਸਫੇ ਦੀ ਬਾਕੀ)*

ਚੌਕਸੀ ਨਾਲ ਇਕੱਠੇ ਕੀਤੇ ਜਿਹਨਾਂ ਵਿਚ ਬਹੁਤੇ ਨੌਜਵਾਨ ਸਨ। ਰੁੱਖਾਂ ਦੇ ਟੰਬਿਆਂ ਅਤੇ ਸਰਕੜੇ ਨਾਲ ਛੱਤੇ ਬਾਬੂ ਕੇ ਛੱਪਰ 'ਚ ਜਗ ਰਹੀ ਲਾਲਟੈਣ ਦੇ ਮੱਧਮ ਚਾਨਣ 'ਚ ਵਿਛੀ ਪੱਟੀ 'ਤੇ ਬੈਠੇ ਮਜ਼ਦੂਰਾਂ ਕਿਸਾਨਾਂ ਨੂੰ ਇੱਕ-ਦੂਸਰੇ ਦੇ ਚਿਹਰੇ ਧੁੰਦਲੇ-ਧੁੰਦਲੇ ਦਿਸ ਰਹੇ ਸਨ। ਸੱਤਿਆਜੀਤ ਉਹਨਾਂ ਨੂੰ ਸੰਬੋਧਨ ਕਰਦਾ ਬੋਲਣ ਲੱਗਿਆ, "ਦੇਖੋ ਸਾਥੀਓ! ਇਹ ਤੁਸੀਂ ਵੀ ਜਾਣਦੇ ਹੋ ਕਿ ਥੋਡੇ ਪਿੰਡ ਵਾਲੇ ਜਗੀਰਦਾਰ ਕੋਲ ਜਿਹੜੀ ਏਸ ਪਿੰਡ ਵਿਚ ਅਤੇ ਰੱਕੜਾਂ ਪਿੰਡ ਵਿਚ ਹਜ਼ਾਰਾਂ ਘੁਮਾਂ ਜ਼ਮੀਨ ਹੈ, ਉਹ ਜ਼ਮੀਨ ਉਸ ਨੇ ਆਪਣੇ ਢਿੱਡੋਂ ਨਹੀਂ ਜੰਮੀ। ਨਾ ਹੀ ਜਗੀਰਦਾਰ ਦੇ ਪਿਉ-ਦਾਦੇ ਨੇ ਆਪਣੇ ਢਿੱਡੋਂ ਜੰਮੀ ਤੀ। ਥੋਡੇ ਵਿਚਲੇ ਸਿਆਣੀ ਉਮਰ ਦੇ ਸਾਥੀਆਂ ਨੂੰ ਸ਼ਾਇਦ ਪਤਾ ਹੋਵੇਗਾ ਕਿ ਅੰਗਰੇਜ਼ਾਂ ਨੇ ਇਸ ਜਗੀਰਦਾਰ ਦੇ ਪੜਦਾਦੇ ਦਾ ਇਹਨਾਂ ਦੋਵਾਂ ਪਿੰਡਾਂ ਦੀ ਜ਼ਮੀਨ 'ਤੇ ਕਬਜ਼ਾ ਕਰਵਾਇਆ ਤੀ ਕਿਉਂਕਿ ਜਗੀਰਦਾਰ ਦਾ ਪੜਦਾਦਾ ਅੰਗਰੇਜ਼ਾਂ ਦਾ ਪੱਕਾ ਝੋਲੀ-ਚੁੱਕ ਤੀ। ਅੰਗਰੇਜ਼ਾਂ ਨੂੰ ਆਪਣੇ ਦੇਸ਼ ਵਿਚੋਂ ਕੱਢਣ ਵਾਲੇ ਦੇਸ਼ਭਗਤਾਂ ਦੇ ਲਹੂ ਦਾ ਪਿਆਸਾ ਤੀ। ਏਸੇ ਕਰ ਕੇ ਅੰਗਰੇਜ਼ਾਂ ਨੇ ਉਸ ਨੂੰ ਦੋਵਾਂ ਪਿੰਡਾਂ ਦੀ ਜ਼ਮੀਨ ਬਖਸ਼ੀ ਤੀ। ਮੇਰੀ ਏਹ ਗੱਲ ਸੁਣ ਕੇ ਸ਼ਾਇਦ ਥੋਡੇ ਵਿਚੋਂ ਕਈ ਸਾਥੀਆਂ ਦੇ ਦਿਮਾਗ ਵਿਚ ਏਹ ਆਇਆ ਹੋਵੇ ਕਿ ਅੰਗਰੇਜ਼ ਤਾਂ ਸੰਨ ਸੰਤਾਲੀ ਵਿਚ ਚਲੇ ਗਏ ਤੀ, ਫੇਰ ਅੰਗਰੇਜ਼ਾਂ ਦੇ ਚਲੇ ਜਾਣ ਬਾਅਦ ਵੀ ਜ਼ਮੀਨ ਜਗੀਰਦਾਰ ਕੋਲ ਕਿਵੇਂ ਰਹਿ ਗਈ?... ਸਾਥੀਓ! ਅੰਗਰੇਜ਼ ਬਿਨਾਂ ਸ਼ੱਕ ਚਲੇ ਗਏ ਪਰ ਉਹ ਜਾਂਦੇ-ਜਾਂਦੇ ਭਾਰਤ ਦੇ ਰਾਜ ਦੀ ਵਾਗਡੋਰ ਭਾਰਤ ਵਿਚਲੇ ਆਪਣੇ ਝੋਲੀ-ਚੁੱਕ, ਇਸ ਜਗੀਰਦਾਰ ਵਰਗੇ ਜਗੀਰਦਾਰਾਂ ਅਤੇ ਟਾਟੇ-ਬਿਰਲੇ ਵਰਗੇ ਸਰਮਾਏਦਾਰਾਂ ਦੇ ਹੱਥ ਠੋਕੇ ਸਿਆਸੀ ਲੀਡਰਾਂ ਦੇ ਹੱਥ ਦੇ ਕੇ ਗਏ ਤੀ। ਏਸੇ ਕਰ ਕੇ ਅੱਜ ਵੀ ਏਹ ਲੁਟੇਰੇ ਭਾਰਤ ਦੀ ਜ਼ਮੀਨ ਅਤੇ ਸਨਅਤ ਦੇ ਬਹੁਤ ਵੱਡੇ ਹਿੱਸੇ ਉੱਤੇ ਕਾਬਜ਼ ਨੇ।"

ਸਰੋਤਿਆਂ 'ਚ ਸ਼ਾਮਲ ਹਕੀਮਾਂ ਦੇ ਇੱਕ ਖੇਤ ਮਜ਼ਦੂਰ ਪਰਿਵਾਰ ਨਾਲ ਸਬੰਧਿਤ ਰਿਟਾਇਰਡ ਸੂਬੇਦਾਰ ਦੇ ਪੜ੍ਹੇ-ਲਿਖੇ ਮੁੰਡੇ ਬਿਹਾਰੇ ਨੇ ਸੱਤਿਆਜੀਤ ਦੀ ਚੱਲਦੀ ਗੱਲ ਦੇ ਵਿਚਦੀ ਬੋਲਦਿਆਂ ਸਵਾਲ ਕੀਤਾ, "ਕਾਮਰੇਡ ਜੀ! ਹੁਣ ਤਾਂ ਵੋਟਾਂ ਦਾ ਰਾਜ ਐ? ਗਰੀਬ-ਅਮੀਰ ਵੋਟਾਂ ਨਾਲ ਸਰਕਾਰ ਬਣਾਉਂਦੇ ਐ।"

"ਸਾਥੀ! ਬਿਹਾਰੇ ਨੂੰ ਰਾਜ ਅਤੇ ਸਰਕਾਰ ਦਾ ਫਰਕ ਸਮਝਾਉ।" ਦਲੀਪ ਨੇ ਬਿਹਾਰੇ ਦੀ ਗੱਲ ਸੁਣ ਕੇ ਸੱਤਿਆਜੀਤ ਨੂੰ ਸੁਝਾਅ ਦਿੱਤਾ। ਸਰੋਤਿਆਂ ਵਿਚੋਂ ਕਈਆਂ ਹੋਰਾਂ ਨੇ ਵੀ ਰਾਜ ਅਤੇ ਸਰਕਾਰ ਦੇ ਫਰਕ ਨੂੰ ਸਮਝਣ ਦੀ ਮੰਗ ਰੱਖੀ। ਸੱਤਿਆਜੀਤ ਉਹਨਾਂ ਵੱਲੋਂ ਰੱਖੀ ਮੰਗ ਪੂਰੀ ਕਰਨ ਲਈ ਬੋਲਣ ਲੱਗਿਆ, "ਦੇਖੋ ਸਾਥੀਓ! ਰਾਜ ਅਤੇ ਸਰਕਾਰ ਇੱਕੋ ਚੀਜ਼ ਨਹੀਂ। ਦੋ ਚੀਜ਼ਾਂ ਨੇ। ਰਾਜ ਦਾ ਅਰਥ ਉਹ ਡੰਡਾ ਹੈ ਜਿਹੜੇ ਡੰਡੇ ਰਾਹੀਂ ਜਗੀਰਦਾਰ ਜ਼ਮੀਨ ਦੇ ਵੱਡੇ ਹਿੱਸੇ ਉੱਤੇ ਕਾਬਜ਼ ਹੁੰਦੇ ਹਨ। ਸਰਮਾਏਦਾਰ ਸਨਅਤ ਦੇ ਵੱਡੇ ਹਿੱਸੇ ਉੱਤੇ ਕਾਬਜ਼ ਹਨ। ਜਗੀਰਦਾਰ, ਸਰਮਾਏਦਾਰ ਅਤੇ ਦੁਨੀਆ ਦੇ ਵੱਡੇ ਲੁਟੇਰੇ ਰਲ-ਮਿਲ ਕੇ ਖੇਤਾਂ ਅਤੇ ਕਾਰਖਾਨਿਆਂ ਵਿਚ ਕੰਮ ਕਰਨ ਵਾਲੇ ਕਾਮਿਆਂ ਵੱਲੋਂ ਕੀਤੀ ਜਾਂਦੀ ਕਮਾਈ ਦਾ ਵੱਡਾ ਹਿੱਸਾ ਲੁੱਟ ਲੈਂਦੇ ਹਨ। ਲੁੱਟੇ ਜਾਣ ਵਾਲੇ ਗਰੀਬ ਬਣ ਜਾਂਦੇ ਹਨ। ਲੁੱਟਣ ਵਾਲੇ ਇਹ ਲੁਟੇਰੇ ਅਮੀਰ ਬਣ ਜਾਂਦੇ ਹਨ। ਜਦ ਰਾਜ ਦਾ ਡੰਡਾ ਲੁਟੇਰੇ ਜਗੀਰਦਾਰਾਂ, ਸਰਮਾਏਦਾਰਾਂ ਅਤੇ ਸਾਮਰਾਜੀਆਂ ਦੇ ਹੱਥ ਵਿਚ ਹੁੰਦਾ ਹੈ ਤਾਂ ਗਰੀਬ ਅਮੀਰ ਵਿਚਲਾ ਪਾੜਾ ਵਧਦਾ ਤੁਰਿਆ ਜਾਂਦਾ ਹੈ...।"

"ਰਾਜ ਵਿਚ ਕੀ ਕੁਝ ਆਉਂਦੈ? ਕਾਮਰੇਡ ਹੁਣ ਏਹ ਵੀ ਦੱਸੋ?" ਦਲੀਪ ਨੇ ਸੱਤਿਆਜੀਤ ਦੀ ਚੱਲਦੀ ਗੱਲ ਦੇ ਵਿਚਦੀ ਬੋਲਦਿਆਂ ਕਿਹਾ। ਸੱਤਿਆਜੀਤ ਰਾਜ ਦੀ ਬਣਤਰ ਬਾਰੇ ਦੱਸਣ ਲੱਗਿਆ, "... ਰਾਜ ਵਿਚ ਸਾਥੀਓ ਪੁਲਿਸ, ਫੌਜ, ਅਦਾਲਤਾਂ, ਵਗੈਰਾ-ਵਗੈਰਾ ਚੀਜ਼ਾਂ ਸ਼ਾਮਲ ਨੇ। ਆਪਾਂ ਸਾਰੇ ਜਾਣਦੇ ਆਂ ਕਿ ਪੁਲਿਸ ਦੇ ਸਿਪਾਹੀ, ਫੌਜ ਦੇ ਜਵਾਨਾਂ ਅਤੇ ਅਦਾਲਤਾਂ ਦੇ ਜੱਜਾਂ ਦੀ ਚੋਣ ਲੋਕ ਵੋਟਾਂ ਰਾਹੀਂ ਨਹੀਂ ਕਰਦੇ। ਇਹਨਾਂ ਦੀ ਚੋਣ ਤਾਂ ਪੁਲਿਸ, ਫੌਜ ਅਤੇ ਅਦਾਲਤਾਂ ਦੇ ਵੱਡੇ ਅਫਸਰ ਹੀ ਕਰਦੇ ਹਨ। ਉਹ ਵੱਡੇ ਅਫਸਰ ਜਗੀਰਦਾਰਾਂ ਅਤੇ ਸਰਮਾਏਦਾਰਾਂ ਦੇ ਧੀਆਂ-ਪੁੱਤਰ ਹੀ ਹੁੰਦੇ ਹਨ। ਕਿਰਤੀ ਕਾਮਿਆਂ ਕੋਲ ਪੈਸੇ-ਧੇਲੇ ਪੱਖੋਂ ਇੰਨੀ ਗੁੰਜਾਇਸ਼ ਨਹੀਂ ਹੁੰਦੀ ਕਿ ਉਹ ਆਪਣੇ ਮੁੰਡੇ-ਕੁੜੀਆਂ ਨੂੰ ਜ਼ਿਆਦਾ ਪੜ੍ਹਾ-ਲਿਖਾ ਕੇ, ਵੱਡੇ-ਵੱਡੇ ਅਫਸਰ ਬਣਾ ਸਕਣ। ਸਿਪਾਹੀਆਂ, ਫੌਜੀਆਂ ਅਤੇ ਜੱਜਾਂ ਵਗੈਰਾ ਨੂੰ ਭਰਤੀ ਕਰਨ ਵਾਲੇ ਵੱਡੇ ਅਫਸਰ ਤਾਂ ਸਾਥੀਓ! ਜਗੀਰਦਾਰਾਂ ਸਰਮਾਏਦਾਰਾਂ ਦੇ ਮੁੰਡੇ-ਕੁੜੀਆਂ ਹੀ ਬਣਦੇ ਐ। ਫੇਰ ਇਹ ਵੱਡੇ ਅਫਸਰਾਂ ਦਾ ਟੋਲਾ ਆਪਣੀਆਂ ਅਤੇ ਆਪਣੇ ਸਕੇ-ਸਬੰਧੀਆਂ ਦੀ ਮਾਲਕੀ ਹੇਠਲੀ ਜ਼ਮੀਨ-ਜਾਇਦਾਦਾਂ ਅਤੇ ਕਾਰਖਾਨਿਆਂ ਵਗੈਰਾ ਦੀ ਰਾਖੀ ਕਰਦੈ...।"

"ਤੇ ਬਾਈ ਜੀ! ਸਰਕਾਰ ਕੀ ਹੁੰਦੀ ਐ?" ਪੂਰੇ ਧਿਆਨ ਨਾਲ ਸੱਤਿਆਜੀਤ ਦੀ ਗੱਲ ਸੁਣ ਰਹੇ ਸਰੋਤਿਆਂ ਵਿਚੋਂ ਇੱਕ ਗੱਭਰੂ ਨੇ ਪੁੱਛਿਆ। ਸੱਤਿਆਜੀਤ ਉਸ ਗੱਭਰੂ ਵਲੋਂ ਕੀਤੇ ਸਵਾਲ ਦੇ ਜਵਾਬ ਵਿਚ ਬੋਲਣ ਲੱਗਿਆ, "ਸਾਥੀਆ! ਸਰਕਾਰ ਵੋਟਾਂ ਰਾਹੀਂ ਚੁਣੇ ਜਾਣ ਵਾਲੇ ਐਮ.ਐਲਇਆਂ ਅਤੇ ਐਮ.ਪੀਆਂ ਰਾਹੀਂ ਚੁਣੀ ਜਾਂਦੀ ਹੈ ਜਿਹੜੀ ਪੰਜ ਸਾਲਾਂ ਬਾਅਦ ਬਦਲਦੀ ਰਹਿੰਦੀ ਐ।"

"ਕਾਮਰੇਡ ਜੀ! ਰਾਖਵਾਂਕਰਨ ਕਰ ਕੇ ਤਾਂ ਗਰੀਬਾਂ ਵਿਚੋਂ ਵੀ ਐਮ.ਐਲ.ਏ., ਐਮ.ਪੀ. ਚੁਣੇ ਜਾਂਦੇ ਨੇ।" ਬਿਹਾਰੇ ਨੇ ਸੱਤਿਆਜੀਤ ਦੀ ਗੱਲ ਦੇ ਵਿਚਦੀ ਬੋਲਦਿਆਂ ਟਿੱਪਣੀ ਕੀਤੀ। ਉਹ ਉਸ ਵੱਲੋਂ ਕੀਤੀ ਟਿੱਪਣੀ ਨੂੰ ਰੱਦ ਕਰਨ ਲੱਗਿਆ, "... ਸਾਥੀ! ਰਾਖਵੇਂਕਰਨ ਰਾਹੀਂ ਚੁਣੇ ਗਏ ਦਲਿਤ ਅਸੈਂਬਲੀ ਔਰ ਪਾਰਲੀਮੈਂਟ ਵਿਚ ਅਸਰਦਾਰ ਭੂਮਿਕਾ ਨਿਭਾਉਣ ਤੋਂ ਅਸਮਰੱਥ ਹੁੰਦੇ ਨੇ ਕਿਉਂਕਿ ਇੱਕ ਤਾਂ ਰਾਖਵਾਂਕਰਨ ਰਾਹੀਂ ਚੁਣੇ ਜਾਣ ਵਾਲੇ ਐਮ.ਐਲਇਆਂ ਅਤੇ ਐਮ.ਪੀਆਂ ਦੀ ਗਿਣਤੀ ਆਟੇ ਵਿਚ ਲੂਣ ਜਿੰਨੀ ਹੁੰਦੀ ਐ। ਇੱਕ ਉਹ ਜਗੀਰਦਾਰਾਂ ਸਰਮਾਏਦਾਰਾਂ ਦੀਆਂ ਸਿਆਸੀ ਪਾਰਟੀਆਂ ਦੀ ਟਿਕਟ ਅਤੇ ਸਪੋਰਟ ਨਾਲ ਐਮ.ਐਲ.ਏ., ਐਮ.ਪੀ. ਬਣੇ ਹੁੰਦੇ ਨੇ। ਏਸ ਲਈ ਉਹ ਉਹਨਾਂ ਪਾਰਟੀਆਂ ਤੋਂ ਇੱਕ ਇੰਚ ਵੀ ਬਾਹਰ ਹੋ ਕੇ ਨਹੀਂ ਚੱਲ ਸਕਦੇ।"

"ਬਾਈ ਦੀ ਬਾਤ ਬਿਹਾਰਿਆ ਸੋਲਾਂ ਆਨੇ ਖਰੀ ਐ।" ਇੱਕ ਸਰੋਤਾ ਸੱਤਿਆਜੀਤ ਦੀ ਗੱਲ ਦੀ ਹਮਾਇਤ ਵਿਚ ਬੋਲਦਾ ਬਿਹਾਰੇ ਨੂੰ ਕਹਿਣ ਲੱਗਿਆ, "... ਰਿਜ਼ਰਵੇਸ਼ਨ ਨਾਲ ਚੁਣੇ ਜਾਂਦੇ ਰਹੇ ਐਮ.ਐਲ.ਏ. ਔਰ ਐਮ.ਪੀ. ਹਾਲੇ ਤੱਕ ਜ਼ਮੀਨ ਹੱਦਬੰਦੀ ਦੇ ਕਨੂੰਨਾਂ ਨੂੰ ਤਾਂ ਲਾਗੂ ਕਰਵਾ ਨਹੀਂ ਸਕੇ। ਜ਼ਮੀਨ ਹੱਦਬੰਦੀ ਦੇ ਅਠਾਰਾਂ ਸਟੈਂਡਰਡ ਏਕੜ ਕਨੂੰਨ ਦੇ ਬਾਵਜੂਦ ਇਹ ਜਗੀਰਦਾਰ ਹਜ਼ਾਰਾਂ-ਹਜ਼ਾਰਾਂ ਏਕੜ ਜ਼ਮੀਨ ਰੱਖੀ ਬੈਠੇ ਨੇ।"

"ਭਰਾਵੋ! ਬਿਹਾਰਾ ਤਾਂ ਪੜ੍ਹ-ਲਿਖ ਕੇ ਵੀ ਬੁਧੂ ਐ... ਏਹਨੂੰ ਏਹ ਨੀ ਪਤਾ.. ਕਿ ਜ਼ਮੀਨ ਦੀ ਵੱਟ ਪਿੱਛੇ ਤਾਂ ਸਿਰ ਪਾਟ ਜਾਂਦੇ ਐ। ਬਿਨਾਂ ਡਾਂਗ ਤੋਂ ਕਿਹੜਾ ਬੇਜ਼ਮੀਨਿਆਂ ਨੂੰ ਮੁਰੱਬੇ ਦੇਦੂ।"

"ਏਸ ਸਾਥੀ ਦਾ ਕਹਿਣਾ ਸਾਥੀਓ ਪੂਰਾ ਠੀਕ ਐ", ਸੱਤਿਆਜੀਤ ਆਪਣੇ ਤੋਂ ਪਹਿਲਾਂ ਬੋਲਣ ਵਾਲੇ ਸਰੋਤੇ ਦੀ ਗੱਲ ਨੂੰ ਆਧਾਰ ਬਣਾ ਕੇ ਜ਼ਮੀਨੀ ਇਨਕਲਾਬ ਦੀ ਰਾਜਨੀਤੀ ਦੱਸਣ ਲੱਗਿਆ। ਇਸ ਰਾਜਨੀਤੀ ਬਾਰੇ ਦੱਸਦਿਆਂ-ਦੱਸਦਿਆਂ ਉਸ ਨੇ ਉਹਨਾਂ ਨੂੰ ਨਕਸਲਬਾੜੀ ਦੇ ਜ਼ਮੀਨੀ ਘੋਲ ਬਾਰੇ ਖੋਲ੍ਹ ਕੇ ਦੱਸਣਾ ਸ਼ੁਰੂ ਕੀਤਾ। ਉਸ ਦੀਆਂ ਗੱਲਾਂ ਦਾ ਸਰੋਤਿਆਂ ਦੇ ਮਨਾਂ 'ਤੇ ਹੋ ਰਹਿਆ ਪ੍ਰਤੀਕਰਮ ਉਹਨਾਂ ਦੇ ਚਿਹਰਿਆਂ 'ਤੇ ਸਪਸ਼ਟ ਨਜ਼ਰ ਆ ਰਿਹਾ ਸੀ। ਬਹੁਤੇ ਸਰੋਤਿਆਂ ਦੇ ਚਿਹਰੇ ਜੋਸ਼ ਅਤੇ ਹੌਸਲੇ ਦੇ ਮਿਸ਼ਰਨ ਨਾਲ ਦਗ-ਦਗ ਕਰਨ ਲੱਗ ਪਏ ਸਨ। ਕਈਆਂ ਦੇ ਚਿਹਰਿਆਂ 'ਤੇ ਗੰਭੀਰਤਾ ਸੀ। ਡਰ ਇੱਕ-ਦੁੱਕਾ ਦੇ ਚਿਹਰਿਆਂ ਉੱਤੇ ਸੀ।

ਸੱਤਿਆਜੀਤ ਵਲੋਂ ਪੰਦਰਾਂ-ਵੀਹਾਂ ਦਿਨਾਂ ਦੇ ਵਕਫੇ ਨਾਲ ਕਰਵਾਈਆਂ ਜਾਣ ਵਾਲੀਆਂ ਮੀਟਿੰਗਾਂ ਵਿਚ ਸ਼ਾਮਿਲ ਹੋਣ ਵਾਲਿਆਂ ਦੀ ਗਿਣਤੀ ਵਧਦੀ ਗਈ। ਇੱਕ ਮੀਟਿੰਗ ਵਿਚ ਸੱਤਿਆਜੀਤ ਨੇ ਬਠਿੰਡਾ ਜ਼ਿਲ੍ਹੇ ਵਿਚਲੇ ਭੀਖੀ ਕਸਬੇ ਦੇ ਇੱਕ ਲਾਲੇ ਦੀ ਮਕਾਉਂ ਪਿੰਡ ਨੇੜਲੀ ਜ਼ਮੀਨ ਉੱਤੇ ਪੰਜਾਬ ਦੇ ਨਕਸਬਾੜੀਆਂ ਦੀ ਕੁਆਰਡੀਨੇਸ਼ਨ ਕਮੇਟੀ ਦੀ ਅਗਵਾਈ ਹੇਠ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਵਲੋਂ ਝੁਲਾਏ ਗਏ ਝੰਡੇ ਅਤੇ ਚਲਾਏ ਗਏ ਹਲਾਂ ਵਾਲੇ ਘੋਲ ਦੀ ਰਿਪੋਰਟ ਕੀਤੀ। ਰਿਪੋਰਟ ਉਸ ਨੇ ਇੰਨੇ ਉਤਸ਼ਾਹ ਅਤੇ ਜੋਸ਼ ਨਾਲ ਕੀਤੀ ਕਿ ਮੀਟਿੰਗ ਵਿਚ ਹਾਜ਼ਰ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੇ ਵੱਡੇ ਹਿੱਸੇ ਦਾ ਜੋਸ਼ ਠਾਠਾਂ ਮਾਰਨ ਲੱਗਿਆ। ਜਗੀਰਦਾਰ ਦੀ ਹਕੀਮਾਂ ਪਿੰਡ ਵਿਚਲੀ ਜ਼ਮੀਨ ਉੱਤੇ ਕਬਜ਼ਾ ਕਰਨ ਲਈ ਉਸ ਲੜਾਕੂ ਹਿੱਸੇ ਦੇ ਡੌਲੇ ਫਰਕਣ ਲੱਗੇ। ਸੱਤਿਆਜੀਤ, ਨਾਜ਼ਮ ਅਤੇ ਨਿਰੰਜਨ ਸਿੰਘ ਅਕਾਲੀ ਹੋਰਾਂ ਦੀ ਅਗਵਾਈ ਹੇਠ ਕਬਜ਼ਾ ਕਰਨ ਦੀ ਠੋਸ ਵਿਉਂਤ ਉਲੀਕੀ ਗਈ।

ਕਬਜ਼ਾ ਕਰਨ ਵਾਲੇ ਦਿਨ ਉਲੀਕੀ ਵਿਉਂਤ ਅਨੁਸਾਰ ਬਾਬੂ ਸਿੰਘ ਅਤੇ ਦਲੀਪ ਸਿੰਘ ਝੰਡੇ ਚੁੱਕ ਕੇ ਸੈਂਕੜੇ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੇ ਹਜੂਮ ਦੇ ਮੂਹਰੇ ਲੱਗੇ। ਸੱਤਿਆਜੀਤ, ਨਾਜ਼ਮ, ਗੁਰਜੀਤ, ਨਿਰੰਜਨ ਅਕਾਲੀ, ਉਜਾਗਰ ਮਾਹਮਦਪੁਰ ਅਤੇ ਕਈ ਹੋਰ ਰੂਪੋਸ਼ ਕਾਮਰੇਡ ਹਥਿਆਰਾਂ ਨਾਲ ਲੈਸ ਹੋ ਕੇ ਕੂਚ ਕਰ ਰਹੇ ਕਿਰਤੀ ਕਾਮਿਆਂ ਦੇ ਹਜੂਮ ਦੀ ਰਾਖੀ ਲਈ ਉਸ ਹਜੂਮ ਦੇ ਆਸੇ-ਪਾਸੇ ਤੁਰਨ ਲੱਗੇ। ਢੋਲ ਦੀ ਦੈਂਗੜ-ਦੈਂਗੜ ਅਤੇ ਨਾਅਰਿਆਂ ਦੀ ਗੂੰਜ ਨੇ ਜਗੀਰਦਾਰ ਦੀ ਜ਼ਮੀਨ ਵਿਚਲੀ ਕੋਠੀ ਵਿਚ ਰਹਿੰਦੇ ਮੁਖਤਿਆਰ ਨੂੰ ਕਾਂਬਾ ਛੇੜਿਆ। ਉਹ ਹਜੂਮ ਦੇ ਜ਼ਮੀਨ ਵਿਚ ਪਹੁੰਚਣ ਤੋਂ ਪਹਿਲਾਂ ਹੀ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਫ਼ਸਲਾਂ ਵਿਚਦੀ ਵਹੁਵੀਟ ਗਿਆ। ਕਾਮਿਆਂ ਵੱਲੋਂ ਜ਼ਮੀਨ ਵਿਚਲੇ ਕਿੱਕਰ ਦੇ ਰੁੱਖ ਉੱਤੇ ਲਾਲ ਝੰਡਾ ਲਹਿਰਾਇਆ ਗਿਆ। ਤੂੜੀ ਵਾਲੇ ਕੁੱਪ ਨੂੰ ਅੱਗ ਲਾਈ ਗਈ। ਖਾਲੀ ਪਈ ਜ਼ਮੀਨ ਵਿਚ ਬੈਲਾਂ ਅਤੇ ਊਠਾਂ ਨਾਲ ਜੁਝਾਰੂਆਂ ਵੱਲੋਂ ਹਲ ਚਲਾਉਣੇ ਸ਼ੁਰੂ ਕੀਤੇ ਗਏ। ਢੋਲ ਦੀ ਦੈਂਗੜ-ਦੈਂਗੜ ਅਤੇ 'ਜ਼ਮੀਨ ਹਲਵਾਹਕ ਦੀ' ਨਾਅਰਿਆਂ ਦੀ ਗੂੰਜ ਦੂਰ-ਦੂਰ ਤੱਕ ਫੈਲਣ ਲੱਗ ਪਈ ਸੀ।

ਇਹ ਸਾਰਾ ਕੁਝ ਹੋਣ ਦੇ ਬਾਵਜੂਦ ਕੁਝ ਦਿਨ ਜਗੀਰਦਾਰ ਦੇ ਕਿਸੇ ਬੰਦੇ ਅਤੇ ਰਾਜ ਦੇ ਕਿਸੇ ਅਫਸਰ ਵਲੋਂ ਕੋਈ ਕਾਰਵਾਈ ਨਾ ਕੀਤੀ ਗਈ ਪਰ ਹਫਤੇ ਬਾਅਦ ਪੁਲਿਸ ਨੇ ਬਾਬੂ ਅਤੇ ਦਲੀਪ ਹੋਰਾਂ ਦੇ ਘਰਾਂ ਨੂੰ ਆ ਘੇਰਿਆ। ਉਹ ਘਰ ਨਾ ਹੋਣ ਕਾਰਨ ਪੁਲਿਸ ਦੇ ਹੱਥ ਆਉਣ ਬਚ ਗਏ ਅਤੇ ਆਥਣ-ਉਗਣ ਪੈਣ ਲੱਗੇ ਪੁਲਿਸ ਛਾਪਿਆਂ ਕਾਰਨ ਉਹ ਰੂਪੋਸ਼ ਹੋ ਗਏ। ਸੱਤਿਆਜੀਤ, ਨਾਜ਼ਮ, ਗੁਰਜੀਤ, ਨਿਰੰਜਨ ਅਕਾਲੀ ਅਤੇ ਉਜਾਗਰ ਮਾਹਮਦਪੁਰ ਹੋਰੀਂ ਪਹਿਲਾਂ ਹੀ ਰੂਪੋਸ਼ ਹੋ ਕੇ ਕੁਲਵਕਤੀ ਬਣੇ ਹੋਏ ਸਨ। ਜਗੀਰਦਾਰ ਅਤੇ ਉਸ ਦੇ ਮੁਖਤਿਆਰ ਨੇ ਖੁਫੀਆ ਵਿਭਾਗ ਦੇ ਸੁਝਾਅ ਨੂੰ ਮੰਨਦਿਆਂ ਹਕੀਮਾਂ ਪਿੰਡ ਵਿਚ ਪਹਿਲਾਂ ਤੋਂ ਹੀ ਆਉਣਾ ਬੰਦ ਕੀਤਾ ਹੋਇਆ ਸੀ। ਸੱਤਿਆਜੀਤ ਅਤੇ ਦੂਸਰੇ ਹੋਰ ਰੂਪੋਸ਼ ਨਕਸਲੀ ਕਾਮਰੇਡਾਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਨੇ ਇਲਾਕੇ ਦੇ ਪਿੰਡਾਂ ਵਿਚਲੇ ਪਾਰਟੀ ਟਿਕਾਣਿਆਂ 'ਤੇ ਛਾਪੇ ਮਾਰਨ ਦੀ ਚਲਾਈ ਹੋਈ ਮੁਹਿੰਮ ਤੇਜ਼ ਕੀਤੀ। ਜਗੀਰਦਾਰ ਦੇ ਹਕੀਮਾਂ ਪਿੰਡ ਵਿਚਲੇ ਖੇਤੀ ਫਾਰਮ ਵਿਚਲੀ ਕੋਠੀ ਵਿਚ ਗੋਲੇ ਕਬੂਤਰ ਪਹਿਲਾਂ ਤੋਂ ਹੀ ਬੋਲਣ ਲੱਗੇ ਹੋਏ ਸਨ।

# ਬਲੋਚਿਸਤਾਨ ਦਾ ਸੰਤਾਪਿਆ ਵਜੂਦ

***ਖੇਤਰਫਲ ਪੱਖੋਂ ਪਾਕਿਸਤਾਨ ਦੇ ਸਭ ਤੋਂ ਵੱਡੇ ਸੂਬੇ ਬਲੋਚਿਸਤਾਨ ਵਿਚ ਵੱਖਰੇ ਮੁਲਕ ਲਈ ਸੰਘਰਸ਼ 1948 ਤੋਂ ਚੱਲ ਰਿਹਾ ਹੈ। ਪਿਛਲੇ ਸਾਢੇ ਸੱਤ ਦਹਾਕਿਆਂ ਦੌਰਾਨ ਬਹੁਤ ਸਾਰੇ ਉਤਰਾਅ-ਚੜ੍ਹਾਅ ਆਏ ਪਰ ਆਪਣੀ ਬਹਾਦਰੀ ਲਈ ਮਸ਼ਹੂਰ ਬਲੋਚਾਂ ਨੇ ਵੱਖ-ਵੱਖ ਸਮਿਆਂ ਦੌਰਾਨ ਪਾਕਿਸਤਾਨੀ ਹਕੂਮਤਾਂ ਦੇ ਨੱਕ ਵਿਚ ਦਮ ਕਰੀ ਰੱਖਿਆ ਹੈ। ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਆਪਣੇ ਇਸ ਲੇਖ ਵਿਚ ਬਲੋਚਾਂ ਦੇ ਸੰਘਰਸ਼ਾਂ ਦੇ ਬਹੁਤ ਸਾਰੇ ਦਿਲਚਸਪ ਪੱਖ ਉਘਾੜੇ ਹਨ।***



**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**




*(1. ਬਲੋਚਿਸਤਾਨ ਦੀ ਆਜ਼ਾਦੀ ਲਈ ਕੀਤੇ ਜਾ ਰਹੇ ਮੁਜ਼ਾਹਰੇ ਦੀ ਤਸਵੀਰ। (2. ਬਲੋਚਿਸਤਾਨ ਦੀ ਇਕ ਵਾਦੀ ਦਾ ਸੋਹਣਾ ਨਜ਼ਾਰਾ।*

ਮੁਝੇ ਜੰਗ-ਇ-ਆਜ਼ਾਦੀ ਕਾ ਮਜ਼ਾ ਮਾਲੂਮ ਹੈ
ਬਲੋਚੋਂ ਪਰ ਜ਼ੁਲਮ ਕੀ ਇੰਤਹਾ ਮਾਲੂਮ ਹੈ
ਮੁਝੇ ਜ਼ਿੰਦਗੀ ਭਰ ਪਾਕਿਸਤਾਨ ਮੇਂ ਜੀਨੇ ਕੀ ਦੁਆ ਨਾ ਦੋ
ਮੁਝੇ ਪਾਕਿਸਤਾਨ ਮੇਂ ਸਾਠ ਸਾਲ ਜੀਨੇ ਕੀ ਸਜ਼ਾ ਮਾਲੂਮ ਹੈ

ਖੱਬੇ ਪੱਖੀ ਇਨਕਲਾਬੀ ਸ਼ਾਇਰ ਹਬੀਬ ਜਾਲਿਬ (1928-1993) ਦੇ ਉਪਰੋਕਤ ਅਲਫ਼ਾਜ਼ ਪਾਕਿਸਤਾਨ ਵਿਚ ਬਲੋਚਾਂ ਦੀ ਦੁਰਦਸ਼ਾ ਬਾਖ਼ੂਬੀ ਬਿਆਨ ਕਰਦੇ ਹਨ। ਕਮਾਲ ਦੀ ਗੱਲ ਇਹ ਹੈ ਕਿ ਉਹ ਬਲੋਚ ਨਹੀਂ ਸੀ, ਪੰਜਾਬੀ ਸੀ: ਜੰਮਪਲ ਹੁਸ਼ਿਆਰਪੁਰ ਦਾ, ਇੰਤਕਾਲ ਲਾਹੌਰ ਵਿਚ। ਪਰ ਇਨਕਲਾਬੀ ਤੇ ਇਖ਼ਲਾਕਪ੍ਰਸਤ ਹੋਣ ਕਾਰਨ ਉਸ ਨੇ ਕੈਦਾਂ ਕਈ ਕੱਟੀਆਂ। ਢਾਈ ਸਾਲ ਕੋਇਟਾ (ਬਲੋਚ ਰਾਜਧਾਨੀ) ਜੇਲ੍ਹ ਵਿਚ ਵੀ ਕੈਦ ਰਿਹਾ। ਉਸ ਕੈਦ ਦੌਰਾਨ ਉਸ ਨੇ ਬਲੋਚਾਂ ਦੇ ਹਸ਼ਰ ਬਾਰੇ ਜੋ ਕੁਝ ਜਾਣਿਆ-ਸੁਣਿਆ, ਉਸ ਨੇ ਉਸ ਨੂੰ ਬਲੋਚ ਸੰਘਰਸ਼ ਦਾ ਤਰਜਮਾਨ ਬਣਾ ਦਿੱਤਾ।

ਬਲੋਚ ਸੰਘਰਸ਼ 1948 ਤੋਂ ਜਾਰੀ ਹੈ। ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਤੋਂ 227 ਦਿਨ ਬਾਅਦ ਸ਼ੁਰੂ ਹੋਇਆ ਸੀ ਇਹ ਸੰਘਰਸ਼। 227 ਦਿਨ ਕਲਾਤ ਰਿਆਸਤ (ਬਲੋਚਿਸਤਾਨ ਦਾ ਉਸ ਸਮੇਂ ਦਾ ਨਾਮ) 'ਆਜ਼ਾਦ' ਮੁਲਕ ਵਜੋਂ ਕੰਮ ਕਰਦੀ ਰਹੀ। ਕਰਾਚੀ ਸੀ ਉਸ ਸਮੇਂ ਨਵ-ਸਥਾਪਿਤ ਪਾਕਿਸਤਾਨ ਦੀ ਰਾਜਧਾਨੀ। ਉੱਥੇ ਕਲਾਤ ਨੇ ਵੀ ਆਪਣਾ ਦੂਤਘਰ ਸਥਾਪਿਤ ਕੀਤਾ ਜਿੱਥੇ ਉਸ 'ਮੁਲਕ' ਦਾ ਆਪਣਾ ਝੰਡਾ ਕਈ ਮਹੀਨਿਆਂ ਤਕ ਝੁੱਲਦਾ ਰਿਹਾ। ਪਰ 27 ਮਾਰਚ 1948 ਨੂੰ ਪਾਕਿਸਤਾਨੀ ਫ਼ੌਜ ਨੇ ਕਲਾਤ ਉੱਤੇ ਚੜ੍ਹਾਈ ਕਰ ਦਿੱਤੀ। ਅਗਲੇ ਦਿਨ ਕਲਾਤ ਦੇ ਖ਼ਾਨ (ਮਹਾਰਾਜਾ) ਨੇ ਪਾਕਿਸਤਾਨ ਨਾਲ ਰਲੇਵੇਂ ਦੇ ਅਹਿਦ ਉੱਤੇ ਦਸਤਖ਼ਤ ਕਰ ਦਿੱਤੇ ਤਾਂ ਜੋ ਰਿਆਸਤ ਨੂੰ ਬੇਲੋੜੇ ਖ਼ੂਨ-ਖਰਾਬੇ ਤੋਂ ਬਚਾਇਆ ਜਾ ਸਕੇ। ਭੂਗੋਲਿਕ ਤੌਰ 'ਤੇ ਰਲੇਵਾਂ ਤਾਂ ਹੋ ਗਿਆ, ਪਰ ਦਿਲ ਨਹੀਂ ਜੁੜੇ। ਬਲੋਚਾਂ ਨੇ ਪਾਕਿਸਤਾਨੀਆਂ ਨੂੰ ਦਿਲੋਂ ਸਵੀਕਾਰ ਨਹੀਂ ਕੀਤਾ। ਹਥਿਆਰਬੰਦ ਸੰਘਰਸ਼ ਸ਼ੁਰੂ ਹੋ ਗਿਆ ਜੋ ਹੁਣ ਤੱਕ ਨਾ ਸਿਰਫ਼ ਜਾਰੀ ਹੈ ਸਗੋਂ ਹੁਣ ਵੱਧ ਖ਼ੂਨੀ ਹੁੰਦਾ ਜਾ ਰਿਹਾ ਹੈ। ਸਰਕਾਰੀ ਅੰਕੜੇ ਦੱਸਦੇ ਹਨ ਕਿ ਇਸ ਸਾਲ 11 ਨਵੰਬਰ ਤੱਕ ਬਲੋਚ ਇੰਤਹਾਪਸੰਦਾਂ ਨੇ ਬਲੋਚਿਸਤਾਨ ਤੇ ਨਾਲ ਲਗਦੇ ਸਿੰਧ ਸੂਬੇ ਵਿਚ 723 ਸੁਰੱਖਿਆ ਕਰਮੀ ਤੇ ਹੋਰ ਲੋਕ ਮਾਰੇ। ਸੁਰੱਖਿਆ ਬਲਾਂ, ਖ਼ਾਸ ਕਰਕੇ ਫ਼ੌਜੀਆਂ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ ਦੌਰਾਨ 437 'ਦਹਿਸ਼ਤਗਰਦ' ਮਾਰੇ ਗਏ। ਇਨ੍ਹਾਂ ਵਿਚੋਂ ਕਈ ਲੋਕ ਉਹ ਸਨ ਜੋ ਸੁਰੱਖਿਆ ਬਲਾਂ ਨੇ ਜਬਰੀ ਬੰਦੀ ਬਣਾ ਲਏ ਸਨ ਜਾਂ ਜੋ ਫਿਰ ਕਈ ਕਈ ਮਹੀਨਿਆਂ ਤੋਂ ਘਰੋਂ ਲਾਪਤਾ ਸਨ। ਬਲੋਚਾਂ ਦੇ ਹੱਕ ਵਿਚ ਨਾਅਰਾ ਮਾਰਨ ਵਾਲੇ ਹਰ ਵਿਅਕਤੀ ਨੂੰ ਖ਼ੁਫ਼ੀਆ ਏਜੰਸੀਆਂ ਵੱਲੋਂ ਚੁੱਕੇ ਜਾਣ ਦੀਆਂ ਘਟਨਾਵਾਂ ਇਸ ਸੂਬੇ ਦੀ ਹੋਣੀ ਰਹੀਆਂ ਹਨ। ਕਈ ਬਲੋਚ ਬੁੱਧੀਜੀਵੀ ਇਸ ਹੋਣੀ ਤੋਂ ਬਚਣ ਲਈ ਜਲਾਵਤਨ ਹੋ ਕੇ ਵਿਦੇਸ਼, ਖ਼ਾਸ ਕਰਕੇ ਯੂਰੋਪ ਜਾ ਵਸੇ। ਪਰ ਉੱਥੇ ਵੀ ਉਨ੍ਹਾਂ ਦਾ ਬਚਾਅ ਨਹੀਂ ਹੋਇਆ। ਪੱਤਰਕਾਰ ਤੇ ਲੇਖਕ ਸਾਜਿਦ ਹੁਸੈਨ ਉਨ੍ਹਾਂ ਵਿਚੋਂ ਇੱਕ ਸੀ। ਉਹ 2020 ਵਿਚ ਸਵੀਡਨ ਦੇ ਨਿੱਕੇ ਜਿਹੇ ਸ਼ਹਿਰ ਉਪਾਸਲਾ ਨੇੜਲੇ ਦਰਿਆ ਵਿਚੋਂ ਮਰਿਆ ਮਿਲਿਆ। ਪੁਲੀਸ ਨੇ ਉਸ ਦੀ ਮੌਤ ਨੂੰ ਖ਼ੁਦਕੁਸ਼ੀ ਦੱਸਿਆ। ਪਰ ਉਸ ਦੇ ਕਰੀਬੀਆਂ ਦਾ ਕਹਿਣਾ ਹੈ ਕਿ ਦਰਿਆ ਫਾਇਰਿਸ ਵਿਚ ਪਾਣੀ ਏਨਾ ਥੋੜ੍ਹਾ ਸੀ ਕਿ ਡੁੱਬ ਕੇ ਮਰਨਾ ਨਾਮੁਮਕਿਨ ਸੀ। ਸਾਜਿਦ ਵੱਲੋਂ ਲਿਖੇ ਨਾਵਲ ਦੇ ਖਰੜੇ ਨੂੰ ਪੂਰਾ ਕਰ ਕੇ ਹੁਣ ਉਸ ਦੇ ਦੋਸਤ ਮੁਹੰਮਦ ਹਨੀਫ਼ ਨੇ ਛਪਵਾਇਆ ਹੈ। ਨਾਮ ਹੈ 'ਦਿ ਸੈਂਸੀਬਲ ਬਲੋਚ'। ਅਸਿੱਧੇ ਤੌਰ 'ਤੇ ਇਹ ਸਾਜਿਦ ਦੀ ਹੀ ਜੀਵਨ ਕਥਾ ਹੈ। ਬਲੋਚ ਸੰਘਰਸ਼ ਨੂੰ ਜ਼ੁਬਾਨ ਬਖ਼ਸ਼ਦਾ ਹੈ ਇਹ ਨਾਵਲ।

### ਸਭ ਤੋਂ ਵੱਡਾ ਸੂਬਾ

ਜ਼ਮੀਨੀ ਰਕਬੇ ਪੱਖੋਂ ਪਾਕਿਸਤਾਨ ਦਾ ਸਭ ਤੋਂ ਵੱਡਾ ਸੂਬਾ ਹੈ ਬਲੋਚਿਸਤਾਨ। ਕੁਲ ਪਾਕਿਸਤਾਨੀ ਭੂਮੀ ਦਾ 44 ਫ਼ੀਸਦੀ ਰਕਬਾ ਹੈ ਇਸ ਕੋਲ। ਪਰ ਜ਼ਮੀਨ ਪਥਰੀਲੀ, ਖੁਰਦਰੀ ਤੇ ਖ਼ੁਸ਼ਕ ਹੋਣ ਕਾਰਨ ਮਨੁੱਖੀ ਵਸੋਂ ਕਾਫ਼ੀ ਘੱਟ ਹੈ। 2017 ਵਿਚ ਇਸ ਸੂਬੇ ਦੀ ਆਬਾਦੀ 1.49 ਕਰੋੜ ਸੀ। ਇਸ ਵਿਚੋਂ 69 ਲੱਖ ਬਲੋਚ ਸਨ। ਬਾਕੀ ਪਸ਼ਤੂਨ, ਹਜ਼ਾਰੇ, ਸਿੰਧੀ ਤੇ ਪੰਜਾਬੀ ਹਨ। ਵਸੋਂ ਦਾ ਇਹ ਅਸੰਤੁਲਨ ਬਲੋਚਾਂ ਦੇ ਮਨਾਂ ਵਿਚ ਅਸੁਰੱਖਿਆ ਦੀ ਭਾਵਨਾ ਵਧਾਉਂਦਾ ਆ ਰਿਹਾ ਹੈ। ਉਂਜ ਵੀ ਬਲੋਚ ਕੌਮ ਇੱਕ ਸਾਂਝੀ ਨਸਲ ਨਹੀਂ। ਇਹ ਕੁਰਦਾਂ, ਬ੍ਰਾਹਵੀਆਂ (ਜਾਂ ਬ੍ਰਾਹੁਈਆ) ਤੇ ਅਹਿਮਦਜ਼ਈ ਨਸਲਾਂ ਦਾ ਮਿਸ਼ਰਣ ਹੈ। ਕੁਰਦ, ਸੀਰੀਆ ਤੋਂ ਆਏ; ਤਿੰਨ ਹਜ਼ਾਰ ਵਰ੍ਹੇ ਪਹਿਲਾਂ। ਬ੍ਰਾਹਵੀ ਇਸ ਇਲਾਕੇ ਦੇ ਅਸਲ ਵਾਸੀ ਸਨ। ਅਹਿਮਦਜ਼ਈ, ਅਰਬ ਮੂਲ ਦੇ ਸਨ ਜੋ ਨੌਵੀਂ ਸਦੀ ਵਿਚ ਤਤਕਾਲੀ ਭਾਰਤ ਵਿਚ ਆਏ। ਕਲਾਤ ਦੇ ਖ਼ਾਨ ਅਹਿਮਦਜ਼ਈ ਸਨ (ਆਪਣੀ ਜ਼ੱਦ ਅਰਬੀ ਦੱਸਣ ਵਾਲੇ), ਪਰ ਉਨ੍ਹਾਂ ਨੂੰ ਬ੍ਰਾਹਵੀਆਂ ਦਾ ਭਰਪੂਰ ਸਾਥ ਮਿਲਦਾ ਰਿਹਾ। ਬ੍ਰਾਹਵੀ ਹੁਣ ਵੀ ਉਨ੍ਹਾਂ ਨੂੰ ਆਪਣਾ ਹੀ ਮੰਨਦੇ ਹਨ।

ਚਾਰ ਤੋਂ ਪੰਜ ਹਜ਼ਾਰ ਸਾਲ ਪੁਰਾਣੀ ਹੈ ਬਲੋਚ ਸਭਿਅਤਾ। ਬੈਬੀਲੋਨਿਆਈ ਸਭਿਅਤਾ ਦੇ ਜ਼ਮਾਨੇ ਦੀ। ਉਦੋਂ ਹੀ ਕੁਰਦਾਂ ਦੀ ਇਸ ਖ਼ਿੱਤੇ ਵੱਲ ਹਿਜਰਤ ਹੋਈ। ਬ੍ਰਾਹਵੀ ਆਪਣਾ ਮੂਲ ਭਾਰਤ ਦੇ ਦਰਾਵਿੜਾਂ ਨਾਲ ਜੋੜਦੇ ਹਨ। ਉਨ੍ਹਾਂ ਦੀ ਭਾਸ਼ਾ ਦੇ 200 ਤੋਂ ਵੱਧ ਸ਼ਬਦ, ਤਮਿਲ ਸ਼ਬਦਾਂ ਨਾਲ ਮਿਲਦੇ ਜੁਲਦੇ ਹਨ। ਉਂਜ, ਨਸਲੀ ਵਖਰੇਵਿਆਂ ਦੇ ਬਾਵਜੂਦ ਬਲੋਚ ਖ਼ੁਦ ਨੂੰ ਇੱਕ ਕੌਮ ਹੀ ਸਮਝਦੇ ਆਏ ਹਨ। ਇਸ ਵੇਲੇ ਤਿੰਨ ਮੁਲਕਾਂ ਵਿਚ ਵੰਡੇ ਹੋਏ ਹਨ ਉਹ: ਪਾਕਿਸਤਾਨ, ਇਰਾਨ ਤੇ ਅਫ਼ਗਾਨਿਸਤਾਨ। ਇਰਾਨ ਦਾ ਸੀਸਤਾਨ-ਬਲੋਚਿਸਤਾਨ ਸੂਬਾ ਉੱਥੋਂ ਦੇ ਬਲੋਚਾਂ ਦਾ ਗੜ੍ਹ ਹੈ। ਇਸੇ ਤਰ੍ਹਾਂ ਅਫ਼ਗਾਨਿਸਤਾਨ ਵਿਚ ਉਹ ਨਿਮਰੋਦ ਤੇ ਹੇਲਮੰਦ ਸੂਬਿਆਂ ਵਿਚ ਵਸੇ ਹੋਏ ਹਨ। ਪਰ ਉੱਥੇ ਉਹ ਵੱਖਵਾਦੀ ਭਾਵਨਾ ਦਾ ਮੁਜ਼ਾਹਰਾ ਨਹੀਂ ਕਰਦੇ। ਦੂਜੇ ਪਾਸੇ, ਇਰਾਨੀ ਬਲੋਚੀ ਪਾਕਿਸਤਾਨੀ ਬਲੋਚਾਂ ਨਾਲ ਇਕਜੁੱਟ ਹੋਣ ਦੇ ਯਤਨ ਲਗਾਤਾਰ ਕਰਦੇ ਆਏ ਹਨ। ਲਿਹਾਜ਼ਾ, ਖਾੜਕੂਪੁਣਾ ਇਰਾਨੀ ਪਾਸੇ ਵੀ ਹੈ ਅਤੇ ਪਾਕਿਸਤਾਨੀ ਪਾਸੇ ਵੀ। ਪਾਕਿਸਤਾਨ ਵੱਲ ਵੱਧ ਕਿਉਂਕਿ ਬਲੋਚ ਵਸੀਲਿਆਂ ਦੀ ਜੋ ਲੁੱਟ ਪਾਕਿਸਤਾਨ ਵਿਚ ਹੋਈ, ਉਹ ਇਰਾਨ ਵਿਚ ਨਹੀਂ। ਉਂਜ ਵੀ ਸੀਸਤਾਨ ਦੀ ਜ਼ਮੀਨ ਜ਼ਰਖੇਜ਼ ਹੈ। ਪਾਣੀ ਦੇ ਸਰੋਤ ਵੀ ਵੱਧ ਹਨ। ਫ਼ਲ ਖ਼ੂਬ ਹੁੰਦੇ ਹਨ। ਹੁਣ ਤਾਂ ਸਬਜ਼ੀਆਂ ਦੀ ਕਾਸ਼ਤ ਨਿੱਤ ਦੀ ਆਮਦਨ ਦਾ ਚੰਗਾ ਜ਼ਰੀਆ ਬਣ ਗਈ ਹੈ। ਇਸ ਦੇ ਬਾਵਜੂਦ ਆਜ਼ਾਦੀ ਦੀ ਚਾਹਤ ਬਹੁਤ ਫਿੱਕੀ ਨਹੀਂ ਪਈ, ਭਾਵੇਂ ਇਸ ਚਾਹਤ ਦੀ ਸ਼ਿੱਦਤ ਪਾਕਿਸਤਾਨੀ ਬਲੋਚਾਂ ਵਰਗੀ ਨਹੀਂ।

ਸਾਜਿਦ ਹੁਸੈਨ ਆਪਣੇ ਨਾਵਲ ਵਿਚ ਲਿਖਦਾ ਹੈ ਕਿ ਅੱਲ੍ਹਾ ਨਾਇਨਸਾਫ਼ੀ ਨਹੀਂ ਕਰਦਾ। ਉਸ ਨੇ ਪਾਕਿਸਤਾਨੀ ਪਾਸੇ ਬਲੋਚਾਂ ਨੂੰ ਜੇਕਰ ਜ਼ਰਖੇਜ਼ ਜ਼ਮੀਨ ਨਹੀਂ ਦਿੱਤੀ ਤਾਂ ਇਸ ਕਮੀ ਦੀ ਪੂਰਤੀ ਇਸੇ ਜ਼ਮੀਨ ਨੂੰ ਕੀਮਤੀ ਖਣਿਜਾਂ ਨਾਲ ਲੈਸ ਕਰ ਕੇ ਪੂਰੀ ਕਰ ਦਿੱਤੀ ਹੈ। ਤਾਂਬੇ, ਕੋਇਲੇ, ਚਾਂਦੀ, ਸੋਨੇ, ਪਲੈਟੀਨਮ ਤੇ ਯੂਰੇਨੀਅਮ ਦੀਆਂ ਖਾਣਾਂ ਹਨ ਬਲੋਚਿਸਤਾਨ ਵਿਚ। ਕੁਦਰਤੀ ਗੈਸ ਦੇ ਭਰਪੂਰ ਭੰਡਾਰ ਵੀ ਹਨ ਪਥਰੀਲੀ ਭੋਇੰ ਦੇ ਹੇਠਾਂ। ਗੈਸ ਦੀ ਕੁਲ ਪਾਕਿਸਤਾਨੀ ਖ਼ਪਤ ਦੇ ਅੱਧੇ ਹਿੱਸੇ ਦੀ ਪੂਰਤੀ ਬਲੋਚਿਸਤਾਨ ਤੋਂ ਹੁੰਦੀ ਹੈ। ਕਾਲੇ ਲੂਣ ਦੀਆਂ ਵੀ ਦਰਜਨਾਂ ਖਾਣਾਂ ਹਨ। ਹਾਂ, ਪਾਣੀ ਦਾ ਸੋਮਾ ਸਿਰਫ਼ ਜ਼ੋਬ ਦਰਿਆ ਹੈ ਜੋ ਸਾਰਾ ਸਾਲ ਥੋੜ੍ਹਾ-ਬਹੁਤ ਵਗਦਾ ਰਹਿੰਦਾ ਹੈ। ਲਿਹਾਜ਼ਾ, ਆਬਾਦੀ ਸਿਰਫ਼ ਉਨ੍ਹਾਂ ਥਾਵਾਂ 'ਤੇ ਹੈ ਜਿੱਥੇ ਪਾਣੀ ਦਾ ਕੋਈ ਨਾ ਕੋਈ ਸਰੋਤ ਹੈ। ਅੱਠ ਡਿਵੀਜ਼ਨਾਂ ਵਿਚ ਵੰਡੇ ਇਸ ਸੂਬੇ ਦੇ ਜ਼ਿਲ੍ਹਿਆਂ ਦੀ ਗਿਣਤੀ 37 ਹੈ, ਪਰ ਕੌਮੀ ਅਸੈਂਬਲੀ ਵਿਚ ਪ੍ਰਤੀਨਿਧਤਾ ਇਨ੍ਹਾਂ ਜ਼ਿਲ੍ਹਿਆਂ ਦੇ ਹਿਸਾਬ ਨਾਲ ਨਹੀਂ। ਵਿਦਿਅਕ ਅਦਾਰਿਆਂ ਦੀ ਘਾਟ ਅਤੇ ਸਰਕਾਰੀ ਅਣਗਹਿਲੀ ਨੇ ਬਲੋਚਾਂ ਦੀ ਸਾਖ਼ਰਤਾ ਦਰ 44 ਫ਼ੀਸਦੀ ਤੋਂ ਅਗਾਂਹ ਨਹੀਂ ਜਾਣ ਦਿੱਤੀ। ਔਰਤਾਂ ਦੀ ਇਹ ਦਰ ਤਾਂ ਹੋਰ ਵੀ ਘੱਟ 21 ਫ਼ੀਸਦੀ ਹੈ। ਜਿਹੜੇ ਬਲੋਚ ਧੁਰ-ਅੰਦਰੋਂ ਪਾਕਿਸਤਾਨ-ਪੱਖੀ ਹਨ, ਉਨ੍ਹਾਂ ਨੂੰ ਵੀ ਗਿਲਾ ਇੱਕੋ ਰਿਹਾ ਹੈ ਕਿ ਖਣਿਜਾਂ ਜਾਂ ਗੈਸ 'ਤੇ ਜਿੰਨੀ ਰਾਇਲਟੀ, ਬਲੋਚਿਸਤਾਨ ਨੂੰ ਮਿਲਣੀ ਚਾਹੀਦੀ ਸੀ, ਉਹ ਪਾਕਿਸਤਾਨੀ ਹਕੂਮਤ ਨੇ ਕਦੇ ਨਹੀਂ ਦਿੱਤੀ। ਉਹ ਇਨ੍ਹਾਂ ਵਸੀਲਿਆਂ ਨੂੰ ਲੁੱਟਦੀ ਆਈ ਹੈ, ਸੂਬੇ ਦੀ ਤਰੱਕੀ ਬਾਰੇ ਨਹੀਂ ਸੋਚਦੀ। ਚੀਨ-ਪਾਕਿਸਤਾਨ ਆਰਥਿਕ ਗਲਿਆਰੇ (ਸੀ.ਪੀ.ਈ.ਸੀ.) ਖ਼ਿਲਾਫ਼ ਲੋਕ ਰੋਹ ਦੀ ਵਜ੍ਹਾ ਵੀ ਇਹੋ ਹੀ ਹੈ। ਪੱਤਰਕਾਰ ਕਾਮਰਾਨ ਯੂਸੁਫ਼ ਦੀ ਕਿਤਾਬ 'ਬਲੋਚਿਸਤਾਨ : ਨਾਊ ਏ ਹੌਟ ਬੈਡ' ਦੱਸਦੀ ਹੈ ਕਿ 72 ਫ਼ੀਸਦੀ ਬਲੋਚ ਇਹ ਮਹਿਸੂਸ ਕਰਦੇ ਹਨ ਕਿ ਇਸ ਗਲਿਆਰੇ ਨੇ ਬਲੋਚਾਂ ਦਾ ਭਲਾ ਨਹੀਂ ਕਰਨਾ ਬਲਕਿ ਉਨ੍ਹਾਂ ਦੇ ਸੂਬੇ ਅੰਦਰ ਚੀਨੀਆਂ ਤੇ ਪੰਜਾਬੀਆਂ ਦੀ ਹਿਜਰਤ ਹੋਰ ਵਧਾ ਦੇਣੀ ਹੈ। ਪਹਿਲਾਂ ਹੀ ਸੀ.ਪੀ.ਈ.ਸੀ. ਦੇ ਨਾਲ ਨਾਲ ਚੀਨੀਆਂ ਦੀਆਂ ਕਈ ਬਸਤੀਆਂ ਵਸ ਗਈਆਂ ਹਨ ਜਿਨ੍ਹਾਂ ਵਿਚ ਬਲੋਚਾਂ ਨੂੰ ਵੜਨ ਨਹੀਂ ਦਿੱਤਾ ਜਾਂਦਾ। ਬਲੋਚ ਬਾਗ਼ੀ ਗੁੱਟਾਂ, ਖ਼ਾਸ ਕਰਕੇ ਬਲੋਚਿਸਤਾਨ ਲਿਬਰੇਸ਼ਨ ਆਰਮੀ (ਬੀਐੱਲਏ) ਵੱਲੋਂ ਇਨ੍ਹਾਂ ਬਸਤੀਆਂ ਜਾਂ ਚੀਨੀ ਇੰਜਨੀਅਰਾਂ/ਤਕਨੀਸ਼ੀਅਨਾਂ ਨੂੰ ਹਿੰਸਾ ਦਾ ਨਿਸ਼ਾਨਾ ਬਣਾਏ ਜਾਣ ਦੀ ਮੁੱਖ ਵਜ੍ਹਾ ਇਹੋ ਹੀ ਹੈ। ਦੱਖਣੀ ਬਲੋਚਿਸਤਾਨ (ਮਕਰਾਨ) ਵਿਚ ਜ਼ਮੀਨ ਬਹੁਤ ਹੈ, ਪਰ 95 ਫ਼ੀਸਦੀ ਵਸੋਂ ਗਵਾਦੜ ਬੰਦਰਗਾਹ ਦੇ ਦੁਆਲੇ ਪੰਜ ਫ਼ੀਸਦੀ ਰਕਬੇ ਵਿਚ ਇਸ ਕਰਕੇ ਵਸੀ ਹੋਈ ਹੈ ਕਿਉਂਕਿ ਉੱਥੇ ਬੁਨਿਆਦੀ ਸਹੂਲਤਾਂ ਉਪਲਬਧ ਹਨ। ਬਾਕੀ ਥਾਵਾਂ ਦਾ ਤਾਂ ਰੱਬ ਰਾਖਾ ਹੈ।

### ਗਵਾਦੜ ਬੰਦਰਗਾਹ

ਗਵਾਦੜ ਬੰਦਰਗਾਹ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਦਾ ਸਭ ਤੋਂ ਅਹਿਮ ਅੰਗ ਹੈ। ਇਹ ਚੀਨ ਨੂੰ ਸਿੱਧੇ ਤੌਰ 'ਤੇ ਹਿੰਦ ਮਹਾਂਸਾਗਰ ਨਾਲ ਜੋੜੇਗਾ। ਇਸ ਰਾਹੀਂ ਚੀਨ ਆਪਣੇ ਸਨਅਤੀ ਉਤਪਾਦ ਬਿਨਾਂ ਕਿਸੇ ਵਲ-ਵਲੇਵੇਂ ਦੇ ਸਿੱਧਾ ਹਿੰਦ ਮਹਾਂਸਾਗਰ ਵਿਚ ਪਹੁੰਚਾ ਸਕੇਗਾ। ਬ੍ਰਿਟਿਸ਼ ਭਾਰਤ ਦੇ ਜ਼ਮਾਨੇ ਵਿਚ ਗਵਾਦੜ ਵਾਲਾ ਇਲਾਕਾ "ਮਾਨ ਦੇ ਸੁਲਤਾਨ ਦੀ ਮਲਕੀਅਤ ਸੀ। ਪਾਕਿਸਤਾਨ ਨੇ 1958 ਵਿਚ "ਮਾਨ ਪਾਸੋਂ ਇਹ ਇਲਾਕਾ ਨਕਦ ਅਦਾਇਗੀ ਕਰ ਕੇ ਖਰੀਦਿਆ। ਮਕਰਾਨ ਇਲਾਕੇ ਵਿਚ ਹੀ ਪਾਕਿਸਤਾਨੀ ਜਲ ਸੈਨਾ ਦੇ ਤਿੰਨ ਵੱਡੇ ਅੱਡੇ ਹਨ। ਇਹ 1971 ਵਿਚ ਭਾਰਤੀ ਜਲ ਸੈਨਾ ਵੱਲੋਂ ਕਰਾਚੀ ਬੰਦਰਗਾਹ ਦੀ ਨਾਕਾਬੰਦੀ ਵਰਗੀ ਸਥਿਤੀ ਤੋਂ ਬਚਾਅ ਦੀ ਖ਼ਾਤਿਰ ਮਕਰਾਨੀ ਸਾਹਿਲ 'ਤੇ ਕਾਇਮ ਕੀਤੇ ਗਏ। ਇਸ ਸਾਹਿਲ ਤੋਂ ਨਾ "ਮਾਨ ਬਹੁਤਾ ਦੂਰ ਹੈ ਅਤੇ ਨਾ ਹੀ ਯਮਨ। ਲਾਲ ਸਾਗਰ ਤੇ ਸੁਏਜ਼ ਨਹਿਰ ਵੀ ਜ਼ਿਆਦਾ ਦੂਰ ਨਹੀਂ। ਚੀਨ, ਗਵਾਦੜ ਤੱਕ ਸੜਕੀ ਸਾਧਨਾਂ ਰਾਹੀਂ ਆਪਣਾ ਮਾਲ ਪਹੁੰਚਾ ਕੇ ਅੱਗੋਂ ਇਸ ਨੂੰ ਸਹਿਜੇ ਹੀ ਅਫਰੀਕੀ, ਯੂਰੋਪੀਅਨ ਤੇ ਦੱਖਣ ਅਮਰੀਕੀ ਮੁਲਕਾਂ ਤੱਕ ਭੇਜ ਸਕਦਾ ਹੈ। ਸ਼ਾਇਦ ਇਨ੍ਹਾਂ ਸਾਰੀਆਂ ਗਤੀਵਿਧੀਆਂ ਉੱਤੇ ਨਜ਼ਰ ਰੱਖਣ ਲਈ ਭਾਰਤ ਨੇ ਇਰਾਨ ਦੀ ਚਾਬਹਾਰ ਬੰਦਰਗਾਹ ਵਿਕਸਿਤ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੋਈ ਹੈ। ਚਾਬਹਾਰ (ਫ਼ਾਰਸੀ ਸ਼ਬਦਾਂ 'ਚਹਾਰ ਬਹਾਰ' ਦਾ ਛੋਟਾ ਰੂਪ) ਅਰਬ ਸਾਗਰ ਵਿਚ ਖੁੱਲ੍ਹਣ ਵਾਲੀ ਇੱਕੋ-ਇੱਕ ਇਰਾਨੀ ਬੰਦਰਗਾਹ ਹੈ। ਭਾਰਤ, ਸੀ.ਪੀ.ਈ.ਸੀ. ਵਾਂਗ ਇਸ ਬੰਦਰਗਾਹ ਨੂੰ ਮੱਧ ਏਸ਼ੀਆ ਤੇ ਯੂਰੋਪ ਤੱਕ ਸੜਕੀ ਵਪਾਰ ਸਥਾਪਿਤ ਕਰਨ ਵਾਸਤੇ ਵਰਤਣਾ ਚਾਹੁੰਦਾ ਹੈ। ਪਾਕਿਸਤਾਨ ਤੇ ਚੀਨ ਇਸ ਪ੍ਰਾਜੈਕਟ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੇ ਹਨ। ਉਨ੍ਹਾਂ ਨੇ ਇਰਾਨ ਉੱਤੇ ਇਹ ਪ੍ਰਾਜੈਕਟ ਰੱਦ ਕਰਵਾਉਣ ਲਈ ਦਬਾਅ ਵੀ ਬਣਾਇਆ, ਪਰ ਇਰਾਨ ਨੂੰ ਭਾਰਤ ਨਾਲ ਭਾਈਵਾਲੀ ਵਿਚ ਰਣਨੀਤਕ ਫ਼ਾਇਦਾ ਨਜ਼ਰ ਆਇਆ। ਉਹ ਅਜੇ ਤੱਕ ਝੁਕਿਆ ਨਹੀਂ। ਇਸੇ ਲਈ ਬਲੋਚ ਬਾਗ਼ੀਆਂ ਦੀਆਂ ਸਰਗਰਮੀਆਂ ਨੂੰ ਪਾਕਿਸਤਾਨ, ਚਾਬਹਾਰ ਵਿਚ ਭਾਰਤੀ ਮੌਜੂਦਗੀ ਨਾਲ ਜੋੜਦਾ ਆਇਆ ਹੈ। ਮਕਰਾਨ ਇਲਾਕੇ ਵਿਚ ਪੀਣ ਦੇ ਪਾਣੀ ਜਾਂ ਹੋਰ ਸ਼ਹਿਰੀ ਸਹੂਲਤਾਂ ਦੀ ਘਾਟ ਦੇ ਖ਼ਿਲਾਫ਼ ਪਿਛਲੇ ਚਾਰ ਮਹੀਨਿਆਂ ਤੋਂ ਸ਼ਾਹਰਾਹਾਂ ਉੱਪਰ ਲੱਗਦੇ ਆ ਰਹੇ ਧਰਨਿਆਂ ਪਿੱਛੇ ਵੀ ਭਾਰਤੀ ਹੱਥ ਹੋਣ ਦੇ ਦੋਸ਼ ਪਾਕਿਸਤਾਨੀ ਮੀਡੀਆ ਵਿਚ ਲੱਗਦੇ ਆ ਰਹੇ ਹਨ। ਪਾਕਿਸਤਾਨੀ ਸਿਆਸਤਦਾਨ ਵੀ ਤਿੰਨ ਦਹਿਸ਼ਤੀ ਸੰਗਠਨਾਂ ਨੂੰ ਭਾਰਤ ਦੀ ਸਿੱਧੀ ਸਰਪ੍ਰਸਤੀ ਹਾਸਿਲ ਹੋਣ ਦੇ ਦੋਸ਼ ਲਾਉਂਦੇ ਆਏ ਹਨ।

### ਬਹਾਦਰ ਬਲੋਚ

ਆਪਣੀ ਬਹਾਦਰੀ ਲਈ ਮਸ਼ਹੂਰ ਰਹੇ ਹਨ ਬਲੋਚ। 2350 ਵਰ੍ਹੇ ਪਹਿਲਾਂ ਸਿਕੰਦਰ ਮਹਾਨ ਨੇ ਜਦੋਂ ਬਲੋਚਿਸਤਾਨ ਜਿੱਤਣ ਮਗਰੋਂ ਮਕਰਾਨ ਦੇ ਰਸਤੇ ਕੁਝ ਸਮੁੰਦਰੀ ਸਫ਼ਰ ਤੈਅ ਕਰ ਕੇ ਯੂਨਾਨ ਪਰਤਣ ਦਾ ਮਨ ਬਣਾਇਆ ਤਾਂ ਬਲੋਚਾਂ ਨੇ ਉਸ ਦੇ ਨੱਕ ਵਿਚ ਦਮ ਕਰ ਦਿੱਤਾ। ਉਸ ਦੀ ਘੋੜਸਵਾਰ ਫ਼ੌਜ ਦਾ ਇੱਕ ਤਿਹਾਈ ਹਿੱਸਾ (ਤਕਰੀਬਨ ਤਿੰਨ ਹਜ਼ਾਰ ਫ਼ੌਜੀ) ਬਲੋਚਾਂ ਦੀ ਬਹਾਦਰੀ ਅਤੇ ਨਾਲ ਹੀ ਪਾਣੀ ਦੀ ਘਾਟ ਕਾਰਨ ਮਾਰੇ ਗਏ। ਸਿਕੰਦਰ ਨੂੰ ਇਲਾਕਾ ਜਿੱਤਣ ਦੀ ਥਾਂ ਜ਼ਮੀਨੀ ਰਸਤੇ (ਇਰਾਨ ਰਾਹੀਂ) ਯੂਨਾਨ ਪਰਤਣ ਦਾ ਮਨ ਬਣਾਉਣਾ ਪਿਆ। ਇਹ ਪਹਿਲੀ ਵਾਰ ਸੀ ਜਦੋਂ ਸਿਕੰਦਰ ਨੂੰ ਕਿਸੇ ਜੰਗ ਵਿਚ ਜਿੱਤ ਨਸੀਬ ਨਹੀਂ ਹੋਈ।

ਬਲੋਚਾਂ ਦੇ ਮਹਿਮੂਦ ਗ਼ਜ਼ਨਵੀ, ਤੈਮੂਰ ਤੇ ਮੰਗੋਲ ਆਗੂਆਂ ਨਾਲ ਸਬੰਧ ਦੋਸਤਾਨਾ ਨਹੀਂ ਰਹੇ। ਸ਼ਾਹ ਬਲੋਚ ਨੇ 12ਵੀਂ ਸਦੀ ਵਿਚ ਮੰਗੋਲਾਂ ਦੀ ਅਰਬ ਸਾਗਰ ਵੱਲ ਪੇਸ਼ਕਦਮੀ ਸੰਭਵ ਨਾ ਹੋਣ ਦਿੱਤੀ। ਨੌਵੀਂ ਸਦੀ ਵਿਚ ਮੁਹੰਮਦ ਬਿਨ ਕਾਸਿਮ ਦੇ ਹਿੰਦੋਸਤਾਨ ਉੱਤੇ ਹਮਲੇ ਤੋਂ ਬਾਅਦ ਬਲੋਚਾਂ ਨੇ ਇਸਲਾਮ ਧਰਮ ਧਾਰਨ ਕੀਤਾ। ਇਸ ਤੋਂ ਪਹਿਲਾਂ ਉਹ ਹਿੰਦੂ ਜਾਂ ਬੋਧੀ ਸਨ। ਇਰਾਨ ਵਾਲੇ ਪਾਸੇ ਦੇ ਬਲੋਚਾਂ ਦੀ ਬਹੁਗਿਣਤੀ ਪਾਰਸੀ ਸੀ। ਕੁਝ ਪਾਰਸੀ ਰਹੁਰੀਤਾਂ ਕਈ ਬਲੋਚ ਕਬੀਲਿਆਂ ਵਿਚ ਅਜੇ ਵੀ ਪ੍ਰਚੱਲਿਤ ਹਨ, ਖ਼ਾਸ ਕਰਕੇ ਨਵਰੋਜ਼ ਮਨਾਉਣਾ। ਇਸਲਾਮ ਧਾਰਨ ਕਰਨ ਤੋਂ ਬਾਅਦ ਵੀ ਹਿੰਦੂਆਂ ਨਾਲ ਬਲੋਚਾਂ ਦੇ ਤੁਆਲੁੱਕਾਤ ਸੁਖਾਵੇਂ ਰਹੇ। ਕੁਝ ਬਲੋਚ ਖੇਤਰਾਂ 'ਤੇ ਹਿੰਦੂ ਸੀਵਾ (ਸ਼ਿਵਾ ?) ਖ਼ਾਨਦਾਨ ਦਾ ਰਾਜ ਰਿਹਾ। ਬਲੋਚਿਸਤਾਨ ਦੀ ਸੀਬੀ ਡਿਵੀਜ਼ਨ ਇੱਕ ਹਿੰਦੂ ਰਾਣੀ ਸੀਵੀ ਦੇ ਨਾਮ 'ਤੇ ਹੀ ਹੈ। ਇਸ ਵਿਚ ਸੀਬੀ, ਜ਼ਿਆਰਤ, ਡੇਰਾ ਬੁਗ਼ਤੀ, ਕੋਹਲੂ ਤੇ ਹਰਨਾਈ ਜ਼ਿਲ੍ਹੇ ਪੈਂਦੇ ਹਨ। 1947 ਵਾਲੀ ਵੰਡ ਸਮੇਂ ਵੀ ਬਲੋਚਿਸਤਾਨ ਵਿਚ ਹਿੰਦੂਆਂ ਦੀ ਕਤਲੋਗ਼ਾਰਤ ਦੀਆਂ ਘਟਨਾਵਾਂ ਬਹੁਤ ਘੱਟ ਹੋਈਆਂ।

ਕਲਾਤ ਖ਼ਾਨਸ਼ਾਹੀ (ਖ਼ਾਨੇਟ) ਦੀ ਸਥਾਪਨਾ 1666 ਵਿਚ ਹੋਈ। ਉਸ ਤੋਂ ਪਹਿਲਾਂ ਤਕਰੀਬਨ 12ਵੀਂ ਸਦੀ ਤੋਂ ਵੱਖ ਵੱਖ ਕਬੀਲਿਆਂ ਦੀ ਇੱਕ ਮਹਾਂਸੰਘ (ਕਨਫੈਡਰੇਸ਼ਨ) ਸੀ। ਖ਼ਾਨੇਟ ਤੋਂ ਭਾਵ ਹੈ ਖ਼ਾਨ (ਕਮਾਂਡਰ ਜਾਂ ਮੁਖੀ) ਦਾ ਇਲਾਕਾ। ਸ਼ੁਰੂ ਵਿਚ ਇਸ ਖ਼ਾਨੇਟ ਨੇ ਮੁਗ਼ਲ ਬਾਦਸ਼ਾਹਾਂ ਦੀ ਅਧੀਨਗੀ ਸਵੀਕਾਰ ਕੀਤੀ, ਪਰ ਔਰੰਗਜ਼ੇਬ ਦੇ ਆਖ਼ਰੀ ਦਿਨਾਂ ਦੌਰਾਨ ਬਲੋਚ ਖ਼ੁਦਮੁਖ਼ਤਾਰ ਹੋ ਗਏ। ਅਹਿਮਦ ਸ਼ਾਹ ਅਬਦਾਲੀ ਨੇ ਇਹ ਦਬਾਏ ਜ਼ਰੂਰ, ਪਰ 1758 ਵਿਚ ਕਲਾਤ ਦੇ ਖ਼ਾਨ ਨੇ ਅਬਦਾਲੀ ਨੂੰ ਹਰਾ ਕੇ ਮੁਕੰਮਲ ਆਜ਼ਾਦੀ ਹਾਸਿਲ ਕਰ ਲਈ। ਮਹਾਰਾਜਾ ਰਣਜੀਤ ਸਿੰਘ ਨੇ 1818 ਵਿਚ ਕਲਾਤ 'ਤੇ ਧਾਵਾ ਬੋਲਿਆ ਅਤੇ ਚਾਰ ਜ਼ਿਲ੍ਹੇ ਜ਼ੋਬ, ਕਿਲਾ ਸੈਫਉੱਲ੍ਹਾ, ਮੂਸਾ ਖੇਲ੍ਹ ਤੇ ਬੜਖਾਨ ਖੋਹ ਲਏ। ਇਸ 'ਤੇ ਖ਼ਾਨ ਕਲਾਤ, ਈਸਟ ਇੰਡੀਆ ਕੰਪਨੀ ਦੀ ਸ਼ਰਨ ਵਿਚ ਚਲਾ ਗਿਆ। ਕੰਪਨੀ ਨੇ ਇੱਕ ਪਾਸੇ ਤਾਂ ਮਹਾਰਾਜੇ ਦੀ ਚੜ੍ਹਤ, ਸਫ਼ਾਰਤੀ ਮੁਹਿੰਮ ਦੇ ਜ਼ਰੀਏ ਰੋਕੀ ਅਤੇ ਦੂਜੇ ਪਾਸੇ ਖ਼ਾਨ ਪਾਸੋਂ ਕਈ ਇਲਾਕੇ ਇਵਜ਼ਾਨੇ ਦੇ ਤੌਰ 'ਤੇ ਹਥਿਆ ਲਏ। ਉਂਜ, ਘੱਟੋਘੱਟ 16 ਜ਼ਿਲ੍ਹਿਆਂ ਵਿਚ ਕਲਾਤ ਖ਼ਾਨੇਟ ਦੀ ਖ਼ੁਦਮੁਖ਼ਤਾਰੀ ਬਰਕਰਾਰ ਰਹੀ।

ਪਾਕਿਸਤਾਨ ਬਣਾਏ ਜਾਣ ਦੀ ਗੱਲ ਤੁਰਨ 'ਤੇ ਕਲਾਤ ਦੇ ਖ਼ਾਨ ਸੁਲੇਮਾਨ ਦਾਵੂਦ ਜਾਨ ਨੇ ਮੁਸਲਿਮ ਲੀਗ ਦੇ ਪੱਖ ਦੀ ਹਮਾਇਤ ਮੁਹੰਮਦ ਅਲੀ ਜਿਨਾਹ ਨਾਲ ਦੋਸਤੀ ਦੇ ਆਧਾਰ 'ਤੇ ਕੀਤੀ। ਜਿਨਾਹ 1936 ਤੋਂ ਉਸ ਦਾ ਕਾਨੂੰਨੀ ਸਲਾਹਕਾਰ ਵੀ ਰਿਹਾ ਸੀ। ਜਿਨਾਹ ਜਾਂ ਉਸ ਦੀ ਭੈਣ ਫਾਤਿਮਾ ਜਿਨਾਹ ਦੀਆਂ ਕਲਾਤ ਫੇਰੀਆਂ ਯਾਦਗਾਰੀ ਬਣਾਉਣ ਦੇ ਹੀਲੇ ਖ਼ਾਨ ਵੱਲੋਂ ਉਚੇਚੇ ਤੌਰ 'ਤੇ ਕੀਤੇ ਜਾਂਦੇ ਸਨ। ਜਿਨਾਹ ਨੇ ਵੀ ਉਸ ਨਾਲ ਵਾਅਦਾ ਕੀਤਾ ਕਿ ਜੇਕਰ ਉਹ ਪਾਕਿਸਤਾਨ ਦੇ ਮੌਅਕਿਫ਼ ਦੀ ਹਮਾਇਤ ਕਰੇ ਤਾਂ ਕਲਾਤ ਨੂੰ ਪਾਕਿਸਤਾਨੀ ਪ੍ਰੋਟੈਕਟੋਰੇਟ ਵਜੋਂ ਮਾਨਤਾ ਦੇ ਦਿੱਤੀ ਜਾਵੇਗੀ। ਉਹ ਅੰਦਰੂਨੀ ਮਾਮਲਿਆਂ ਵਿਚ ਪੂਰੀ ਤਰ੍ਹਾਂ ਆਜ਼ਾਦ ਹੋਵੇਗਾ। ਇਹ ਵਾਅਦਾ 223 ਦਿਨ ਨਿਭਾਇਆ ਵੀ ਗਿਆ, ਪਰ ਫਿਰ ਕਲਾਤ ਉੱਪਰ ਫ਼ੌਜਾਂ ਚਾੜ੍ਹ ਦਿੱਤੀਆਂ ਗਈਆਂ। ਬਹਾਨਾ ਇਹ ਬਣਾਇਆ ਜਾਂਦਾ ਹੈ ਕਿ ਇਹ ਕਾਰਵਾਈ ਬ੍ਰਿਟੇਨ ਦੇ ਦਬਾਅ ਹੇਠ ਕੀਤੀ ਗਈ। ਬ੍ਰਿਟੇਨ ਦੀ ਵੱਡੀ ਫ਼ੌਜੀ ਗੈਰੀਸਨ, ਅਫ਼ਗਾਨਿਸਤਾਨ ਤੇ ਸੋਵੀਅਤ ਸੰਘ ਉੱਤੇ ਨਜ਼ਰ ਰੱਖਣ ਲਈ ਕੋਇਟਾ ਵਿਚ ਬੈਠੀ ਹੋਈ ਸੀ। ਪਾਕਿਸਤਾਨੀ ਇਤਿਹਾਸਕਾਰਾਂ ਮੁਤਾਬਿਕ ਬ੍ਰਿਟੇਨ ਨਹੀਂ ਸੀ ਚਾਹੁੰਦਾ ਕਿ "ਆਜ਼ਾਦ ਤਬੀਅਤ ਦਾ ਮਾਲਕ ਖ਼ਾਨ ਕਲਾਤ ਪਾਕਿਸਤਾਨ ਦੀ ਥਾਂ ਕਿਸੇ ਹੋਰ ਮੁਲਕ ਨਾਲ ਜਾ ਰਲੇ।" ਇਹ ਵੀ ਮੰਨਿਆ ਜਾਂਦਾ ਹੈ ਕਿ ਖ਼ਾਨ, ਹਿੰਦੋਸਤਾਨ ਨਾਲ ਰਲਣ ਦੀਆਂ ਗੱਲਾਂ ਕਰਨ ਲੱਗ ਪਿਆ ਸੀ।

### ਬਲੋਚ ਬਗ਼ਾਵਤਾਂ

1948 ਤੋਂ ਬਾਅਦ ਵਾਲੀ ਸਥਿਤੀ ਨੇ ਪਹਿਲਾਂ 1950 ਤੱਕ, ਫਿਰ 1958-60, 1962-63, 1973-77 ਅਤੇ ਫਿਰ 2004-06 ਦੌਰਾਨ ਬਲੋਚ ਬਗ਼ਾਵਤਾਂ ਨੂੰ ਜਨਮ ਦਿੱਤਾ। 2012 ਤੋਂ ਬਾਅਦ ਤਾਂ ਬਾਗ਼ੀਆਨਾ ਸਰਗਰਮੀਆਂ ਰੁਕ ਹੀ ਨਹੀਂ ਰਹੀਆਂ। ਦਰਅਸਲ, 2006 ਵਿਚ ਪਰਵੇਜ਼ ਮੁਸ਼ੱਰਫ਼ ਦੇ ਪਾਕਿਸਤਾਨੀ ਰਾਸ਼ਟਰਪਤੀ ਵਜੋਂ ਕਾਰਜਕਾਲ ਦੌਰਾਨ ਬਲੋਚ ਨੇਤਾ ਨਵਾਬ ਅਕਬਰ ਬੁਗ਼ਤੀ ਨੂੰ ਜਿਸ ਧੋਖੇ ਨਾਲ ਮਾਰਿਆ ਗਿਆ, ਉਸ ਨੇ ਬਲੋਚਾਂ ਅੰਦਰ ਬਦਲੇ ਦੀ ਜਵਾਲਾ ਪੂਰੀ ਪ੍ਰਚੰਡ ਕਰ ਦਿੱਤੀ। ਅਕਬਰ ਬੁਗ਼ਤੀ ਪਹਿਲਾਂ ਕੁਝ ਬਲੋਚ ਕਬੀਲਿਆਂ ਦਾ ਨੇਤਾ ਸੀ, ਹੁਣ ਉਹ ਸਾਰੇ ਬਲੋਚ ਕੌਮਪ੍ਰਸਤਾਂ ਦਾ ਮਹਾਂਨਾਇਕ ਹੈ।

ਇੱਕ ਦਰਜਨ ਦੇ ਕਰੀਬ ਬਾਗ਼ੀ ਗੁੱਟ ਸਰਗਰਮ ਹਨ ਬਲੋਚਿਸਤਾਨ ਵਿਚ। ਚਾਰ ਦਹਾਕੇ ਪਹਿਲਾਂ ਤੱਕ ਬਲੋਚਾਂ ਦੀ ਲੜਾਈ ਮੁੱਖ ਤੌਰ 'ਤੇ ਪਸ਼ਤੂਨਾਂ ਦੇ ਖ਼ਿਲਾਫ਼ ਸੀ। ਪਸ਼ਤੂਨਾਂ ਦੀ ਬਲੋਚਿਸਤਾਨ ਵੱਲ ਹਿਜਰਤ ਤੇ ਪੱਕਾ ਵਸੇਬਾ ਬਲੋਚ ਸ਼ਨਾਖ਼ਤ ਲਈ ਖ਼ਤਰਾ ਬਣਿਆ ਹੋਇਆ ਸੀ। ਹੁਣ ਦੋਵਾਂ ਕੌਮਾਂ ਵਿਚ ਏਕਾ ਹੈ। ਦੋਵਾਂ ਦੀ ਸਾਂਝੀ ਲੜਾਈ ਪੰਜਾਬੀ ਸਰਦਾਰੀ ਵਾਲੀ ਹਕੂਮਤ-ਇ-ਪਾਕਿਸਤਾਨ ਨਾਲ ਹੈ। ਬਲੋਚ ਲਿਬਰੇਸ਼ਨ ਆਰਮੀ (ਬੀ.ਐੱਲ.ਏ.) ਸਭ ਤੋਂ ਵੱਡਾ ਤੇ ਤਾਕਤਵਰ ਬਾਗ਼ੀ (ਪਾਕਿਸਤਾਨੀ ਨਜ਼ਰਾਂ ਵਿਚ ਦਹਿਸ਼ਤਗਰਦ) ਗੁੱਟ ਹੈ। ਇਸ ਦਾ ਨੇਤਾ ਅਸਲਮ ਬਲੋਚ (ਅਸਲ ਨਾਮ ਕਰੀਮ ਖ਼ਾਨ) ਹੈ। ਪਸ਼ਤੂਨ ਬਾਗ਼ੀ ਜਮਾਤ ਤਹਿਰੀਕ-ਇ-ਤਾਲਿਬਾਨ ਪਾਕਿਸਤਾਨ (ਟੀ.ਟੀ.ਪੀ.) ਤੇ ਬੀ.ਐੱਲ.ਏ. ਦਰਮਿਆਨ ਇਸ ਸਮੇਂ ਪੂਰਾ ਤਾਲਮੇਲ ਹੈ। ਬਲੋਚ ਲਿਬਰੇਸ਼ਨ ਫੋਰਸ (ਬੀ.ਐੱਲ.ਐੱਫ.), ਬਲੋਚ ਨੈਸ਼ਨਲਿਸਟ ਆਰਮੀ (ਬੀ.ਐੱਨ.ਏ.) ਤੇ ਬਲੋਚ ਰਿਪਬਲਿਕਨ ਆਰਮੀ (ਬੀ.ਆਰ.ਏ.) ਵੀ ਆਪੋ-ਆਪਣੀ ਥਾਂ ਸਰਗਰਮ ਹਨ। ਪਾਕਿਸਤਾਨੀ ਫ਼ੌਜ ਨੇ ਇਨ੍ਹਾਂ ਨੂੰ ਟੱਕਰ ਦੇਣ ਲਈ ਅਨਸਾਰ ਅਲ-ਫ਼ੁਰਕਾਨ, ਜੈਸ਼-ਉਲ-ਅਦਲ, ਹਿਜ਼ਬੁਲ ਫ਼ੁਰਕਾਨ ਵਰਗੇ ਸਰਕਾਰੀ ਦਹਿਸ਼ਤੀ ਗਰੁੱਪ ਖੜ੍ਹੇ ਕੀਤੇ ਹੋਏ ਹਨ ਜੋ ਬਲੋਚ ਕੌਮਪ੍ਰਸਤ ਆਗੂਆਂ ਦੇ ਪਿੰਡਾਂ ਵਿਚ ਮਾਰ-ਕਾਟ ਕਰਦੇ ਰਹਿੰਦੇ ਹਨ। ਬੀ.ਐੱਲ.ਏ. ਵੱਡੇ ਦਹਿਸ਼ਤੀ ਕਾਰਿਆਂ (ਜਿਵੇਂ ਕਿ ਕੋਇਟਾ ਰੇਲਵੇ ਸਟੇਸ਼ਨ 'ਤੇ ਬੰਬ ਧਮਾਕੇ ਰਾਹੀਂ 14 ਫ਼ੌਜੀਆਂ ਸਮੇਤ 29 ਜਾਨਾਂ ਲੈਣ ਵਾਲੀ ਹਾਲੀਆ ਘਟਨਾ) ਤੋਂ ਇਲਾਵਾ ਸਰਕਾਰੀ ਦਹਿਸ਼ਤੀ ਗੁੱਟਾਂ ਨਾਲ ਵੀ ਕਰੜੇ ਹੱਥੀਂ ਸਿੱਝਦੀ ਆਈ ਹੈ। ਸਰਕਾਰੀ ਗੁੱਟਾਂ ਨਾਲ ਸਿੱਝਣ ਦਾ ਕੰਮ ਬੀ.ਐੱਲ.ਐੱਫ. ਵੀ ਕਰਦੀ ਆਈ ਹੈ।

ਜਿਵੇਂ ਕਿ ਬਾਗ਼ੀਆਨਾ ਸਰਗਰਮੀਆਂ ਵਾਲੇ ਇਲਾਕਿਆਂ ਵਿਚ ਅਕਸਰ ਵਾਪਰਦਾ ਰਹਿੰਦਾ ਹੈ, ਪਰਿਵਾਰਾਂ ਦੇ ਪਰਿਵਾਰ ਅਹਿੰਸਾ ਜਾਂ ਹਿੰਸਾ ਦੀ ਚੋਣ ਨੂੰ ਲੈ ਕੇ ਆਪੋ ਵਿਚ ਵੰਡੇ ਜਾਂਦੇ ਹਨ। ਬਲੋਚਿਸਤਾਨ ਵਿਚ ਵੀ ਇਹੋ ਕੁਝ ਵਾਪਰਦਾ ਆ ਰਿਹਾ ਹੈ। ਇੱਕ ਪਾਸੇ ਕਬੀਲੇ ਪ੍ਰਤੀ ਵਫ਼ਾਦਾਰੀਆਂ, ਦੂਜੇ ਪਾਸੇ ਪਰਿਵਾਰਕ ਹਿੱਤਾਂ ਨਾਲ ਮੋਹ ਤੇ ਤੀਜੇ ਪਾਸੇ ਕੌਮਪ੍ਰਸਤੀ। ਤਕਰੀਬਨ ਹਰ ਬਲੋਚ ਕੁਨਬਾ ਅਜਿਹੀਆਂ ਵੰਡੀਆਂ ਤੇ ਤਰਫ਼ਦਾਰੀਆਂ ਨਾਲ ਜੂਝਦਾ ਆ ਰਿਹਾ ਹੈ। ਇਸ ਸਮੇਂ ਸੂਬੇ ਦਾ ਮੁੱਖ ਮੰਤਰੀ ਸਰਫ਼ਰਾਜ਼ ਖ਼ਾਨ ਵੀ

***(ਬਾਕੀ ਅਗਲੇ ਸਫੇ 'ਤੇ)***

# ਰਾਸ਼ਟਰਪਤੀ ਡੋਨਲਡ ਟਰੰਪ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਅਮਰੀਕਾ ਵਿਚ ਡੋਨਲਡ ਟਰੰਪ ਦੀ ਸੱਤ ਸਵਿੰਗ ਸਟੇਟਸ ਵਿਚ ਹੂੰਝਾ ਫੇਰ ਜਿੱਤ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੀ ਹਿੱਕ ਦਾ ਜ਼ੋਰ ਦਿਖਾਉਣ ਲਾ ਦਿੱਤਾ ਹੈ। ਉਸਨੇ ਮਹਾਰਾਸ਼ਟਰ ਵਿਚ ਜ਼ਿਲ੍ਹਾ ਚੰਦਰਪੁਰ ਦੇ ਚਿਮੂਰ ਬਲਾਕ ਵਿਚ 20 ਨਵੰਬਰ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨਾਲ ਸਬੰਧਤ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਕਾਂਗਰਸ ਪਾਰਟੀ ਨੂੰ ਸ਼ਾਹੀ ਪਰਿਵਾਰ ਕਹਿ ਕੇ ਨਿੰਦਿਆ ਤੇ ਰਾਹੁਲ ਗਾਂਧੀ ਨੂੰ ਸ਼ਹਿਜ਼ਾਦਾ ਕਹਿਣ ਤੋਂ ਗੁਰੇਜ਼ ਨਹੀਂ ਕੀਤਾ। ਇਹ ਵੀ ਕਿ ਇਸ ਪਰਿਵਾਰ ਨੇ ਕਦੀ ਵੀ ਦਲਿਤਾਂ, ਪਛੜੇ ਵਰਗਾਂ ਤੇ ਆਦਿਵਾਸੀਆਂ ਦੀ ਉਨਤੀ ਨਹੀਂ ਹੋਣ ਦਿੱਤੀ। ਇਹ ਭੁੱਲ ਭੁਲਾ ਕੇ ਕਿ ਦੇਸ਼ ਦੇ ਸੰਵਿਧਾਨ ਵਿਚ ਰਾਖਵੇਂਕਰਨ ਰਾਹੀਂ ਸੁਵਿਧਾ ਤੇ ਸਹੂਲਤਾਂ ਦੇਣ ਸਦਕਾ ਹੀ ਪਛੜੇ ਕਾਰੋਬਾਰੀ ਪ੍ਰਧਾਨ ਮੰਤਰੀ ਦੀ ਪੌੜੀ ਚੜ੍ਹਨ ਦੇ ਯੋਗ ਹੋਏ ਹਨ। ਇੱਕ ਪਛੜੇ ਵਰਗ ਦੇ ਕਾਰੋਬਾਰੀ ਦਾ ਰੀਅਲ ਅਸਟੇਟ ਦੇ ਵੱਡੇ ਕਾਰੋਬਾਰੀ ਦਾ ਹਮ ਰੁਤਬਾ ਹੋਣ ਬਰਾਬਰ।

ਦੂਜੇ ਪਾਸੇ ਅੰਤਰਰਾਸ਼ਟਰੀ ਚਿੰਤਕ ਤੇ ਰਾਜਨੀਤੀਵਾਨ ਤਾਂ ਇਹ ਮੰਨਦੇ ਹਨ ਕਿ ਟਰੰਪ ਦੀ ਜਿੱਤ ਵਿਸ਼ਵੀਕਰਨ, ਪਰਵਾਸ ਤੇ ਉਦਾਰਵਾਦ ਦੇ ਵਰਤਮਾਨ ਰੌਅ ਲਈ ਮਾਰੂ ਹੋ ਸਕਦੀ ਹੈ। ਅੱਜ ਤੱਕ ਗਲੋਬਲ ਸ਼ਕਤੀਆਂ ਪਰਵਾਸ ਦੇ ਹੱਕ ਵਿਚ ਭੁਗਤ ਰਹੀਆਂ ਸਨ ਤੇ ਨੈਸ਼ਨਲਿਸਟ ਸ਼ਕਤੀਆਂ ਇਸਦੇ ਉਲਟ। ਪਰ ਹੁਣ ਇਹ ਰੁਝਾਨ ਬਦਲ ਰਿਹਾ ਹੈ। ਵੇਖਣ ਵਿਚ ਆਇਆ ਹੈ ਕਿ ਅਮਰੀਕਾ ਤੇ ਕੈਨੇਡਾ ਵਿਚ ਹੀ ਨਹੀਂ ਪੱਛਮੀ ਦੇਸ਼ਾਂ ਵਿਚ ਵੀ ਉਹ ਪਾਰਟੀਆਂ ਸ਼ਕਤੀਸ਼ਾਲੀ ਹੋਈਆਂ ਹਨ ਜਿਨ੍ਹਾਂ ਨੇ ਪਰਵਾਸ ਦੇ ਵਿਰੁਧ ਸਟੈਂਡ ਲਿਆ ਹੈ। ਉਨ੍ਹਾਂ ਦਾ ਮੱਤ ਹੈ ਕਿ ਵਿਸ਼ਵੀਕਰਨ ਦੀ ਧਾਰਨਾ ਨੇ ਸਥਾਨਕ ਸਮਾਜ ਨੂੰ ਸੱਟ ਮਾਰੀ ਹੈ। ਉਂਝ ਵੀ ਅਮਰੀਕਾ ਨਿਵਾਸੀ ਪਰਵਾਸ, ਪਰਵਾਸੀ ਤੇ ਰੂਸ ਯੂਕਰੇਨ ਯੁੱਧ ਨੂੰ ਆਪਣੀਆਂ ਆਰਥਕ ਮੁਸ਼ਕਲਾਂ ਦੀ ਜੜ੍ਹ ਮੰਨਦੇ ਹਨ। ਟਰੰਪ ਖੁਦ ਆਪਣੀ ਚੋਣ ਮੁਹਿੰਮ ਵਿਚ ਅਮਰੀਕਾ ਨੂੰ ਗਾਰਬੇਜ ਕੈਨ (ਕੂੜੇਦਾਨ) ਗਰਦਾਨ ਕੇ ਚੋਣ ਜਿੱਤਿਆ ਹੈ। ਏਧਰ ਪਰਵਾਸ ਦੇ ਰਾਹ ਵਿਚ ਆਉਣ ਵਾਲੀਆਂ ਸੰਭਾਵੀ ਰੁਕਾਵਟਾਂ ਪੰਜਾਬ ਦੇ ਮਾਪਿਆਂ ਨੂੰ ਪ੍ਰਭਾਵਤ ਕਰ ਸਕਦੀਆਂ ਹਨ ਜਿਹੜੇ ਆਪਣੇ ਬੱਚਿਆਂ ਦੇ ਭਵਿਖ ਨੂੰ ਪਰਵਾਸ ਨਾਲ ਜੋੜ ਕੇ ਵੇਖਣ ਦੇ ਆਦੀ ਹੋ ਚੁੱਕੇ ਹਨ।

ਅਮਰੀਕੀ ਰਾਸ਼ਟਰਪਤੀ ਵਲੋਂ ਮਾਈਕ ਵਾਲਟਜ਼ ਨੂੰ ਰਾਸ਼ਟਰੀ ਸੁਰਖਸ਼ਾ ਸਲਾਹਕਾਰ ਚੁਣੇ ਜਾਣ ਉੱਤੇ ਅੰਤਰਰਾਸ਼ਟਰੀ ਨੀਤੀਵਾਨਾਂ ਦੀ ਹੇਠ ਲਿਖੀ ਟਿੱਪਣੀ ਵੀ ਗੌਲਣ ਵਾਲੀ ਹੈ: 'ਅਮਰੀਕਾ ਨਾਲ ਦੁਸ਼ਮਣੀ ਖਤਰਨਾਕ ਹੋ ਸਕਦੀ ਹੈ ਪਰ ਦੋਸਤੀ ਆਤਕਾ'

ਅਮਰੀਕਾ ਨਾਲ ਦੋਸਤੀ ਦਾ ਹੋਕਾ ਦੇਣ ਵਾਲੇ ਨਰਿੰਦਰ ਮੋਦੀ ਨੂੰ ਆਪਣਾ ਧਿਆਨ ਕਾਂਗਰਸ ਨੂੰ ਸ਼ਾਹੀ ਪਰਿਵਾਰ ਤੇ ਰਾਹੁਲ ਨੂੰ ਸ਼ਹਿਜ਼ਾਦਾ ਗਰਦਾਨਣ ਨਾਲੋਂ ਅਮਰੀਕਾ, ਚੀਨ ਤੇ ਇਸਲਾਮੀ ਦੁਨੀਆਂ ਨਾਲ ਭਵਿਖ ਦੀਆਂ ਸਾਂਝਾਂ ਵਲ ਦੇਣ ਦੀ ਲੋੜ ਹੈ! ਤੁਰੰਤ!!

**ਅੰਤਰ ਜਾਤਿ ਵਿਆਹਾਂ ਦੇ ਦੁੱਖ ਸੁੱਖ**

ਇਨ੍ਹਾਂ ਦਿਨਾਂ ਦੀਆਂ ਦੋ ਘਟਨਾਵਾਂ ਨੇ ਮੈਨੂੰ ਅੰਤਰ ਜਾਤਿ ਸ਼ਾਦੀਆਂ ਦੀ ਗੱਲ ਕਰਨ ਲਈ ਪ੍ਰੇਰਿਆ ਹੈ। ਪਹਿਲੀ ਘਟਨਾ ਦਾ ਸਬੰਧ ਮੇਰੇ ਸਾਂਢੂ ਕਮਲੇਸ਼ ਟੰਡਨ ਦੇ ਦਿਹਾਂਤ ਨਾਲ ਹੈ, ਜਿਸਨੇ 64 ਵਰ੍ਹੇ ਪਹਿਲਾਂ ਪੰਜਾਬ ਪਬਲਿਕ ਸਕੂਲ ਨਾਭਾ ਦਾ ਮੁਖੀ ਹੁੰਦਿਆਂ ਮੇਰੀ ਪਤਨੀ ਤੋਂ ਛੋਟੀ ਕੀਰਤਨ ਪ੍ਰਕਾਸ਼ ਕੌਰ ਨਾਲ ਨਾਤਾ ਜੋੜ ਲਿਆ ਸੀ। ਮੇਰੇ ਨਾਲੋਂ ਦੋ ਸਾਲ ਛੋਟਾ ਕਮਲੇਸ਼ ਪਾਕਿਸਤਾਨ ਦੇ ਸਿਆਲਕੋਟ ਜ਼ਿਲ੍ਹੇ ਦਾ ਜੰਮਪਲ ਸੀ ਜਿਸਦੇ ਪਿਤਾ ਦੀ ਛਾਂ ਦੋ ਵਰ੍ਹੇ ਦੀ ਨੰਨ੍ਹੀ ਉਮਰੇ ਹੀ ਚਲੀ ਗਈ ਸੀ। ਉਸਨੂੰ ਉਸਦੀ ਵਿਧਵਾ ਮਾਂ ਨੇ ਆਪਣੇ ਪੇਕੇ ਘਰ ਰਹਿ ਕੇ ਪਾਲਿਆ। ਦੇਸ਼ ਵੰਡ ਤੋਂ ਪਿਛੋਂ ਪਰਿਵਾਰ ਦਾ ਵਾਸਾ ਹਰਵਲਭ ਸੰਗੀਤ ਲਈ ਜਾਣੇ ਜਾਂਦੇ ਜਲੰਧਰ ਸ਼ਹਿਰ ਵਿਚ ਹੋ ਗਿਆ। ਹਿਸਾਬ ਅਲਜਬਰਾ ਤੇ ਸਾਇੰਸ ਵਿਚ ਹੁਸ਼ਿਆਰ



ਹੋਣ ਸਦਕਾ ਘਰ ਵਾਲੇ ਉਸਨੂੰ ਇੰਜਨੀਅਰ ਬਣਾਉਣਾ ਚਾਹੁੰਦੇ ਸਨ ਪਰ ਉਸਦਾ ਮਨ ਸੰਗੀਤ ਵਿਚ ਸੀ।

ਉਸਦੀ ਇੱਛਾ ਪੂਰਤੀ ਲਈ ਉਸਨੂੰ ਸ਼ਾਂਤੀ ਨਿਕੇਤਨ ਭੇਜਿਆ ਗਿਆ ਜਿੱਥੇ ਉਸਨੇ ਤਿੰਨ ਸਾਲ ਪੜ੍ਹਦਿਆਂ ਤਬਲਾ, ਸਿਤਾਰ ਤੇ ਅਸਰਾਜ ਵਿਚ ਚੰਗੇ ਨੰਬਰ ਪ੍ਰਾਪਤ ਕੀਤੇ। ਏਨੇ ਚੰਗੇ ਕਿ ਉਹ ਅੰਤਲੇ ਵਰ੍ਹੇ ਵਿਚ ਆਪਣੇ ਸਹਿਪਾਠੀਆਂ ਦੀਆਂ ਕਲਾਸਾਂ ਵੀ ਲੈਂਦਾ ਰਿਹਾ। ਇਹ ਗੱਲ ਵਖਰੀ ਹੈ ਕਿ ਆਪਣੀ ਜੀਵਨ ਵਿਚ ਵਡੇਰੀਆਂ ਮੱਲਾਂ ਮਾਰਨ ਦੀ ਭਾਵਨਾ ਨਾਲ ਉਸਨੇ ਇਤਿਹਾਸ ਦੀ ਐਮ.ਏ. ਹੀ ਨਹੀਂ ਕੀਤੀ ਬੀ ਐਡ ਤੇ ਐਮ ਐਡ ਕਰ ਕੇ ਪੰਜਾਬ ਪਬਲਿਕ ਸਕੂਲ ਵਿਚ ਆਪਣੀ ਪੈਂਠ ਬਣਾਈ ਤੇ ਜੁਗਰਾਫੀਆ ਪੜ੍ਹਾਉਂਦੀ ਸਹਿ ਕਰਮੀ ਕੀਰਤਨ ਨਾਲ ਸ਼ਾਦੀ ਕੀਤੀ। ਕੀਰਤਨ ਉਸਨੂੰ ਰਾਇ ਸਾਹਬ ਕਹਿੰਦੀ ਸੀ ਤੇ ਉਹ ਕੀਰਤਨ ਨੂੰ ਮੈਡਮ ਜਾਂ ਦਿਲਲਗੀ ਵਜੋਂ ਨੁਸ਼ਹਿਰੇ ਦੀ ਰਾਣੀ। ਨੁਸ਼ਹਿਰਾ ਪੰਨੂੰਆਂ ਮੇਰਾ ਵੀ ਸਹੁਰਾ ਪਿੰਡ ਹੈ। 1966 ਤੋਂ, ਬਾਵਾ ਕਮਲੇਸ਼ ਨਾਲੋਂ ਚਾਰ ਸਾਲ ਪਿੱਛੋਂ ਤੋਂ। ਮੈਂ ਉਸ ਤੋਂ ਉਮਰ ਵਿਚ ਵੱਡਾ ਹੋਣ ਦੇ ਬਾਵਜੂਦ ਇਸ ਨਾਤੇ ਉਹਦੇ ਨਾਲੋਂ ਛੋਟਾ ਹਾਂ।

ਕਮਲੇਸ਼ ਟੰਡਨ ਦੀ ਵੱਡੀ ਪ੍ਰਾਪਤੀ ਪੰਜਾਬ ਪਬਲਿਕ ਸਕੂਲ ਨਾਭਾ ਦੀਆਂ 17 ਸ਼ਾਖਾਵਾਂ ਸਥਾਪਤ ਕਰਨਾ ਸੀ ਜਿਨ੍ਹਾਂ ਦੇ ਚੋਣਵੇਂ ਪ੍ਰਤੀਨਿਧ ਬਲੌਂਗੀ ਵਾਲੇ ਸ਼ਮਸ਼ਾਨ ਘਾਟ ਉਸਦੇ ਸਸਕਾਰ ਸਮੇਂ ਜਾਂ ਸੈਕਟਰ 34 ਦੇ ਗੁਰੂ ਘਰ ਉਸਦੀ ਅੰਤਮ ਅਰਦਾਸ ਸਮੇਂ ਦੂਰ ਦੁਰਾਡੇ ਸਥਾਨਾਂ ਤੋਂ ਪਹੁੰਚੇ ਹੋਏ ਸਨ। ਹੁਣ ਜਦੋਂ ਮੇਰੇ ਬਹੁਤ ਵੱਡੇ ਸਹੁਰਾ ਪਰਿਵਾਰ ਦੇ ਬਹੁਤ ਸਾਰੇ ਮੈਂਬਰ ਵਿਛੋੜਾ ਦੇ ਗਏ ਹਨ ਜਾਂ ਸੱਤ ਸਮੁੰਦਰ ਪਾਰ ਦੇ ਦੇਸ਼ਾਂ ਵਿਚ ਜਾ ਵਸੇ ਹਨ ਤਾਂ ਕਮਲੇਸ਼ ਦੀਆਂ ਬੇਟੀਆਂ ਐਮੀ ਤੇ ਬਾਵਾ ਸਾਡਾ ਸਹਾਰਾ ਹਨ। ਬਾਵਾ ਦੇ ਜੀਵਨ ਸਾਥੀ ਕੈਪਟਨ ਸੰਦੀਪ ਸੰਧੂ ਅਤੇ ਐਮੀ ਦੇ ਰਾਜੀਵ ਕੁਮਾਰ ਸਮੇਤ। ਅੰਤਰ-ਜਾਤਿ ਦੂਜੀ ਜੋੜੀ ਜੋ ਇਨ੍ਹਾਂ ਦਿਨਾਂ ਵਿਚ ਸਾਡੀ ਜਾਣੂ ਹੋਈ ਉਹ ਸਾਡੇ ਨਵੇਂ ਗਵਾਂਢੀ ਹਨ। ਚੇਨੱਈ ਵਾਲਾ ਕ੍ਰਿਸ਼ਨਾਸਵਾਮੀ ਤੇ ਉਸਦੀ ਪਤਨੀ ਹਰਲੀਨ ਕੌਰ ਜਿਸਦਾ ਪੇਕਾ ਪਿੰਡ ਬਸੀ ਪਠਾਣਾ ਬਲਾਕ ਦਾ ਪਿੰਡ ਘੜੂੰਆਂ ਹੈ। ਸਾਡਾ ਇਸ ਜੋੜੀ ਨਾਲ ਵੀ ਨੇੜਲਾ ਸਬੰਧ ਪੈਦਾ ਹੋ ਗਿਆ ਹੈ।

ਜਾਂਦੇ ਜਾਂਦੇ ਇਹ ਵੀ ਦਸ ਦਿਆਂ ਕਿ ਛੇ ਦਹਾਕੇ ਪਹਿਲਾਂ ਮੇਰੇ ਇਕ ਪੰਜਾਬੀ ਮਿੱਤਰ ਨੇ ਆਂਧਰਾ ਪ੍ਰਦੇਸ਼ ਦੀ ਕੁੜੀ ਨਾਲ ਵਿਆਹ ਕਰ ਲਿਆ ਸੀ। ਪਹਿਲਾਂ ਪਹਿਲਾਂ ਪੰਜਾਬੀ ਮਾਪਿਆਂ ਨੂੰ ਆਪਣੀ ਨੂੰਹ ਦੀ ਤੇਲਗੂ ਭਾਸ਼ਾ ਬੜੀ ਮਸਲਾ ਬਣੀ ਰਹੀ ਪਰ ਜਦੋਂ ਉਨ੍ਹਾਂ ਦੇ ਘਰ ਇੱਕ ਬੱਚਾ ਵੱਡਾ ਹੋ ਗਿਆ ਤਾਂ ਉਹ ਇੰਟਰਪਰੈਟਰ ਦੁਭਾਸ਼ੀਏ ਦਾ ਕੰਮ ਕਰਨ ਲੱਗ ਪਿਆ। ਬੱਚਾ ਮਾਂ ਦੀ ਭਾਸ਼ਾ (ਤੇਲਗੂ) ਵੀ ਸਮਝਦਾ ਸੀ ਤੇ ਬਾਪ ਦੀ ਭਾਸ਼ਾ (ਪੰਜਾਬੀ) ਵੀ। ਦਾਦਾ ਦਾਦੀ ਹਰ ਕੰਮ ਲਈ ਬੱਚੇ ਦਾ ਆਸਰਾ ਲੈਂਦੇ ਸਨ।

ਥੋੜ੍ਹੇ ਸ਼ਬਦਾਂ ਵਿਚ ਇਹ ਗੱਲ ਸਮੇਟਣੀ ਹੋਵੇ ਤਾਂ ਅੰਗਰੇਜ਼ੀ ਦਾ ਅਖਾਣ ਚਾਈਲਡ ਇਜ਼ ਦੀ ਫਾਦਰ ਆਫ ਮੈਨ (ਬੱਚਾ ਬੰਦੇ ਦਾ ਬਾਪ ਹੈ) ਵਰਤ ਸਕਦੇ ਹਾਂ।

**ਅੰਤਿਕਾ**

ਤਾਰਾ ਸਿੰਘ ਕਾਮਲ॥
ਜੁਆਨੀ ਦੀ ਸਿਕ ਸੀ, ਤੁਸੀਂ ਹਾਲ ਪੁੱਛੋ,
ਚਲੀ ਗਈ ਜੁਆਨੀ, ਮੇਰਾ ਹਾਲ ਪੁੱਛਿਆ।
ਗੁਨਾਹਾਂ ਸਣੇ ਪੇਸ਼ ਹੋਇਆ, ਤਾਂ ਰੱਬ ਨੇ,
ਧਰੀ ਕੰਨ ਤੇ ਦਾਨੀ, ਮੇਰਾ ਹਾਲ ਪੁੱਛਿਆ।

# ਭਾਰਤੀ ਫ਼ੁੱਟਬਾਲ ਦਾ ਜਾਦੂਗਰ ਖਿਡਾਰੀ-ਸੀਤਲ ਪਲਾਹੀ

ਫ਼ੁੱਟਬਾਲ ਜਗਤ ਵਿਚ ਸੀਤਲ ਸਿੰਘ ਦਾ ਵੱਡਾ ਨਾਂ ਹੈ। ਫ਼ਗਵਾੜੇ ਲਾਗੇ ਪਿੰਡ ਪਲਾਹੀ ਦੇ ਧਨੰਤਰ ਖਿਡਾਰੀ ਨੇ ਭਾਰਤ ਅਤੇ ਦੂਜੇ ਮੁਲਕਾਂ 'ਚ ਬੜਾ ਨਾਂ ਕਮਾਇਐ। ਬਹੁ-ਪੱਖੀ ਖਿਡਾਰੀ ਨੇ ਬੀ ਐਡ, ਐਮ ਏ, ਡੀ ਪੀ ਐਡ, ਐਨ ਆਈ ਐਸ, ਐਮ ਐਸ ਤੇ ਖੇਡਾਂ ਦੇ ਵਿਸ਼ੇ 'ਤੇ ਪੀ. ਐਚਡੀ. ਕੀਤੀ। ਉਹਦਾ ਜੱਦੀ ਪਿੰਡ ਜ਼ਿਲ੍ਹਾ ਕਪੂਰਥਲਾ ਦਾ ਡੁਮੇਲੀ ਹੈ ਪਰ ਮਜਬੂਰੀਆਂ ਵੱਸ ਨਾਨਕੇ ਪਿੰਡ ਪਲਾਹੀ ਆ ਕੇ ਰਹਿਣਾ ਪਿਆ। ਖੇਡ ਨਕਸ਼ੇ 'ਤੇ ਨਾਨਕਿਆਂ ਦੀ ਬੱਲੇ-ਬੱਲੇ ਕਰਾਈ। ਛੇ-



**ਇਕਬਾਲ ਸਿੰਘ ਜੱਬੋਵਾਲੀਆ**

ਸੱਤ ਸਾਲ ਦੀ ਉਮਰੇ ਸਿਰ ਤੋਂ ਪਿਤਾ ਦਾ ਸਾਇਆ ਉਠਿਆ ਪਰ ਹੌਸਲਾ ਨਾ ਹਾਰਿਆ ਸਗੋਂ ਅੱਗੇ ਤੋਂ ਅੱਗੇ ਵਧਦਾ ਗਿਆ। ਖੇਡ ਮੈਦਾਨਾਂ ਵਿਚ ਮਾਤਾ ਗੁਰਬਚਨ ਕੌਰ ਦੀ ਬੁੱਕਲ ਦੇ ਨਿੱਘ ਅਤੇ ਕਬੱਡੀ ਦੇ ਖਿਡਾਰੀ ਵੱਡੇ ਭਰਾ ਜਸਵਿੰਦਰ ਸਿੰਘ ਦੇ ਥਾਪੜੇ ਨੇ ਡੁੱਲ੍ਹਣ ਨਾ ਦਿੱਤਾ।

ਕੁਝ ਬਣਨ ਦੀ ਇੱਛਾ ਨਾਲ ਉਹ ਸਕੂਲਾਂ ਤੋਂ ਹੀ ਫ਼ੁੱਟਬਾਲ ਦੀ ਸਾਧਨਾ ਕਰਨ ਲੱਗਾ। ਉਸ ਨੇ ਯੂਨੀਵਰਸਿਟੀ ਅਤੇ ਤਿੰਨ ਵਾਰ ਕੰਬਾਈਡ ਯੂਨੀਵਰਸਿਟੀ ਖੇਡੀ ਤੇ 1979 'ਚ ਭਾਰਤੀ ਯੂਨੀਵਰਸਿਟੀ ਟੀਮ ਦੇ ਵਾਈਸ ਕਪਤਾਨ ਵਜੋਂ ਬਰਮਾ ਖੇਡਣ ਗਏ। 1979 -ਮੈਕਸੀਕੋ 'ਚ ਹੋਣ ਵਾਲੀ ਵਿਸ਼ਵ ਯੂਨੀਵਰਸਿਟੀ 'ਚ ਖੇਡਣ ਵਾਲੀ ਟੀਮ ਦਾ ਉਪ-ਕਪਤਾਨ ਬਣਿਆ। ਓਹੀ ਟੀਮ ਫਿਰ ਬਰਮਾ, ਇੰਡੋਨੇਸ਼ੀਆ ਦੇ ਸੱਦੇ ਪੱਤਰ 'ਤੇ ਖੇਡਣ ਗਈ। 1980 ਤੋਂ ਪੰਜਾਬ ਰਾਜ ਬਿਜਲੀ ਬੋਰਡ ਵਲੋਂ ਖੇਡਦੇ ਨੇ ਅੰਤਰ-ਰਾਸ਼ਟਰੀ ਪ੍ਰਸਿੱਧੀ ਦਾ ਝੰਡਾ ਜਾ ਫੜਿਆ। ਸੰਨ "81 ਦੀ ਸੰਤੋਸ਼ ਟਰਾਫ਼ੀ ਖੇਡਦੇ ਉਹ ਭਾਰਤੀ ਕੈਂਪ ਵਾਸਤੇ ਚੁਣਿਆ ਗਿਆ। 1982 ਦੀਆਂ ਏਸ਼ੀਅਨ ਗੇਮਾਂ ਵਿੱਚ ਉਸ ਨੂੰ 'ਸਰਬੋਤਮ ਖਿਡਾਰੀ' ਐਲਾਨਿਆ ਗਿਆ। 1982 'ਚ ਸ਼ੁਰੂ ਹੋਏ ਪਹਿਲੇ ਨਹਿਰੂ ਗੋਲਡ ਕੱਪ ਵਿਚ ਭਾਰਤੀ ਟੀਮ ਦੀ ਅਗਵਾਈ ਕੀਤੀ। 1983 ਵਿਚ 'ਇੰਡੀਆ ਕਲਰ' ਖੇਡਣ ਲਈ ਬੰਗਲਾ ਦੇਸ਼ ਗਿਆ। ਸ. ਜਰਨੈਲ ਸਿੰਘ ਪਨਾਮ ਵਾਂਗ ਉਹ ਵੀ ਤਕੜਾ ਡਿਫ਼ੈਂਡਰ ਸੀ। ਸੰਨ '87 ਵਿਚ ਪੰਜਾਬ ਦੀ ਟੀਮ ਦਾ ਕਪਤਾਨ ਥਾਪਿਆ ਗਿਆ।

ਬਿਜਲੀ ਬੋਰਡ ਪਟਿਆਲਾ ਵਲੋਂ ਉਹ ਸੱਤ-ਅੱਠ ਸਾਲ ਖੇਡਿਆ। ਕਾਹਮੇਂ ਵਾਲਾ ਛੰਨਾ ਵੀ ਸੰਨ '80 ਤੋਂ 84 ਤੱਕ ਨਾਲ ਖੇਡਿਆ। ਡੀ ਸੀ ਐਮ ਤੇ ਯੂਨੀਵਰਸਿਟੀ 'ਕੱਠੇ ਖੇਡੇ। ਕਾਹਮੇਂ ਵਾਲਾ ਛੰਨਾ, ਮਨਜੀਤ ਖਰੜ ਅਚਰਵਾਲ, ਪੱਪੂ ਧਮਾਈ, ਰਾਜ ਗਿੱਲ, ਦਰਸ਼ਣ ਮਜ਼ਾਰਾ ਡੀਗਰੀਆਂ ਗੋਲਕੀਪਰ, ਜੋਗਿੰਦਰ, ਕਸ਼ਮੀਰਾ, ਝਲਮਣ ਗੋਲਕੀਪਰ, ਸ਼ੇਰਪੁਰ ਦਾ ਭਿੰਦਾ ਤੇ ਹੋਰ ਖਿਡਾਰੀ ਮਾਹਿਲਪੁਰ ਬਿਜਲੀ ਬੋਰਡ ਦੇ ਖਿਡਾਰੀ ਸਨ।

ਬਿਜਲੀ ਬੋਰਡ ਵਿਚ ਉਹ ਜੇ ਈ ਦੀ ਪੋਸਟ 'ਤੇ ਰਿਹਾ। ਪੰਜਾਬ ਬਿਜਲੀ ਬੋਰਡ ਵਲੋਂ ਖੇਡਦਿਆਂ ਉਨ੍ਹਾਂ ਦੀ ਟੀਮ ਨੇ ਤਿੰਨ ਵਾਰ ਅੰਤਰ-ਸਟੇਟ ਬਿਜਲੀ ਬੋਰਡ ਚੈਂਪੀਅਨਸ਼ਿਪ ਜਿੱਤੀ। ਉਸ ਦੀ ਕਪਤਾਨੀ ਹੇਠ ਪੰਜਾਬ ਦੀ ਟੀਮ ਸੰਨ "85 'ਚ ਕਾਨਪੁਰ ਅਤੇ ਸੰਨ "86 'ਚ ਜੱਬਲਪੁਰ ਦੀ ਨੈਸ਼ਨਲ ਚੈਂਪੀਅਨ ਬਣੀ। 1985 'ਚ ਨੇਪਾਲ 'ਚ 'ਤ੍ਰੀਭਵਨ ਗੋਲਡ-ਕੱਪ' ਟੂਰਨਾਮੈਂਟ ਖੇਡਿਆ। ਕਾਠਮੰਡੂ ਟੂਰਨਾਮੈਂਟ ਵਿਚ ਨੇਪਾਲ ਫ਼ੁੱਟਬਾਲ ਸੰਘ ਨੇ 'ਤ੍ਰੀਭਵਨ ਐਵਾਰਡ' ਨਾਲ ਸਨਮਾਨਤ ਕੀਤਾ।

1979 ਤੋਂ "88 ਉਸ ਨੇ ਨੌਂ ਸੰਤੋਸ਼ ਟਰਾਫ਼ੀਆਂ ਖੇਡੀਆਂ। ਉਹਦੀ ਅਗਵਾਈ ਹੇਠ ਸੱਤ ਵਾਰ ਪੰਜਾਬ ਦੀ ਟੀਮ ਖੇਡੀ ਤੇ ਚੈਂਪੀਅਨਸ਼ਿਪ ਜਿੱਤੀ। ਸੰਤੋਸ਼ ਟਰਾਫ਼ੀਆਂ ਵਿਚ ਸ. ਇੰਦਰ ਸਿੰਘ, ਗੁਰਦੇਵ ਸਿੰਘ ਗਿੱਲ, ਪੱਪੂ ਧਮਾਈ, ਜੀ ਐਸ ਪਰਮਾਰ, ਪਰਮਿੰਦਰ ਜੂਨੀਅਰ, ਪਰਮਿੰਦਰ ਸੀਨੀਅਰ, ਸਤੀਸ਼ ਕੁਮਾਰ, ਰੁੜਕੇ ਵਾਲਾ ਸੁਰਜੀਤ ਗੋਲਕੀਪਰ, ਰਵੀ ਕੁਮਾਰ, ਰਮਨ ਕੁਮਾਰ ਪਲਾਹੀ ਅਤੇ ਹੋਰ ਨਾਮਵਰ ਖਿਡਾਰੀ ਖੇਡੇ। ਉਹਨੇਂ ਡੂਰੈਂਡ-ਕੱਪ, ਡੀ ਸੀ ਐਮ, ਰੋਬਰਜ਼-ਕੱਪ ਤੇ ਗਵਰਨਰ ਗੋਲਡ ਕੱਪ ਖੇਡੇ। ਇਨ੍ਹਾਂ ਕੱਪਾਂ 'ਚ ਉਸ ਨੂੰ 'ਸਰਬੋਤਮ ਖਿਡਾਰੀ' ਘੋਸ਼ਿਤ ਕੀਤਾ ਗਿਆ। ਪੰਜਾਬ ਵਲੋਂ ਖੇਡਦੇ ਤਿੰਨ ਵਾਰ ਪੰਜਾਬ ਦੀ ਟੀਮ ਚੈਂਪੀਅਨ ਬਣੀ ਤੇ ਤਿੰਨ ਵਾਰ ਸੀਨੀਅਰ ਟੀਮ ਦੀ ਅਗਵਾਈ ਕੀਤੀ। ਬਰਮਾ, ਥਾਈਲੈਂਡ ਤੱਕ ਖੇਡਣ ਜਾਂਦੇ ਰਹੇ। ਮਿੱਥ ਹੈ ਕਿ ਖਿਡਾਰੀ ਬਹੁਤੇ ਪੜ੍ਹੇ ਲਿਖੇ ਨਹੀਂ ਹੁੰਦੇ। ਜਦ ਕਿ ਸੀਤਲ ਨੇ ਸਿੱਧ ਕਰ ਦਿਤਾ ਕਿ ਸੱਚੀ ਲਗਨ ਤੇ ਤਪੱਸਿਆ ਨਾਲ ਕੁਝ ਵੀ ਕੀਤਾ ਜਾ ਸਕਦੈ। ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਐਮ ਐਸ ਵਿਚੋਂ ਗੋਲਡ-ਮੈਡਲਿਸਟ ਬਣਿਆ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਹੀ ਪਹਿਲੀ ਡਿਵੀਜ਼ਨ ਵਿਚ ਡੀ ਪੀ ਐਡ ਕੀਤੀ ਤੇ ਐਨ ਆਈ ਐਸ 'ਟਾਪ' 'ਤੇ ਕੀਤੀ। ਪਹਿਲੀਆਂ ਪੁਜ਼ੀਸ਼ਨਾਂ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਬੀ ਐਡ ਤੇ ਫਿਰ ਐਮ ਏ ਕੀਤੀ। ਬੀ ਐਡ ਰਾਮਗੜ੍ਹੀਆ ਫ਼ਗਵਾੜਾ, ਐਮ ਏ ਖਾਲਸਾ ਕਾਲਜ ਜਲੰਧਰ ਤੇ ਡੀ ਪੀ ਐਡ ਪਟਿਆਲਾ ਤੋਂ ਕੀਤੀ। ਤਕੜੇ ਦਮ ਨਾਲ ਇੰਟਰ-ਯੂਨੀਵਰਸਿਟੀ ਖੇਡੀ। ਮਾਸਟਰ ਆਫ਼ ਸਪੋਰਟਸ ਦਾ ਕੋਰਸ ਅਤੇ ਕੋਚਿੰਗ ਡਿਪਲੋਮਾ ਪਟਿਆਲਾ ਤੋਂ ਕੀਤਾ।

ਸੰਨ '87 'ਚ ਬਿਜਲੀ ਬੋਰਡ ਵਲੋਂ ਖੇਡਣਾ ਛੱਡ ਸੈਂਟਰ ਸਰਕਾਰ ਵਲੋਂ ਕੋਚਿੰਗ ਦੀ ਨੌਕਰੀ ਸ਼ੁਰੂ



ਕੀਤੀ। ਸਪੋਰਟਸ ਅਥਾਰਟੀ ਆਫ਼ ਇੰਡੀਆ ਦੇ ਚੀਫ਼ ਕੋਚ ਅਤੇ ਸਕੀਮ ਡਾਇਰੈਕਟਰ ਬਣੇ। ਬੇਹਤਰੀਨ ਖੇਡ ਪ੍ਰਾਪਤੀਆਂ ਨਾਲ ਭਾਰਤੀ ਖੇਡ ਅਥਾਰਟੀ ਨੇ ਉਸ ਨੂੰ ਫ਼ੁੱਟਬਾਲ ਦਾ ਸੀਨੀਅਰ ਕੋਚ ਥਾਪ ਦਿਤਾ। ਸਪੈਸ਼ਲ ਏਰੀਆ ਗੇਮ ਪ੍ਰੋਜੈਕਟ ਹੇਠ ਵੀਹ ਦੇ ਕਰੀਬ ਅੰਤਰਰਾਸ਼ਟਰੀ ਖਿਡਾਰੀ ਤਿਆਰ ਕੀਤੇ। ਅੰਤਰ-ਰਾਸ਼ਟਰੀ ਪੱਧਰ 'ਤੇ ਆਪ ਨਾਮਣਾ ਖੱਟਿਆ ਤੇ ਆਪਣੀ ਦੇਖ-ਰੇਖ ਹੇਠ ਨਾਮਵਰ ਹੋਰ ਖਿਡਾਰੀ ਤਿਆਰ ਕੀਤੇ।

ਦਿੱਲੀ, ਸਹਾਰਨਪੁਰ ਤੇ ਲਖਨਊ ਰਾਜਾਂ 'ਚ ਨੌਕਰੀ ਕੀਤੀ। ਨੌਕਰੀ ਕਰਦੇ ਚਾਰ ਸਟੇਟਾਂ ਦੀ ਜ਼ਿੰਮੇਵਾਰੀ ਨਿਭਾਈ। ਲਖਨਊ ਤੋਂ ਆਈ ਜੀ ਦੇ ਅਹੁਦੇ ਤੋਂ ਰਿਟਾਇਰ ਸ. ਹਰਭਜਨ ਸਿੰਘ ਭੱਜੀ ਸੰਧਵਾਂ ਵਾਲਿਆਂ ਨਾਲ ਅਕਸਰ ਮੇਲ ਮਿਲਾਪ ਹੁੰਦਾ ਰਹਿੰਦਾ ਸੀ। ਨੌਕਰੀ ਕਰਦੇ ਹਰ ਥਾਂ ਬੜਾ ਪਿਆਰ ਖੱਟਿਆ। ਖੇਡ ਪ੍ਰੇਮੀਆਂ ਨੇ ਪਿਆਰ ਦੀਆਂ ਝੋਲੀਆਂ ਭਰੀਆਂ। ਇਕ ਵਾਰ ਦਾ ਕਿੱਸਾ ਸਾਂਝਾ ਕੀਤਾ ਕਿ ਇਕ ਵਾਰ ਬਿਜਲੀ ਬੋਰਡ ਵਲੋਂ ਖੇਡਦਿਆਂ ਕਲਕੱਤੇ ਦੀਆਂ ਈਸਟ-ਬਗ਼ਾਨ ਤੇ ਮੋਹਣ ਬਗ਼ਾਨ ਕਲੱਬਾਂ ਨੂੰ ਦਿੱਲੀ ਦੇ ਅੰਬੇਡਕਰ ਸਟੇਡੀਅਮ ਵਿਚ ਹਰਾਇਆ। ਦਿੱਲੀ ਵਸਦੇ ਉਹਦੀ ਖੇਡ ਦੇ ਦੀਵਾਨੇ ਪੰਜਾਬੀ ਸੜਕਾਂ 'ਤੇ ਉਤਰ ਆਏ। ਮੈਚ ਮੁੱਕਦੇ ਹੀ ਪੰਜਾਬੀਆਂ ਨੇ ਦਿੱਲੀ ਦੇ ਲਾਲ ਕਿਲ੍ਹੇ ਕੋਲ ਖੜ੍ਹ ਕੇ ਜਸ਼ਨ ਮਨਾਏ।

ਭਾਰਤੀ ਫ਼ੁੱਟਬਾਲ ਲਈ ਉਹਦੀ ਵੱਡੀ ਦੇਣ ਹੈ। ਭਾਰਤੀ ਟੀਮ ਦੀ ਅਗਵਾਈ ਕੀਤੀ। ਇੰਡੀਆ ਯੂਨੀਵਰਸਿਟੀ ਦੀ ਟੀਮ ਦਾ ਕਪਤਾਨ ਬਣ ਅਗਵਾਈ ਕਰਦਾ ਰਿਹੈ। ਮੁਖ ਕੋਚ ਦੇ ਤੌਰ 'ਤੇ ਉਸ ਨੇ ਭਾਰਤੀ ਖੇਡ-ਸਕੀਮ ਪ੍ਰਬੰਧਕੀ ਮਨਿਸਟ੍ਰੀ ਹੇਠ ਬੜੇ ਖਿਡਾਰੀ ਤਿਆਰ ਕੀਤੇ। ਉਹਦੀ ਕੋਚਿੰਗ ਅਧੀਨ 24 ਅੰਤਰਰਾਸ਼ਟਰੀ ਖਿਡਾਰੀ ਜੂਨੀਅਰ, ਸਬ-ਜੂਨੀਅਰ ਸਕੂਲਾਂ ਅਤੇ ਸੀਨੀਅਰ ਭਾਰਤ ਨੂੰ ਤਿਆਰ ਕਰ ਕੇ ਦਿਤੇ। 1989 ਦੀਆਂ ਇਸਲਾਮਾਬਾਦ ਸੈਫ਼ ਖੇਡਾਂ ਵਿਚ ਟੀਮਾਂ ਦਾ ਕੋਚ ਬਣ ਕੇ ਨਾਲ ਗਿਆ। ਸੈਫ਼ ਸਕੀਮ ਖੇਡਾਂ ਦਾ ਮੁਖ ਪ੍ਰਬੰਧਕ ਵੀ ਸੀ। ਕੇਂਦਰ ਸਰਕਾਰ ਦੇ ਖੇਡ ਵਿਭਾਗ ਦੇ ਮੇਰਠ ਯੂ ਪੀ ਸੈਂਟਰ ਦੀ ਪ੍ਰਬੰਧਕੀ ਇਕਾਈ ਵਿਚ ਨਿਯੁਕਤ ਰਿਹੈ। ਅਠਾਈ ਸਾਲਾਂ ਦੀਆਂ ਵਧੀਆ ਸੇਵਾਵਾਂ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਵਡਮੁੱਲਾ ਇਨਾਮ ਦੇ ਕੇ ਸਨਮਾਨਿਆ ਗਿਆ।

ਪਲਾਹੀ ਪੰਜਾਬ ਦਾ ਉਹ ਪਿੰਡ ਜਿਥੇ ਹਰ ਤਰ੍ਹਾਂ ਦੀਆਂ ਵਿਕਾਸ ਸਹੂਲਤਾਂ ਦਾ ਪ੍ਰਬੰਧ ਹੈ। ਸ. ਜਗਤ ਸਿੰਘ ਪਲਾਹੀ ਨੇ ਪਿੰਡ ਦੇ ਵਿਕਾਸ ਦੀਆਂ 'ਨੇਰੀਆਂ ਲਿਆਂਦੀਆਂ। ਪਲਾਹੀ ਵੀ ਹੁਣ ਫ਼ਗਵਾੜਾ ਵਿਚ ਹੀ ਰਲ ਗਿਐ। 1974-75 'ਚ ਪਿੰਡ ਪਲਾਹੀ ਦੇ ਕਾਲਜਾਂ 'ਚ ਪੜ੍ਹਦੇ ਨੌਜਵਾਨਾਂ ਨੇ ਦਾਜ ਵਿਰੁੱਧ ਵੱਖ ਵੱਖ ਪਿੰਡਾਂ 'ਚ ਜਾ ਕੇ ਲੋਕਾਂ ਨੂੰ ਡਰਾਮਿਆਂ ਰਾਹੀਂ ਜਾਗਰੂਕ ਕੀਤਾ। ਉਸੇ ਪਿੰਡ ਦੇ ਪਾਣੀ ਅਤੇ ਮਿੱਟੀ ਵਿਚ ਤਕੜਾ ਹੋਇਆ ਸੀਤਲ ਵੀ ਲੋਕ ਭਲਾਈ ਦੇ ਕੰਮਾਂ 'ਚ ਸਰਗਰਮ ਰਹਿੰਦੈ। ਭਾਰਤੀ ਫ਼ੁੱਟਬਾਲ ਦੀਆਂ ਬੁਲੰਦੀਆਂ ਹਾਸਲ ਕਰਨ ਤੋਂ ਬਾਅਦ ਵੀ ਉਹ ਪਿੰਡ ਪਲਾਹੀ ਕਦੇ ਵੇਹਲਾ ਨਹੀਂ ਰਹਿੰਦਾ। ਨਿਊਯਾਰਕ ਰਹਿੰਦਾ ਰਛਪਾਲ ਸਿੰਘ ਪਾਲੀ ਪੇਂਡੂ ਅੱਜ ਵੀ ਉਹਦੀ ਗੇਮ ਨੂੰ ਯਾਦ ਕਰਦੈ। ਗੁਰੂ ਨਾਨਕ ਕਾਲਜ ਫ਼ਗਵਾੜਾ ਦੇ ਕਈ ਸਾਲ ਰਹਿ ਚੁੱਕੇ ਇੰਗਲਿਸ਼ ਪ੍ਰੋਫ਼ੈਸਰ ਤੇ ਵਿਦਵਾਨ ਸ. ਜਸਵੰਤ ਸਿੰਘ ਗੰਢਮ ਬੜੇ ਮਾਣ ਨਾਲ ਦਸਦੇ ਹਨ ਕਿ ਸੀਤਲ ਪਲਾਹੀ ਉਹਦਾ ਵਿਦਿਆਰਥੀ ਹੈ।

ਸੀਤਲ ਪਿੰਡ ਅਤੇ ਇਲਾਕੇ ਦੀਆਂ ਖੇਡਾਂ 'ਚ ਹਰ ਤਰ੍ਹਾਂ ਨਾਲ ਸਹਿਯੋਗ ਦਿੰਦਾ। ਕੁਝ ਨਾ ਕੁਝ ਪੜ੍ਹਨਾ, ਲਿਖਣਾ ਮੀਡੀਏ 'ਚ ਦਿਲਚਸਪੀ ਰੱਖਣਾ ਉਹਦਾ ਸ਼ੌਕ ਹੈ। ਐਸ ਐਨ ਕਾਲਜ ਬੰਗਾ ਹੁੰਦੇ ਸ਼ਹੀਦ ਭਗਤ ਸਿੰਘ ਟੂਰਨਾਮੈਂਟ ਅਤੇ ਸ. ਹਰਭਜਨ ਸਿੰਘ ਮੈਮੋਰੀਅਲ ਟੂਰਨਾਮੈਂਟ ਮਾਹਿਲਪੁਰ ਵਿਖੇ ਜ਼ਰੂਰ ਹਾਜ਼ਰੀ ਭਰਦੈ।

ਚੰਗੇ ਮਾੜੇ ਹਰ ਤਰ੍ਹਾਂ ਦੇ ਦਿਨ ਦੇਖੇ ਪਰ ਹੌਸਲਾ ਨਹੀਂ ਹਾਰਿਆ। ਸੱਚੀ ਲਗਨ ਨੇ ਚੰਗੇ ਦਿਨ ਵਿਖਾ ਦਿਤੇ। ਨਸ਼ਿਆਂ ਤੋਂ ਹਮੇਸ਼ਾਂ ਦੂਰੀ ਬਣਾ ਕੇ ਰੱਖੀ। ਹਰ ਤਰ੍ਹਾਂ ਦੀਆਂ ਸੁਖ ਸਹੂਲਤਾਂ ਨਾਲ ਆਨੰਦ ਮੰਗਲ ਹੈ। ਪਤਨੀ ਸੁਰਿੰਦਰ ਕੌਰ ਬੇਟਾ ਪ੍ਰਭਜੋਤ ਤੇ ਬੇਟੀ ਨਵਜੋਤ ਕੌਰ ਹੈ। ਬੇਟੀ, ਬੇਟਾ ਕੈਨੇਡਾ ਦੇ ਪੱਕੇ ਵਾਸੀ ਹਨ। ਪਿੰਡ ਰਹਿ ਕੇ ਉਹ ਲੋਕ ਭਲਾਈ ਕੰਮਾਂ ਅਤੇ ਖੇਡਾਂ 'ਚ ਸਮਾਂ ਬਿਤਾ ਰਿਹੈ ਤੇ ਲੋੜਵੰਦਾਂ ਲਈ ਹਰ ਦਮ ਹਾਜ਼ਰ ਰਹਿੰਦੈ।

"ਖੇਡ-ਫ਼ਿਜ਼ਾਵਾਂ 'ਚ ਸੀਤਲ-ਸੀਤਲ ਹੁੰਦੀ ਸੀ ਕਦੇ।

ਰੱਬ ਦੀ ਰਹਿਮਤ ਨਾਲ ਬੜਾ ਹੀ ਮਾਣ ਖੱਟਿਆ।

ਡਾਹ ਛਾਤੀ ਖੜ੍ਹ ਜਾਂਦਾ ਖੇਡ ਮੈਦਾਨ ਵਿਚ,
ਵਿਰੋਧੀਆਂ ਮੂਹਰੇ ਰਿਹਾ ਡੱਟਿਆ।
ਖੇਡ ਇਤਿਹਾਸ 'ਇਕਬਾਲ ਸਿੰਹਾਂ' ਉਨ੍ਹਾਂ ਸਿਰਜਣਾ ਕੀ
ਖੇਡਾਂ ਤੋਂ ਜਿਨ੍ਹਾਂ ਪਾਸਾ ਵੱਟਿਆ। "

*(ਪਿਛਲੇ ਸਫੇ ਦੀ ਬਾਕੀ)*

ਬੁਗ਼ਤੀ ਹੈ ਅਤੇ ਬਲੋਚ ਵੱਖਵਾਦੀ ਲਹਿਰ ਦਾ ਮੁਖੀ ਬ੍ਰਹਮਦਾਗ਼ ਖ਼ਾਨ ਵੀ ਬੁਗ਼ਤੀ ਹੈ। ਦੋਵੇਂ ਨਵਾਬ ਅਕਬਰ ਬੁਗ਼ਤੀ ਦੇ ਪੋਤੇ ਅਤੇ ਆਪੋ ਵਿਚ ਸ਼ਰੀਕ-ਭਰਾ (ਕਜ਼ਿਨ) ਹਨ। ਇੱਕ ਪਾਕਿਸਤਾਨੀ ਇਕਮੁੱਠਤਾ ਦਾ ਮੁਦੱਈ ਹੈ ਅਤੇ ਦੂਜਾ ਬਲੋਚਿਸਤਾਨ ਦੀ ਆਜ਼ਾਦੀ ਦਾ।

**ਬਲੋਚਿਸਤਾਨ ਦਾ ਭਵਿੱਖ**

ਕੀ ਭਵਿੱਖ ਹੈ ਬਲੋਚਿਸਤਾਨ ਦੀ ਆਜ਼ਾਦੀ ਲਹਿਰ ਦਾ? ਇਸ ਸਵਾਲ ਦਾ ਜਵਾਬ ਤਾਂ ਭਵਿੱਖ ਹੀ ਦੇ ਸਕਦਾ ਹੈ, ਪਰ ਵਰਤਮਾਨ ਇਸ ਲਹਿਰ ਲਈ ਕੋਈ ਸੁਖਾਵੀਂ ਉਮੀਦ ਨਹੀਂ ਜਗਾਉਂਦਾ। ਅਮਰੀਕਾ ਜਾਂ ਚੀਨ ਵਰਗੀਆਂ ਆਲਮੀ ਤਾਕਤਾਂ ਤੋਂ ਇਲਾਵਾ ਪਾਕਿਸਤਾਨ ਦੇ ਸ਼ਰੀਕ ਮੁਲਕ (ਖ਼ਾਸ ਤੌਰ 'ਤੇ ਭਾਰਤ ਤੇ ਇਰਾਨ) ਵੀ ਪਾਕਿਸਤਾਨ ਦੀ ਟੁੱਟ-ਭੱਜ ਨਹੀਂ ਚਾਹੁੰਦੇ। ਉਹ ਉੱਥੇ ਅਸਥਿਰਤਾ ਜ਼ਰੂਰ ਚਾਹੁੰਦੇ ਹਨ; ਛੋਟੇ ਛੋਟੇ ਫੱਟ ਲੱਗਦੇ ਤੇ ਖ਼ੂਨ ਵਹਿੰਦਾ ਵੇਖਣਾ ਚਾਹੁੰਦੇ ਹਨ, ਪਰ ਉਸ ਮੁਲਕ ਦਾ ਕੋਈ ਅੰਗ ਨਹੀਂ ਵੱਢਣਾ ਚਾਹੁੰਦੇ। ਇੱਕ ਅੰਗ ਵੱਢਣਾ ਕਈ ਪਾਸੇ ਵੱਢ-ਟੁੱਕ ਨੂੰ ਉਤਸ਼ਾਹਿਤ ਕਰ ਸਕਦਾ ਹੈ। ਇਸ ਅਮਲ ਦੇ ਸੇਕ ਤੋਂ ਹਰ ਸ਼ਰੀਕ ਬਚਣਾ ਚਾਹੁੰਦਾ ਹੈ। ਲਿਹਾਜ਼ਾ, ਜੋ ਚੱਲ ਰਿਹਾ ਹੈ, ਉਹ ਚਲਦਾ ਰਹੇਗਾ। ਖ਼ੁਸ਼ਹਾਲੀ ਲਈ ਲੋੜੀਂਦੇ ਬਹੁਤੇ ਤੱਤਾਂ ਦੀ ਭਰਪੂਰ ਮੌਜੂਦਗੀ ਦੇ ਬਾਵਜੂਦ ਬਲੋਚਿਸਤਾਨ ਪਛੜੇਵੇਂ ਤੇ ਗ਼ੁਰਬਤ ਦੀ ਜਿੱਲ੍ਹਣ ਵਿਚੋਂ ਨੇੜ ਭਵਿੱਖ ਵਿਚ ਬਾਹਰ ਨਹੀਂ ਆ ਸਕੇਗਾ।

# ‘ਗ਼ਦਰ’ ਦਾ ਸੁਨੇਹਾ

**‘ਗ਼ਦਰ’ ਅਖਬਾਰ ਗ਼ਦਰ ਲਹਿਰ ਦੀ ਆਵਾਜ਼ ਸੀ। ਇਸ ਦੇ ਪ੍ਰਭਾਵ ਸਦਕਾ ਦੂਜੇ ਦੇਸ਼ਾਂ ਵਿਚ ਆਪ-ਮੁਹਾਰੇ ਗ਼ਦਰ ਕਮੇਟੀਆਂ ਬਣਨੀਆਂ ਸ਼ੁਰੂ ਹੋ ਗਈਆਂ ਸਨ। ਅਖਬਾਰ ਵਿਚ ਛਪਦੀ ਕਵਿਤਾ ਨੇ ਗ਼ਦਰੀ ਮੈਂਬਰਾਂ ਵਿਚ ਬਹੁਤ ਵਾਧਾ ਕੀਤਾ। ਅਖ਼ਬਾਰ ਦੀ ਕਵਿਤਾ ਦੇ ਕਿਤਾਬਚੇ ‘ਗ਼ਦਰ ਦੀ ਗੂੰਜ’ ਸਿਰਲੇਖ ਹੇਠ ਲੋੜ ਅਨੁਸਾਰ ਛਾਪੇ ਜਾਂਦੇ ਸਨ। ਇਸੇ ਅਖ਼ਬਾਰ ਵਿਚ ਦਿੱਤੇ ਇੱਕ ਸੁਨੇਹੇ ਨੇ ਹਜ਼ਾਰਾਂ ਹਿੰਦੋਸਤਾਨੀਆਂ ਨੂੰ ਦੇਸ਼ ਆਜ਼ਾਦ ਕਰਵਾਉਣ ਲਈ ਭਾਰਤ ਬੁਲਾ ਲਿਆ ਸੀ।**

ਕਲਾ ਪਰਿਕਰਮਾ

ਹਿੰਦੋਸਤਾਨੀਆਂ ਨੇ 19ਵੀਂ ਸਦੀ ਦੇ ਅਖੀਰ ਵਿਚ ਆਰਥਿਕ ਤੰਗੀ ਤੋਂ ਨਿਜਾਤ ਪਾਉਣ ਲਈ ਆਪਣਾ ਰੁਖ ਬਾਹਰਲੇ ਦੇਸ਼ਾਂ ਵੱਲ ਕਰ ਲਿਆ। ਕੈਨੇਡਾ ਅਤੇ ਅਮਰੀਕਾ ਦੀ ਧਰਤੀ ’ਤੇ ਉਨ੍ਹਾਂ ਨਾਲ ਹੋ ਰਹੇ ਵਤੀਰੇ ਨੇ ਹਿੰਦੋਸਤਾਨੀਆਂ ਨੂੰ ਗੁਲਾਮ ਹੋਣ ਦਾ ਅਹਿਸਾਸ ਕਰਵਾਇਆ। ਇਸ ਗੁਲਾਮੀ ਤੋਂ ਆਜ਼ਾਦ ਹੋਣ ਲਈ ਹਿੰਦੋਸਤਾਨੀਆਂ ਨੇ ਕ੍ਰਾਂਤੀਕਾਰੀ ਰਸਤੇ ਅਪਣਾਉਂਦਿਆਂ ‘ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ’ ਦੀ ਨੀਂਹ ਰੱਖੀ। 21 ਅਪਰੈਲ 1913 ਨੂੰ ਅਸਟੋਰੀਆ (ਅਮਰੀਕਾ) ਵਿਚ ਹੋਈ ਹਿੰਦੋਸਤਾਨੀਆਂ ਦੀ ਮੀਟਿੰਗ ਨੇ

**ਡਾ. ਅਰਸ਼ਦੀਪ ਕੌਰ**
**ਫੋਨ: +91-98728-54006**

ਇਸ ਐਸੋਸੀਏਸ਼ਨ ਦੇ ਆਖ਼ਰੀ ਰੂਪ ਨੂੰ ਸਹਿਮਤੀ ਦੇ ਦਿੱਤੀ। ਇਸ ਵਿਚ ਐਸੋਸੀਏਸ਼ਨ ਦੀ ਕਮੇਟੀ ਬਣਾਈ ਗਈ ਅਤੇ ਕਮੇਟੀ ਦੀ ਸਹਿਮਤੀ ਨਾਲ ਕੁਝ ਫੈਸਲੇ ਲਏ ਗਏ। ਇਨ੍ਹਾਂ ’ਚੋ ਇੱਕ ਫੈਸਲਾ ਹਫਤਾਵਾਰੀ ਅਖਬਾਰ ਸ਼ੁਰੂ ਕਰਨ ਦਾ ਸੀ ਜਿਸ ਦਾ ਨਾਮ 1857 ਵਾਲੇ ਗ਼ਦਰ ਤੋਂ ਪ੍ਰਭਾਵਿਤ ਹੋ ਕੇ ‘ਗ਼ਦਰ’ ਰੱਖਿਆ ਗਿਆ।

ਅਖਬਾਰ ਦਾ ਮਕਸਦ ਦੂਰ ਦੁਰਾਡੇ ਬੈਠੇ ਲੋਕਾਂ ਨੂੰ ਆਪਣੇ ਨਾਲ ਜੋੜਨਾ, ਲੋਕਾਂ ਨੂੰ ਅੰਗਰੇਜ਼ੀ ਰਾਜ ਦੀਆਂ ਵਧੀਕੀਆਂ ਤੋਂ ਜਾਣੂ ਕਰਵਾਉਣਾ ਅਤੇ ਰਾਜਨੀਤਕ ਪੱਖ ਤੋਂ ਜਾਗਰੂਕ ਕਰਨਾ ਸੀ ਪਰ ਕੁਝ ਕਾਰਨਾਂ ਕਰ ਕੇ ਇਹ ਅਖਬਾਰ ਐਸੋਸੀਏਸ਼ਨ ਦੀ ਸਥਾਪਨਾ ਤੋਂ ਛੇ ਮਹੀਨੇ ਬਾਅਦ ਪ੍ਰਕਾਸ਼ਿਤ ਹੋ ਸਕਿਆ।

ਪਹਿਲੀ ਨਵੰਬਰ 1913 ਵਿਚ ਲਾਲਾ ਹਰਦਿਆਲ ਦੀ ਸੰਪਾਦਕੀ ਹੇਠ ਉਰਦੂ ਭਾਸ਼ਾ ਵਿਚ ‘ਗ਼ਦਰ’ ਦਾ ਪਹਿਲਾ ਅੰਕ ਕੱਢਿਆ ਗਿਆ। ਦਸੰਬਰ 1913 ਵਿਚ ਗੁਰਮੁਖੀ, 1914 ਵਿਚ ਗੁਜਰਾਤੀ ਅਤੇ 1915 ਵਿਚ ਹਿੰਦੀ ਭਾਸ਼ਾ ਦਾ ਅੰਕ ਕੱਢਿਆ ਗਿਆ। ਇਸ ਤੋਂ ਇਲਾਵਾ ਬੰਗਾਲੀ, ਨੇਪਾਲੀ, ਪਸ਼ਤੋ ਅਤੇ ਅੰਗਰੇਜ਼ੀ ਭਾਸ਼ਾ ਵਿਚ ਲੋੜ ਅਨੁਸਾਰ ਅੰਕ ਛਾਪਿਆ ਜਾਂਦਾ ਸੀ।

ਲਾਲਾ ਹਰਦਿਆਲ ਦੀਆਂ ਲਿਖਤਾਂ ਨੂੰ ਉਰਦੂ ਭਾਸ਼ਾ ਵਿਚ ਯੂ.ਪੀ. ਦੇ ਵਿਸਵੇਸ਼ਵਰ ਪ੍ਰਸ਼ਾਦ ਅਤੇ ਗੁਰਮੁਖੀ ਵਿਚ ਕਰਤਾਰ ਸਿੰਘ ਸਰਾਭਾ ਲਿਖਦੇ ਸਨ। ਸ਼ੁਰੂ ਵਿਚ ਉਰਦੂ ਅੰਕ ਦੀ ਛਪਾਈ ਹੱਥ-ਮਸ਼ੀਨ ਰਾਹੀਂ ਕੀਤੀ ਗਈ ਜਿਸ ਵਿਚ ਇਕੱਲਾ-ਇਕੱਲਾ ਸ਼ਬਦ ਜੋੜਿਆ ਜਾਂਦਾ ਸੀ। ਕਰਤਾਰ ਸਿੰਘ ਸਰਾਭਾ ਅਤੇ ਰਘਵੀਰ ਦਿਆਲ ਦੀ ਮਦਦ ਨਾਲ ਅਖਬਾਰ ਛਾਪਿਆ ਜਾਂਦਾ ਸੀ।

ਜਨਵਰੀ 1914 ਦੇ ਅਖੀਰ ਵਿਚ ਬਿਜਲੀ ਨਾਲ ਚੱਲਣ ਵਾਲੀ ਲਿਥੋ ਮਸ਼ੀਨ ਵੇਲਨਸੀਆ ਸਟਰੀਟ, ਮਕਾਨ ਨੰਬਰ 1324 ’ਚ ਲਾਈ ਗਈ। ਅਖਬਾਰ ਦਿਨੋ-ਦਿਨ ਲੋਕਾਂ ਵਿਚ ਹਰਮਨ ਪਿਆਰੀ ਹੋ ਰਹੀ ਸੀ ਜਿਸ ਦੇ ਪ੍ਰਭਾਵ ਅਧੀਨ ਐਸੋਸੀਏਸ਼ਨ ਦਾ ਨਾਮ ਗ਼ਦਰ ਪਾਰਟੀ, ਯੁਗਾਂਤਰ ਆਸ਼ਰਮ ਦਾ ਨਾਮ ਗ਼ਦਰ ਆਸ਼ਰਮ ਅਤੇ ਪਾਰਟੀ ਦੇ ਮੈਂਬਰਾਂ ਨੂੰ ਗ਼ਦਰੀ ਕਿਹਾ ਜਾਣ ਲੱਗ ਪਿਆ।

‘ਗ਼ਦਰ’ ਦੇ ਹਰ ਅੰਕ ਦੇ ਅੱਠ ਸਫ਼ੇ ਹੁੰਦੇ ਸਨ। ਅਖਬਾਰ ਦੇ ਪਹਿਲੇ ਸਫੇ ’ਤੇ ਉਪਰਲੇ ਦੋਨਾਂ ਕੋਨਿਆਂ ਉਪਰ ‘ਬੰਦੇ ਮਾਤਰਮ’ ਅਤੇ ਉਸ ਦੇ ਥੱਲੇ ਗੁਰਬਾਣੀ ਦੀਆਂ ਤੁਕਾਂ ‘ਜੇ ਚਿੱਤ ਪ੍ਰੇਮ ਖੇਲਣ ਕਾ ਚਾਓ, ਸਿਰ ਧਰ ਤਲੀ ਗਲੀ ਮੇਰੀ ਆਓ’ ਲਿਖੀਆਂ ਜਾਂਦੀਆਂ ਸਨ। ਫਿਰ ਅਖਬਾਰ ਦਾ ਨਾਮ ਵੱਡੇ ਅੱਖਰਾਂ ਵਿਚ ਲਿਖਿਆ ਹੁੰਦਾ ਸੀ।

ਅਖਬਾਰ ਦੇ ਨਾਮ ਨਾਲ ‘ਅੰਗਰੇਜ਼ੀ ਰਾਜ ਦਾ ਵੈਰੀ’ ਅਤੇ ਜਿੰਨੀਆਂ ਭਾਸ਼ਾਵਾਂ ਵਿਚ ਅੰਕ ਨਿਕਲਦੇ ਸਨ, ਉਨ੍ਹਾਂ ਦਾ ਜ਼ਿਕਰ ਹੁੰਦਾ ਸੀ। ਗ਼ਦਰ ਅਖ਼ਬਾਰ ਵਿਚ ਸੰਪਾਦਕ, ਲੇਖ ਅਤੇ


ਗ਼ਦਰ

The Secretary, Yugantar Ashram, San Francisco, U.S.A.

*ਗ਼ਦਰ ਅਖਬਾਰ ਦਾ ਸਰਵਰਕ।*



*ਗ਼ਦਰ ਦਾ ਝੰਡਾ।*

ਕਵਿਤਾ ਲਿਖਣ ਵਾਲੇ ਦਾ ਨਾਮ ਨਹੀਂ ਲਿਖਿਆ ਜਾਂਦਾ ਸੀ। ਕਿਤੇ-ਕਿਤੇ ਕਵਿਤਾ ਲਿਖਣ ਵਾਲਿਆਂ ਦੇ ਕਲਮੀ ਨਾਮ ਅਤੇ ਲਾਲਾ ਹਰਦਿਆਲ ਦੇ ਕੁਝ ਲੇਖਾਂ ਦੇ ਹੇਠਾਂ ਉਨ੍ਹਾਂ ਦਾ ਨਾਮ ਲਿਖਿਆ ਜਾਂਦਾ ਸੀ।

ਗ਼ਦਰ ਅਖ਼ਬਾਰ ਵਿਚ ਵਾਰਤਕ ਭਾਗ ਲਿਖਣ ਵਾਲੇ ਮੁੱਖ ਗ਼ਦਰੀ ਲਾਲਾ ਹਰਦਿਆਲ, ਵੀਰ ਸਾਵਰਕਰ, ਭਾਈ ਸੰਤੋਖ ਸਿੰਘ, ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ, ਭਾਈ ਪਰਮਾਨੰਦ, ਭਾਈ ਭਗਵਾਨ ਸਿੰਘ, ਬਾਬਾ ਨਿਧਾਨ ਸਿੰਘ ਚੁੱਘਾ, ਭਾਈ ਰਾਮ ਚੰਦਰ, ਤੇਜਾ ਸਿੰਘ ਸੁਤੰਤਰ, ਰਾਜਾ ਮਹਿੰਦਰ ਪ੍ਰਤਾਪ ਸਿੰਘ ਆਦਿ ਸਨ ਅਤੇ ਕਵਿਤਾ ਲਿਖਣ ਵਾਲੇ ਗਦਰੀ ਆਪਣਾ ਅਸਲੀ ਨਾਮ ਨਹੀਂ ਬਲਕਿ ਕਲਮੀ ਨਾਮ ਲਿਖਦੇ ਸਨ ਜੋ ਕਵਿਤਾ ਦੇ ਅੰਤ ਵਿਚ ਲਿਖਿਆ ਜਾਂਦਾ ਸੀ; ਜਿਵੇਂ ਗ਼ਦਰ ਦਾ ਸਿਪਾਹੀ, ਦੁਖੀਆ ਸਿੰਘ, ਗ਼ਦਰ ਦਾ ਪ੍ਰੇਮੀ ਸਿੰਘ, ਪੰਜਾਬ, ਬਾਗੀ ਸਿੰਘ, ਪ੍ਰੀਤਮ, ਦੁਖੀਆ ਸਿੰਘ ਕਾਮਾਗਾਟਾਮਾਰੂ, ਫਕੀਰ ਆਦਿ।

ਗ਼ਦਰ ਅਖ਼ਬਾਰ 1913 ਤੋਂ 1917 ਦੇ ਅਖੀਰ ਤੱਕ ਲਗਾਤਾਰ ਛਪਦਾ ਰਿਹਾ ਹੈ। 1916-17 ਵਿਚ ਗ਼ਦਰ ਪਾਰਟੀ ਵਿਚ ਕੁਝ ਵਖਰੇਵੇਂ ਆਉਣ ਕਾਰਨ ‘ਗ਼ਦਰ’ ਦੋ ਧੜਿਆਂ ਵੱਲੋਂ ਅਲੱਗ-ਅਲੱਗ ਨਿਕਲਦਾ ਰਿਹਾ। ਇਕ ਪਾਸੇ ਭਗਵਾਨ ਸਿੰਘ ‘ਪ੍ਰੀਤਮ’ ਤੇ ਰਾਮ ਸਿੰਘ ਧੁਲੇਤਾ ਅਤੇ ਦੂਸਰੇ ਪਾਸੇ ਰਾਮ ਚੰਦਰ ਰਾਹੀਂ ਕੱਢਿਆ ਜਾਂਦਾ ਸੀ। ਇਸ ਦਾ ਕੋਈ ਮੁੱਲ ਨਹੀਂ ਹੁੰਦਾ ਸੀ ਅਤੇ ਨਾ ਹੀ ਇਸ ਵਿਚ ਵਪਾਰ ਸੰਬਧੀ ਕੋਈ ਇਸ਼ਤਿਹਾਰ ਨਿਕਲਦਾ ਸੀ।

ਸਮੇਂ-ਸਮੇਂ ਅਖ਼ਬਾਰ ਵਿਚ ਕਈ ਤਬਦੀਲੀਆਂ ਕੀਤੀਆਂ ਗਈਆਂ ਜਿਵੇਂ 3 ਮਾਰਚ 1914 ਵਿਚ ਪਹਿਲੇ ਸਫੇ ’ਤੇ ਗੁਰੂ ਨਾਨਕ ਦੇਵ ਜੀ ਦੀਆ ਤੁਕਾਂ ਵਿਚ ਸੁਧਾਰ ਕਰ ਕੇ ‘ਜੇ ਚਿਤ’ ਦੀ ਜਗ੍ਹਾ ‘ਜਉ ਤਉ’ ਲਿਖਣਾ ਸ਼ੁਰੂ ਕਰ ਦਿੱਤਾ ਗਿਆ। 7 ਅਪਰੈਲ 1914 ਨੂੰ ‘ਗ਼ਦਰ’ ਅਖ਼ਬਾਰ ਦਾ ਨਾਮ ਬਦਲ ਕੇ ‘ਹਿੰਦੋਸਤਾਨ ਗ਼ਦਰ’ ਕਰ ਦਿੱਤਾ ਗਿਆ ਅਤੇ ਨਾਲ ਹੀ ਸੰਪਾਦਕ ਦੀ ਜਗ੍ਹਾ ਐਡੀਟਰ ਲਿਖਣਾ ਸ਼ੁਰੂ ਕਰ ਦਿੱਤਾ।

ਸਮੇਂ-ਸਮੇਂ ’ਤੇ ਗ਼ਦਰ ਅਖ਼ਬਾਰ ਦੇ ਸੰਪਾਦਕ ਵੀ ਬਦਲੇ ਜਾਂਦੇ ਰਹੇ ਹਨ। ਸੰਪਾਦਕਾਂ ਵਿਚ ਲਾਲਾ ਹਰਦਿਆਲ, ਭਗਵਾਨ ਸਿੰਘ ‘ਪ੍ਰੀਤਮ’ ਅਤੇ ਰਾਮ ਚੰਦਰ ਦੇ ਨਾਮ ਸ਼ਾਮਲ ਸਨ।

‘ਗ਼ਦਰ’ ਵਿਚ ਕੁਝ ਕਾਲਮ ਲਗਾਤਾਰ ਛਪਦੇ ਰਹੇ ਹਨ ਅਤੇ ਕੁਝ ਸਮੇਂ ਦੀ ਲੋੜ ਅਨੁਸਾਰ। ਇਸ ਵਿਚ ਛਪਦੇ ਕਾਲਮ ‘ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ’ ਵਿਚ ਅੰਗਰੇਜ਼ੀ ਸਰਕਾਰ ਵੱਲੋਂ ਭਾਰਤੀਆਂ ਦੀ ਕੀਤੀ ਜਾ ਰਹੀ ਲੁੱਟ ਦਾ ਵੇਰਵਾ ਹੁੰਦਾ ਸੀ। ਇਕ ਹੋਰ ਕਾਲਮ ਵਿਚ ਅੰਗਰੇਜ਼ੀ ਸਰਕਾਰ ਦੀ ਆਰਥਿਕ ਲੁੱਟ ਖਸੁੱਟ ਦੇ ਅੰਕੜਿਆਂ ਨੂੰ ਦਰਸਾਇਆ ਜਾਂਦਾ ਸੀ। ਇਹ 25 ਜੂਨ 1917 ਤੱਕ ਗ਼ਦਰ ਅਖ਼ਬਾਰ ਦਾ ਹਿੱਸਾ ਰਹੇ।

ਅਖ਼ਬਾਰ ਵਿਚ ਕਵਿਤਾ ਦਾ ਕਾਲਮ ਹਰ ਅੰਕ ਵਿਚ ਛਾਪਿਆ ਜਾਂਦਾ ਸੀ। ਇਸ ਵਿਚ ਵੀਰ ਸਾਵਰਕਰ ਦੀ ਜ਼ਬਤ ਕੀਤੀ ਹੋਈ ਕਿਤਾਬ ‘ਤਵਾਰੀਖ ਗ਼ਦਰ 1857’ 23 ਦਸੰਬਰ 1913 ਤੋਂ ਲੜੀਵਾਰ 11 ਭਾਗਾਂ ਵਿਚ 24 ਅਪਰੈਲ 1915 ਤੱਕ ਛਪਦੀ ਰਹੀ ਹੈ ਅਤੇ ਭਾਈ ਪਰਮਾਨੰਦ ਜੀ ਦੀ ਕਿਤਾਬ ‘ਤਾਰੀਖੇ-ਹਿੰਦ’ ਵੀ ਗ਼ਦਰ ਅਖ਼ਬਾਰ ਦੇ ਕਈ ਅੰਕਾਂ ਵਿਚ ਕਿਸ਼ਤਵਾਰ ਛਪਦੀ ਰਹੀ ਹੈ। ਅਖ਼ਬਾਰ ਦੇ ਪਹਿਲੇ ਸਫ਼ੇ ’ਤੇ ਵਿਚਲੇ ਲੇਖਾਂ ਦੀ ਲੜੀ ਛਾਪੀ ਜਾਂਦੀ ਸੀ ਜਿਸ ਵਿਚ ਲੇਖ ਦੇ ਨਾਮ ਨਾਲ ਸਫ਼ਾ ਨੰਬਰ ਵੀ ਲਿਖਿਆ ਹੁੰਦਾ ਸੀ। ਇਹ ਲੇਖਾਂ ਦੀ ਲੜੀ 10 ਨਵੰਬਰ 1914 ਤਕ ਛਪੀ ਹੈ।

ਇਸ ਤੋਂ ਇਲਾਵਾ ਅਖ਼ਬਾਰ ਦੇ ਪਹਿਲੇ ਸਫੇ ’ਤੇ ਚਿੱਠੀ-ਪੱਤਰ ਅਤੇ ਅਖ਼ਬਾਰ ਲਈ ਚੰਦਾ ਭੇਜਣ ਲਈ ਅਖ਼ਬਾਰ ਦਾ ਪਤਾ ਛਪਦਾ ਰਿਹਾ ਹੈ।

ਗ਼ਦਰ ਅਖ਼ਬਾਰ ਵਿਚ ਇਨ੍ਹਾਂ ਕਾਲਮਾਂ ਤੋਂ ਬਿਨਾ ਬਰਤਾਨਵੀ ਸਰਕਾਰ ਵਿਰੁੱਧ ਦੂਸਰੇ ਦੇਸ਼ਾਂ ਜਿਵੇਂ ਕਿ ਤੁਰਕ, ਮਿਸਰ, ਰੂਸ ਅਤੇ ਆਇਰਲੈਂਡ ਵਿਚ ਹੋ ਰਹੀਆਂ ਗਤੀਵਿਧੀਆਂ ਨੂੰ ਅਖ਼ਬਾਰ ਦਾ ਹਿੱਸਾ ਬਣਾਇਆ ਜਾਂਦਾ ਸੀ। ਇਸ ਤੋਂ ਇਲਾਵਾ ਕੋਈ ਜ਼ਰੂਰੀ ਨੋਟ ਜੋ ਪਾਠਕਾਂ ਨੂੰ ਦੇਣਾ ਹੁੰਦਾ ਸੀ; ਜਿਵੇਂ ਕਿਤੇ ਅਖ਼ਬਾਰ ਵਿਚ ਕੰਮ ਕਰਨ ਵਾਲੇ ਦੀ ਲੋੜ ਹੁੰਦੀ ਸੀ, ਜੇ ਕਿਤੇ ਜਲਸਾ ਹੋਣਾ ਹੁੰਦਾ ਸੀ ਜਾਂ ਕਵਿਤਾ ਭੇਜਣ ਵਾਲਿਆਂ ਦੀ ਅਗਵਾਈ ਕਰਨ ਬਾਰੇ ਅਤੇ ਧੰਨਵਾਦ ਕਰਨਾ ਹੁੰਦਾ ਸੀ ਤਾਂ ਅਖ਼ਬਾਰ ਵਿਚ ਛਾਪ ਦਿੱਤਾ ਜਾਂਦਾ ਸੀ।

‘ਗ਼ਦਰ’ ਗ਼ਦਰ ਲਹਿਰ ਦੀ ਆਵਾਜ਼ ਸੀ। ਗ਼ਦਰ ਅਖਬਾਰ ਦੇ ਪ੍ਰਭਾਵ ਸਦਕਾ ਦੂਜੇ ਦੇਸ਼ਾਂ ਵਿਚ ਆਪ-ਮੁਹਾਰੇ ਗ਼ਦਰ ਕਮੇਟੀਆਂ ਬਣਨੀਆਂ ਸ਼ੁਰੂ ਹੋ ਗਈਆਂ ਸਨ। ਅਖਬਾਰ ਵਿਚ ਛਪਦੀ ਕਵਿਤਾ ਨੇ ਗ਼ਦਰੀ ਮੈਂਬਰਾਂ ਵਿਚ ਬਹੁਤ ਵਾਧਾ ਕੀਤਾ। ਅਖ਼ਬਾਰ ਦੀ ਕਵਿਤਾ ਦੇ ਕਿਤਾਬਚੇ ‘ਗ਼ਦਰ ਦੀ ਗੂੰਜ’ ਸਿਰਲੇਖ ਹੇਠ ਲੋੜ ਅਨੁਸਾਰ ਛਾਪੇ ਜਾਂਦੇ ਸਨ। ਇਸੇ ਅਖ਼ਬਾਰ ਵਿਚ ਦਿੱਤੇ ਇੱਕ ਸੁਨੇਹੇ ਨੇ ਹਜ਼ਾਰਾਂ ਹਿੰਦੋਸਤਾਨੀਆਂ ਨੂੰ ਦੇਸ਼ ਆਜ਼ਾਦ ਕਰਵਾਉਣ ਲਈ ਭਾਰਤ ਬੁਲਾ ਲਿਆ ਸੀ।

# ਆਖ ਤਸਵੀਰਾਂ ਬੋਲਦੀਆਂ

***ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ ’ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 30 ਨਵੰਬਰ 2024 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-666



*ਮਾਂ ਤੋਂ ਦੂਜੇ ਥਾਂ ਪਤਨੀ ਹੈ ਹੁੰਦੀ, ਸਾਹਾਂ ਦੀ ਇਹ ਤੰਦ ਨ ਟੁੱਟੇ,*
*ਅਣ-ਬਣ ਲੱਖ ਵਾਰੀ ਹੋ ਜਾਏ, ਪਰ ਰਿਸ਼ਤੇ ਦੀ ਡੋਰ ਨ ਛੁੱਟੇ।*
*ਵਿਚ ਚਿੰਤਾ ਦੇ ਪਿਆ ਬਿਚਾਰਾ, ਬੈਠਾ ਸੱਜਣੀ ਦਾ ਹੱਥ ਫੜ ਕੇ,*
*ਸ਼ਾਲਾ! ਉਮਰ ਹੋ ਜਾਏ ਲੰਮੇਰੀ, ਸਾਥ ਨੂੰ ਜਿੰਦ ਕਦੇ ਨ ਤੜਫ਼ੇ।*

## ਕੈਪਸ਼ਨ ਮੁਕਾਬਲਾ-664



‘ਸਟੈਚੂ ਆਫ ਲਿਬਰਟੀ’ ਹੈ,
ਇਕ ਚਿੰਨ੍ਹ ਮਨੁੱਖੀ ਆਜ਼ਾਦੀ ਦਾ।
ਲੋਕ-ਤੰਤਰ ਦੀ ਪ੍ਰਤੀਬੱਧਤਾ ਦਾ,
ਗੁਲਾਮੀ ਦੀ ਬਰਬਾਦੀ ਦਾ।
ਫਰਾਂਸੀਸੀਆਂ ਵੱਲੋਂ ਅਮਰੀਕਨਾਂ ਨੂੰ,
ਦਿੱਤੀ ਭੇਟ ਸਵਾਦੀ ਦਾ।
ਆਸ, ਹੌਸਲਾ, ਉਤਸ਼ਾਹ ਵਧਾਵੇ,
ਦੁਨੀ ਦੀ ਕੁੱਲ ਆਬਾਦੀ ਦਾ।
ਰਾਹ ਦੱਸੇ ਦਬੇ-ਕੁਚਲਿਆਂ ਨੂੰ,
ਰਖਵਾਲਾ ਉਨ੍ਹਾਂ ਦੀ ਸ਼ਾਦੀ* ਦਾ।
ਬੰਦੇ ਅੰਦਰ ਰੱਬ ਜੋ ਪਾਈ,
ਸੋਚ ਉਸ ਆਦਿ ਜੁਗਾਦੀ ਦਾ।
ਬੰਦ ਮੂੰਹ, ਸੋਚ ਨੂੰ ਸੰਗਲ;
ਪਰ ਹਾਲ ਸਥਾਪਤੀ ਸਾਡੀ ਦਾ।
ਦੇਸ਼-ਧ੍ਰੋਹੀ! ਕਰੋ ਐਨਕਾਊਂਟਰ!!,
ਇਸ ‘ਨਾਕਾਮ’ ਅੱਤਵਾਦੀ ਦਾ।
***-ਗੁਰਬਖ਼ਸ਼ ਸਿੰਘ ‘ਨਾਕਾਮ’***
***+1 864 318 5500***

---

ਯਾਦਗਾਰ ਦੇ ਖੜ੍ਹ ਸਾਹਮਣੇ
ਯਾਦਗਾਰੀ ਤਸਵੀਰ ਖਿਚਾਈ।
ਭਲਾ ਹੋਵੇ ‘ਪੰਜਾਬ ਟਾਈਮਜ਼’ ਦਾ
ਜਿਹਨੇ ਕੈਪਸ਼ਨ ਦੇ ਲਈ ਲਾਈ।
***-ਜਗਮੀਤ ਸਿੰਘ ਪੰਧੇਰ***

---

ਫਰਾਂਸ ਵਾਲਿਆਂ ਦਾਨ ਸੀ ਦਿੱਤਾ,
ਚੁੱਕ ਜੰਜ਼ੀਰੇ ‘ਤੇ ਹੈ ਲਾਇਆ,
ਲੋਕਤੰਤਰ ਦੀ ਮਸ਼ਾਲ ਹਥ ਵਿੱਚ,
ਹੋਕਾ ਅਜ਼ਾਦੀ ਦਾ ਲਾਇਆ।
ਆਉਂਦੇ ਜਾਂਦੇ ਜੋ ਨਿਊ ਯਾਰਕ ਨੂੰ,
ਅੱਗੇ ਖੜ੍ਹ ਫ਼ੋਟੋ ਖਿਚਵਾਇਆ,
ਤੱਕ ਸਾਹਮਣੇ ਸਵਤੰਤਰ ਦਾ ਟਾਵਰ,
ਨੌਂ ਗਿਆਰਾਂ ਚੇਤੇ ਆਇਆ।
***-ਸੇਵਾ ਸਿੰਘ ਨੂਰਪੁਰੀ***

---

ਅਸਮਾਨ ਛੂੰਹਦਾ ਬੁੱਤ ਆਜ਼ਾਦੀ ਦਾ
ਸਟੈਚੂ ਆਫ ਲਿਬਰਟੀ ਪੈਗਾਮ ਆਜ਼ਾਦੀ ਦਾ।
ਰਾਜਨੇਤਾ ਤੰਗਦਿਲੀਆਂ ਵਿਚ ਵਿਚਰਦੇ
ਪਾਠ ਪੜ੍ਹਾਉਣ ਗੁਲਾਮੀ ਦਾ।
ਆਪਣੇ ਬੁਣੇ ਜਾਲ ਵਿਚ
ਆਪ ਹੀ ਫਸਦੇ
ਮਸਲਾ ਹੋ ਜਾਂਦਾ ਬਦਨਾਮੀ ਦਾ।
ਆਜ਼ਾਦੀ ਦਾ ਆਨੰਦ ਤਾਂ ਹੀ ਆਵੇ
ਹੁਕਮਰਾਨ ਹਰ ਕਦਮ ‘ਤੇ ਬੰਦਿਸ਼ ਨਾ ਲਾਵੇ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਕਿੰਨਾ ਸੋਹਣਾ ਮਨਮੋਹਣਾ ਨਜ਼ਾਰਾ
ਸਮੁੰਦਰ ਦੇ ਗੱਬ ‘ਚ ਸਥਿਤ
ਫਰਾਂਸ ਵਲੋਂ ਅਮਰੀਕਾ ਨੂੰ ਦੋਸਤੀ ਦਾ ਤੋਹਫਾ
ਇਕ ਜਨਾਨੀ ਜੋ ਹੱਥ ਜੋੜ ਖੜ੍ਹੀ
ਗੁਲਾਮੀ ਖਤਮ ਆਜ਼ਾਦੀ ਲਈ
ਮੰਗਦੀ ਹੋਈ ਇਨਸਾਫ।
***-ਦਰਸ਼ਨ ਪਾਲ ਦੋਸਾਂਝ***

# ਕੇਂਦਰ ਅਤੇ ਪੰਜਾਬ ਲਈ ਗੁਰਪੁਰਬ ਦੇ ਸਬਕ



ਜਯੋਤੀ ਮਲਹੋਤਰਾ

ਗੁਰਪੁਰਬ ਦੀ ਸਵੇਰ ਜੇ.ਐੱਨ.ਯੂ. ਨਵੀਂ ਦਿੱਲੀ ਦੇ ਪ੍ਰੋਫੈਸਰ ਸੁਰਿੰਦਰ ਜੋਧਕਾ ਦੇ ਟਵੀਟ ਕੀਤੇ ਗੁਰੂ ਨਾਨਕ ਦੇ ਦੋ ਸ਼ਬਦਾਂ 'ਨਿਰਭਉ' ਤੇ 'ਨਿਰਵੈਰੁ' ਬਾਰੇ ਸੋਚ ਰਹੀ ਸੀ- 'ਬਿਨਾਂ ਭੈਅ' ਤੇ 'ਬਿਨਾਂ ਦੁਸ਼ਮਣੀ'; ਉਨ੍ਹਾਂ ਇਨ੍ਹਾਂ ਸ਼ਬਦਾਂ ਦਾ ਜ਼ਿਕਰ ਕਰਦਿਆਂ ਨਾਲ ਹੀ ਲਿਖਿਆ- "ਆਸ ਕਰਦਾ ਹਾਂ ਕਿ ਇਹ ਕਿਸੇ ਤਰ੍ਹਾਂ ਸਾਡੀਆਂ ਜ਼ਿੰਦਗੀਆਂ, ਗੱਲਾਂ-ਬਾਤਾਂ ਤੇ ਸਾਡੀ ਰਾਜਨੀਤੀ 'ਚ ਘੁਲ-ਮਿਲ ਸਕਣਗੇ।"

ਅਜਿਹਾ ਲੱਗਾ ਜਿਵੇਂ ਉਹ ਭਾਜਪਾ ਨੇਤਾ ਸੁਨੀਲ ਜਾਖੜ ਨਾਲ ਪਿੱਛੇ ਜਿਹੇ ਕੀਤੀ ਮੇਰੀ ਇੰਟਰਵਿਊ ਸੁਣ ਰਹੇ ਸੀ (ਉਨ੍ਹਾਂ ਹਾਲਾਂਕਿ ਨਹੀਂ ਸੁਣੀ) ਜਿਸ ਵਿਚ ਜਾਪਿਆ ਕਿ ਜਾਖੜ ਕਈ ਤਰ੍ਹਾਂ ਦੇ ਵਿਚਾਰਾਂ ਤੇ ਭਾਵਨਾਵਾਂ ਨਾਲ ਘੁਲ ਰਹੇ ਸਨ- ਕਈ ਵਾਰ ਇਸ ਤਰ੍ਹਾਂ ਲੱਗਾ ਜਿਵੇਂ ਉਹ ਸਵਾਲਾਂ ਦਾ ਜਵਾਬ ਦੇਣ ਦੀ ਬਜਾਇ ਖ਼ੁਦ ਨਾਲ ਗੱਲਾਂ ਕਰ ਰਹੇ ਹੋਣ। ਕੁਝ ਟਿੱਪਣੀਆਂ ਬੇਸ਼ੱਕ, ਉਨ੍ਹਾਂ ਦੇ ਆਪਣੇ ਉਥਲ-ਪੁਥਲ ਵਾਲੇ ਸਫ਼ਰ ਬਾਰੇ ਹੀ ਸਨ, ਪਹਿਲਾਂ ਕਾਂਗਰਸ ਤੇ ਮਗਰੋਂ ਭਾਜਪਾ ਨਾਲ ਬਿਤਾਏ ਸਮੇਂ ਬਾਰੇ; ਇਤਿਹਾਸ ਦੇ ਇਸ ਉਚੇਚੇ ਮੋੜ 'ਤੇ ਪੰਜਾਬ ਜਿਸ ਹਲਚਲ 'ਚ ਖ਼ੁਦ ਨੂੰ ਘਿਰਿਆ ਮਹਿਸੂਸ ਕਰ ਰਿਹਾ ਹੈ, ਬਹੁਤਿਆਂ ਮੁਤਾਬਿਕ ਉਹ ਜਾਖੜ ਦੀ ਉਸ ਵਿਅਕਤੀਗਤ ਦੁਬਿਧਾ (ਹੋਂਦ ਬਾਰੇ) ਤੋਂ ਕਿਤੇ ਵੱਡੀ ਹੈ ਜਿਸ ਨਾਲ ਉਹ ਸੰਘਰਸ਼ ਕਰਦੇ ਜਾਪ ਰਹੇ ਹਨ।

ਯਕੀਨਨ, ਮਾਰਕਸਵਾਦੀ ਤਾਲੀਮ ਬਾਰੇ ਕਿਹਾ ਜਾਣ ਵਾਲਾ ਬਹੁਤ ਕੁਝ ਹੈ ਜਿਸ ਮੁਤਾਬਿਕ ਸਮੇਂ ਦੇ ਵੱਡੇ ਨਾਟਕਾਂ 'ਚ ਮਨੁੱਖ ਕਣਾਂ ਵਰਗੇ ਹਨ- ਸੋਚੋ ਮਾਰਕਸ ਨੇ ਸ਼ੇਕਸਪੀਅਰ ਨੂੰ ਸਮੇਟ ਹੀ ਦਿੱਤਾ ਹੈ ਤੇ ਨਿਰਸੰਦੇਹ, ਰਾਜ ਅਤੇ ਦਿੱਲੀ ਵਿਚ ਵਰਤਮਾਨ ਨਾਟਕਕਾਰ ਕਈ ਵਾਰ ਅਜਿਹੇ ਛੋਟੇ ਬੰਦਿਆਂ ਵਰਗੇ ਲੱਗਦੇ ਹਨ ਜਿਨ੍ਹਾਂ ਦੀ ਰੂਪ-ਰੇਖਾ ਦੇ ਠੋਸ ਕਾਲੇ ਪਰਛਾਵੇਂ, ਅਲਬੱਤਾ ਕੈਨਵਸ 'ਤੇ ਵਾਹੇ ਜਾਣ ਨਾਲੋਂ ਕਿਤੇ ਵੱਡੇ ਬਣਦੇ ਹਨ।

ਉਂਝ, ਜਿਵੇਂ ਅਸੀਂ ਸਾਰੇ ਜਾਣਦੇ ਹਾਂ, ਪਰਛਾਵੇਂ ਸਵੇਰ ਦੀ ਠੰਢੀ ਰੌਸ਼ਨੀ 'ਚ ਗਾਇਬ ਹੋ ਜਾਂਦੇ ਹਨ; ਦੁਪਹਿਰ ਤੱਕ ਪੈਰਾਂ ਥੱਲੇ ਮਿੱਧੇ ਜਾਣ ਲੱਗਦੇ ਹਨ। ਦਿਨ ਦੇ ਕਿਸੇ ਵੀ ਸਮੇਂ ਇਨ੍ਹਾਂ ਦੀ ਬਿਲਕੁਲ ਘੱਟ ਜਾਂ ਕੋਈ ਵੀ ਮਹੱਤਤਾ ਨਹੀਂ ਰਹਿੰਦੀ।

ਚਲੋ, ਸ਼ੁਰੂਆਤ ਤੋਂ ਸ਼ੁਰੂ ਕਰਦੇ ਹਾਂ ਜੋ ਵੀ ਅਸੀਂ ਜਾਣਦੇ ਹਾਂ। ਪਹਿਲਾਂ ਇਹ ਕਿ ਜਾਖੜ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਦੱਸਿਆ ਕਿ ਉਹ ਸੂਬਾ ਪਾਰਟੀ ਪ੍ਰਧਾਨ ਨਹੀਂ ਬਣੇ ਰਹਿ ਸਕਦੇ। ਦੂਜਾ, ਉਹ ਮੁੜ ਕਾਂਗਰਸ ਵਿਚ ਵੀ ਨਹੀਂ ਜਾਣਗੇ ਜਿਸ ਪਾਰਟੀ ਲਈ ਉਨ੍ਹਾਂ ਕਈ ਦਹਾਕੇ ਕੰਮ ਕੀਤਾ ਕਿਉਂਕਿ ਉਹ ਪਾਰਟੀ ਦੇ ਵਿਹਾਰ ਤੋਂ ਦੁਖੀ ਹਨ। ਅਸੀਂ ਇਹ ਵੀ ਜਾਣਦੇ ਹਾਂ ਕਿ ਇੱਕ ਹੋਰ ਕਾਂਗਰਸ ਨੇਤਾ, ਹਿੰਦੂ ਪੰਜਾਬੀ ਆਗੂ, ਅੰਬਿਕਾ ਸੋਨੀ ਨੇ ਕੁਝ ਸਾਲ ਪਹਿਲਾਂ ਕਿਹਾ ਸੀ ਕਿ ਜਾਖੜ ਪੰਜਾਬ ਦੇ ਮੁੱਖ ਮੰਤਰੀ ਨਹੀਂ ਬਣ ਸਕਦੇ 'ਕਿਉਂਕਿ ਉਹ ਹਿੰਦੂ ਹਨ'- ਤੇ ਇਸ ਕਰ ਕੇ ਵੀ ਕਿਉਂਕਿ ਜਾਖੜ ਨੂੰ ਲੱਗਦਾ ਹੈ ਕਿ ਪਾਰਟੀ ਦੇ ਵੱਖ-ਵੱਖ ਧੜਿਆਂ 'ਤੇ ਰਾਹੁਲ ਗਾਂਧੀ ਦਾ 'ਕੋਈ ਕੰਟਰੋਲ' ਨਹੀਂ ਹੈ।



ਤੇ ਫੇਰ ਕੁਝ ਵੱਡੇ ਸਵਾਲ ਵੀ ਹਨ। ਪਾਰਟੀ ਪ੍ਰਤੀ ਵਫ਼ਾਦਾਰੀ ਤੇ ਪਾਰਟੀ ਹਿੱਤਾਂ ਤੋਂ ਪਰ੍ਹੇ। ਪਛਾਣ, ਨਿਹਚਾ, ਯੋਗਤਾ ਤੇ ਵਿਸ਼ਵਾਸ ਨਾਲ ਜੁੜੇ ਸਵਾਲ। ਉਦਾਹਰਨ ਵਜੋਂ ਅਕਾਲੀ ਦਲ ਦੇ ਸਮਰਥਨ ਤੋਂ ਬਿਨਾਂ ਚੋਣ ਲੜ ਕੇ ਭਾਜਪਾ ਕਿਉਂ ਪੰਜਾਬ ਵਿਚ ਆਪਣੇ ਪ੍ਰਭਾਵ ਦਾ ਵਿਸਤਾਰ ਕਰਨ ਤੇ ਲੋਕਾਂ ਦਾ ਭਰੋਸਾ ਜਿੱਤਣ 'ਚ ਅਯੋਗ ਸਾਬਿਤ ਹੋ ਰਹੀ ਹੈ? ਕੀ ਅਕਾਲੀ ਦਲ ਦੇ ਨਿਘਾਰ ਤੇ ਗਿਰਾਵਟ ਦਾ ਕਾਰਨ ਭਾਜਪਾ ਨਾਲ ਰਹੀ ਇਸ ਦੀ ਨੇੜਤਾ ਹੈ ਜਾਂ ਇਸ ਨੂੰ ਹੋਰਨਾਂ ਕਾਰਨਾਂ ਲਈ ਆਪਣੇ ਅੰਦਰ-ਝਾਤ ਮਾਰਨੀ ਚਾਹੀਦੀ ਹੈ? ਇਸ ਤੋਂ ਇਲਾਵਾ, ਕੀ ਸਿੱਖਾਂ ਨੂੰ ਡਰ ਹੈ ਕਿ ਆਰ.ਐੱਸ.ਐੱਸ.-ਭਾਜਪਾ 'ਨਿਰਭਉ' ਤੇ 'ਨਿਰਵੈਰੁ' ਦੇ ਖ਼ਾਸ, ਸਮਾਨਤਾਵਾਦੀ ਗੁਣ ਨੂੰ ਖੋਖ਼ਲਾ ਕਰ ਦੇਵੇਗੀ ਅਤੇ ਸਿੱਖੀ ਨੂੰ ਹਿੰਦੂਤਵ 'ਚ ਲਪੇਟ ਲਏਗੀ?

ਗੁਰਪੁਰਬ ਖ਼ਾਸ ਤੌਰ 'ਤੇ ਮਹਾਨ ਗੁਰੂ ਦੇ 555ਵੇਂ ਪ੍ਰਕਾਸ਼ ਪੁਰਬ ਮੌਕੇ, ਇਹ ਸਵਾਲ ਹੋਰ ਵੀ ਵੱਧ ਫ਼ਸਵੇਂ ਜਾਪਦੇ ਹਨ। ਚੰਡੀਗੜ੍ਹ ਦੇ ਬਾਹਰਵਾਰ ਸਥਿਤ ਨਾਢਾ ਸਾਹਿਬ ਗੁਰਦੁਆਰੇ ਅਤੇ ਖੇਤਰ ਦੇ ਹੋਰਨਾਂ ਸੈਂਕੜੇ ਗੁਰਦੁਆਰਿਆਂ 'ਚ ਹਿੰਦੂਆਂ ਤੇ ਸਿੱਖਾਂ ਤੇ ਅਸਲ 'ਚ ਹੋਰਨਾਂ ਧਰਮਾਂ ਦੇ ਲੋਕਾਂ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨਾਂ ਲਈ ਧੀਰਜ ਧਰ ਕੇ ਉਡੀਕ ਕੀਤੀ; ਤੁਸੀਂ ਸੋਚੋਗੇ ਕਿ ਜਿਵੇਂ ਪੰਜਾਬ ਦਾ ਭਾਈਚਾਰਾ ਗੁਰੂ ਨਾਨਕ ਦੇਵ ਦੇ ਵਾਕ ਨੂੰ ਆਪਣੇ ਅੰਦਰ ਸਮਾਉਣ ਲਈ ਪੂਰੀ ਤਰ੍ਹਾਂ ਤਿਆਰ ਹੋਵੇ (ਨਾ ਕੋ ਹਿੰਦੂ ਨਾ ਮੁਸਲਮਾਨ); ਮਤਲਬ, ਕੀ ਰਾਜ ਦੀ ਬਹੁਗਿਣਤੀ ਸਿੱਖ ਆਬਾਦੀ (ਕਰੀਬ 57.7 ਪ੍ਰਤੀਸ਼ਤ) ਦੀ ਅਗਵਾਈ ਇਸ ਦੇ ਆਪਣੇ ਫ਼ਿਰਕੇ ਦੇ ਆਗੂ ਦੀ ਬਜਾਇ ਇੱਕ ਗ਼ੈਰ-ਸਿੱਖ ਸ਼ਾਇਦ ਇੱਕ ਹਿੰਦੂ ਕਰੇਗਾ?

ਇੱਕ ਪਲ ਲਈ ਸੋਚੋ- ਲੋਕ ਕਹਿਣ ਕਿ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਹਿੰਦੂ ਵੀ ਠੀਕ ਹੀ ਹਨ ਤੇ ਹਿੰਦੂ ਪਰਿਵਾਰ, ਕੁਝ ਸਮਾਂ ਪਹਿਲਾਂ ਤੱਕ ਤੇ ਸ਼ਾਇਦ ਹੁਣ ਵੀ, ਆਪਣੇ ਵੱਡੇ ਪੁੱਤਰ ਸਿੱਖ ਧਰਮ ਨੂੰ 'ਦਿੰਦੇ' ਰਹੇ ਹਨ। ਇਸ ਮਾਮਲੇ ਵਿਚ ਹਿੰਦੂਤਵ ਦੇ ਲਚਕਦਾਰ ਤੇ ਸਹਿਣਸ਼ੀਲ ਹੋਣ ਬਾਰੇ ਤੁਹਾਡੇ ਉਸ ਲਗਾਤਾਰ ਖਦਸ਼ੇ ਦਾ ਕੀ ਬਣੇਗਾ, ਤੁਹਾਨੂੰ ਚਿੰਤਾ ਹੈ ਕਿ ਜਦੋਂ ਤੱਕ ਤੁਹਾਨੂੰ ਪਤਾ ਲੱਗੇਗਾ, ਇਹ ਤੁਹਾਨੂੰ ਆਪਣੇ 'ਚ ਸਮੋ ਚੁੱਕਾ ਹੋਵੇਗਾ? ਜਿਵੇਂ ਗੁਰਪੁਰਬ ਵੀ ਐਤਕੀਂ ਕਾਰਤਿਕ ਪੂਰਨਿਮਾ ਵਾਲੇ ਦਿਨ ਆਇਆ?

ਮੇਰੇ ਵਰਗਾ ਬਾਹਰਲਾ ਹੀ ਇਸ ਗੱਲ ਦੀ ਗਵਾਹੀ ਦੇ ਸਕਦਾ ਹੈ ਕਿ ਭਾਵੇਂ ਪੰਜਾਬ ਅੱਗੇ ਸੈਂਕੜੇ ਚੁਣੌਤੀਆਂ ਹਨ- ਨਸ਼ਾ, ਅਪਰਾਧ, ਫਿਰੌਤੀ, ਪਿੰਡ ਛੱਡ ਕੈਨੇਡਾ ਨੂੰ ਉੱਡ ਰਹੇ ਨੌਜਵਾਨ ਅਤੇ ਪਿੱਛੇ ਇਕੱਲੇ ਸੰਤਾਪ ਹੰਢਾ ਰਹੇ ਬਜ਼ੁਰਗ ਹੋ ਰਹੇ ਮਾਪੇ, ਵਿਆਪਕ ਬੇਰੁਜ਼ਗਾਰੀ, ਖੇਤੀ 'ਤੇ ਲੋੜੋਂ ਵੱਧ ਨਿਰਭਰਤਾ, ਪਾਣੀ ਦਾ ਡਿੱਗਦਾ ਪੱਧਰ, ਮਿੱਟੀ ਦਾ ਡਿੱਗਦਾ ਮਿਆਰ, ਭ੍ਰਿਸ਼ਟਾਚਾਰ, ਲੁਧਿਆਣਾ ਦੇ ਉਸ ਸਰਕਾਰੀ ਕਾਲਜ 'ਚ ਪੱਕਾ ਪ੍ਰਿੰਸੀਪਲ ਰੱਖਣ ਲਈ ਕੋਈ ਪੈਸਾ ਨਾ ਹੋਣਾ ਜਿਸ ਨੇ ਦੇਸ਼ ਨੂੰ ਸਤੀਸ਼ ਧਵਨ ਵਰਗਾ ਗਣਿਤ ਮਾਹਿਰ ਤੇ ਏਅਰੋਸਪੇਸ ਇੰਜਨੀਅਰ ਅਤੇ ਹੋਰ ਕਈ ਹੋਣਹਾਰ ਧੀਆਂ-ਪੁੱਤ ਦਿੱਤੇ ਤੇ ਹੋਰ- ਫੇਰ ਵੀ ਪੰਜਾਬੀਆਂ 'ਚ ਤਾਕਤ ਤੇ ਆਤਮ-ਵਿਸ਼ਵਾਸ ਹੈ ਜਿਸ ਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ 545 ਮੈਂਬਰੀ ਲੋਕ ਸਭਾ ਵਿਚ ਪੰਜਾਬ ਦੇ ਸਿਰਫ਼ 13 ਮੈਂਬਰ ਹੀ ਹਨ।

ਭਾਜਪਾ ਸ਼ਾਸਿਤ ਕੇਂਦਰ ਦੀ ਸਮੱਸਿਆ ਹੈ ਕਿ ਇਹ ਅੰਕੜਿਆਂ ਨੂੰ ਹੀ ਤਰਜੀਹ ਦਿੰਦਾ ਹੈ। ਸਿਰਫ਼ 13 ਸੀਟਾਂ? ਚਲੋ ਠੀਕ ਹੈ।

ਬਸ ਉਦੋਂ ਹੀ ਦਿੱਲੀ ਤੇ ਚੰਡੀਗੜ੍ਹ ਦਰਮਿਆਨ ਗੱਲਾਂ-ਬਾਤਾਂ ਘੁੰਮਣ-ਘੇਰੀ 'ਚ ਪੈ ਜਾਂਦੀਆਂ ਹਨ, ਮੱਧਮ ਪੈ ਕੇ ਬਿਲਕੁਲ ਮੁੱਕ ਜਾਂਦੀਆਂ ਹਨ। ਇਸ ਲਈ ਜਦੋਂ ਚੌਲਾਂ ਦੀ ਖਰੀਦ ਦਾ ਸੰਕਟ ਹੁੰਦਾ ਹੈ, ਦਿੱਲੀ ਨੂੰ 'ਰੂਲ ਬੁੱਕ' ਚੰਡੀਗੜ੍ਹ ਵੱਲ ਸੁੱਟਣ ਦੀ ਬਜਾਇ ਹੋਰ ਜ਼ਿਆਦਾ ਕੁਝ ਕਰਨ ਦੀ ਲੋੜ ਨਹੀਂ ਪੈਂਦੀ। ਅਧਿਕਾਰੀ ਮੰਡੀ ਵਿਚ ਨਮੀ ਵਾਲੇ ਮੀਟਰ ਵੱਲ ਨਾਂਹ ਦੀ ਉਂਗਲ ਹਿਲਾਉਂਦੇ ਹਨ ਜੋ ਭਾਰ ਮਾਪਣ ਦੌਰਾਨ ਚੌਲਾਂ 'ਚ ਨਮੀ ਦੀ ਮਾਤਰਾ ਨੂੰ ਨਾਪਦਾ ਹੈ ਤੇ 17 ਪ੍ਰਤੀਸ਼ਤ ਤੋਂ ਵੱਧ ਨਮੀ ਨਿਕਲਣ 'ਤੇ ਡੂੰਘਾ ਸਾਹ ਲੈ ਕੇ ਜਿਣਸ ਨੂੰ ਨਕਾਰ ਦਿੱਤਾ ਜਾਂਦਾ ਹੈ। ਇਨ੍ਹਾਂ ਚੌਲਾਂ ਵਿਚ ਤਾਂ ਬਹੁਤ ਜ਼ਿਆਦਾ ਨਮੀ ਹੈ। ਇਹ ਖੇਪ ਪਾਸ ਨਹੀਂ ਹੋ ਸਕਦੀ। ਇਸ ਮੌਕੇ ਕੀਤੀਆਂ ਬੇਨਤੀਆਂ ਦਾ ਕਿਸੇ 'ਤੇ ਕੋਈ ਅਸਰ ਨਹੀਂ ਪੈਂਦਾ। ਅਧਿਕਾਰੀ ਨੇ ਆਪਣੀ ਨਾਖੁਸ਼ੀ ਜ਼ਾਹਿਰ ਕਰ ਦਿੱਤੀ ਹੈ, ਹੋਰ ਕਿਸੇ ਗੱਲ ਦਾ ਮਤਲਬ ਨਹੀਂ ਹੈ।

ਉਹ ਸਮਾਂ ਬਹੁਤ ਘੱਟ ਲੋਕਾਂ ਨੂੰ ਯਾਦ ਹੋਵੇਗਾ ਜਦ ਸਾਬਕਾ ਅਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਿੱਲੀ ਨੂੰ ਚੌਲਾਂ 'ਚ 20 ਪ੍ਰਤੀਸ਼ਤ ਨਮੀ ਦੀ ਮਾਤਰਾ ਦੀ ਇਜਾਜ਼ਤ ਦੇਣ ਲਈ ਮਨਾਇਆ ਸੀ ਕਿਉਂਕਿ ਗ਼ੈਰ-ਮੌਸਮੀ ਬਰਸਾਤ ਨੇ ਪੰਜਾਬ ਦਾ ਨੁਕਸਾਨ ਕੀਤਾ ਸੀ। ਕੁਝ ਲੋਕਾਂ ਨੂੰ ਹੀ ਯਾਦ ਹੈ ਕਿਉਂਕਿ ਕੁਝ ਕੁ ਹੀ ਯਾਦ ਰੱਖਣਾ ਚਾਹੁੰਦੇ ਹਨ। ਦਿੱਲੀ ਤੇ ਚੰਡੀਗੜ੍ਹ 'ਚ ਇਸ ਤਰ੍ਹਾਂ ਦਾ ਜਮੂਦ ਹੈ ਕਿ ਇਹ ਹੁਣ ਸਿਰਫ 'ਆਪ' ਤੇ ਭਾਜਪਾ ਦੇ ਵਖ਼ਰੇਵਿਆਂ ਦਾ ਮਸਲਾ ਨਹੀਂ ਰਿਹਾ। ਪੰਜਾਬੀ ਇਹ ਸੋਚਣ ਲੱਗੇ ਹਨ ਕਿ ਕੀ ਉਨ੍ਹਾਂ ਨੂੰ ਮੋਦੀ ਸਰਕਾਰ ਦੇ ਲਿਆਂਦੇ ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਦੀ ਸਜ਼ਾ ਦਿੱਤੀ ਜਾ ਰਹੀ ਹੈ? ਤੇ ਕੀ 'ਹਿੰਦੂ' ਹੁਣ 'ਸਿੱਖਾਂ' ਨੂੰ ਸਜ਼ਾ ਦੇਣਾ ਚਾਹੁੰਦੇ ਹਨ?

ਇਸ 'ਚੋਂ ਕੁਝ ਸ਼ਾਇਦ ਖਿਆਲੀ ਲੱਗੇ ਜਾਂ ਫਿਰ ਅਨੋਖਾ। ਸਮੱਸਿਆ ਇਹ ਹੈ ਕਿ ਕੇਂਦਰ ਤੇ ਸੂਬੇ ਦਰਮਿਆਨ ਜਮੂਦ, ਦਰਾੜ ਬਣ ਰਿਹਾ ਹੈ ਜਿੱਥੇ ਗੱਲਬਾਤ ਜੇਕਰ ਖ਼ਤਮ ਨਹੀਂ ਤਾਂ ਘਟ ਜ਼ਰੂਰ ਰਹੀ ਹੈ ਤੇ ਚੰਡੀਗੜ੍ਹ ਦੀਆਂ ਬੈਠਕਾਂ 'ਚ ਕੁਝ ਗੱਲਾਂ-ਬਾਤਾਂ ਇਸ ਸਵਾਲ ਨੂੰ ਦੁਹਰਾ ਰਹੀਆਂ ਹਨ- ਕੀ 'ਜੈ ਸ੍ਰੀ ਰਾਮ' 'ਲਲਕਾਰ' ਹੈ ਜਾਂ 'ਪੁਕਾਰ'।

ਨਾਢਾ ਸਾਹਿਬ ਗੁਰਦੁਆਰੇ 'ਚ ਤੁਹਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਪੱਤਲ 'ਚ ਕੜਾਹ ਪ੍ਰਸ਼ਾਦਿ ਕਰਾਉਣ ਲਈ ਸਿਰਫ਼ 50 ਰੁਪਏ ਦੇਣੇ ਪੈਂਦੇ ਹਨ, ਬਾਕੀ ਸਭ ਮੁਫ਼ਤ ਹੈ। ਗੁਰਦੁਆਰੇ ਦੇ ਦੂਜੇ ਪਾਸੇ ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਪਾਰ ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ 'ਚ ਪੂਜਨੀਕ ਚਿੰਤਪੁਰਨੀ ਸ਼ਰਾਈਨ ਬੋਰਡ ਨੇ ਫ਼ੈਸਲਾ ਕੀਤਾ ਹੈ ਕਿ ਇਹ 'ਤੁਰੰਤ ਦਰਸ਼ਨਾਂ' ਲਈ 300 ਰੁਪਏ ਲੈਣੇ ਸ਼ੁਰੂ ਕਰੇਗਾ ਜਿਸ ਨਾਲ ਤੁਸੀਂ ਕਤਾਰ 'ਚ ਅੱਗੇ ਲੰਘ ਕੇ ਪਹਿਲਾਂ ਦੇਵੀ ਅੱਗੇ ਨਤਮਸਤਕ ਹੋ ਸਕੋਗੇ।

ਸ਼ੀਸ਼ੇ ਅੱਗੇ ਖੜ੍ਹ ਕੇ ਖ਼ੁਦ ਨੂੰ ਇਹ ਸਾਰੇ ਸਵਾਲ ਮੁੜ ਕਰਨ ਦਾ ਗੁਰਪੁਰਬ ਤੋਂ ਵਧੀਆ ਹੋਰ ਕਿਹੜਾ ਮੌਕਾ ਹੋ ਸਕਦਾ ਹੈ? ਸ਼ਾਇਦ ਤੁਸੀਂ 'ਨਿਰਵੈਰੁ' ਤੋਂ ਸ਼ੁਰੂ ਕਰ ਕੇ 'ਨਿਰਭਉ' ਨਾਲ ਖ਼ਤਮ ਕਰ ਸਕੋ?

---

# ਭਾਰਤ ਵਿਚ ਭੁੱਖਮਰੀ ਅਤੇ ਸਰਕਾਰੀ ਨੀਤੀ

ਗੁਰਵਿੰਦਰ
ਫੋਨ: +91-95170-45458

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਨੂੰ ਵਿਸ਼ਵ ਗੁਰੂ ਬਣਾਉਣ ਦੀਆਂ ਫੜ੍ਹਾਂ ਮਾਰਦੇ ਨਹੀਂ ਥੱਕਦੇ ਪਰ ਸਮੇਂ-ਸਮੇਂ ਆਉਂਦੀਆਂ ਰਿਪੋਰਟਾਂ ਬਿਲਕੁਲ ਉਲਟਾ ਪਾਸਾ ਪੇਸ਼ ਕਰਦੀਆਂ ਹਨ। ਹਰ ਸਾਲ ਆਲਮੀ ਪੱਧਰ 'ਤੇ ਕੌਮਾਂਤਰੀ ਭੁੱਖਮਰੀ ਸੂਚਕ ਅੰਕ ਦੇ ਨਾਂ ਹੇਠ ਰਿਪੋਰਟ ਪ੍ਰਕਾਸ਼ਿਤ ਹੁੰਦੀ ਹੈ ਜੋ ਵੱਖ-ਵੱਖ ਦੇਸ਼ਾਂ ਦੀ ਲੋਕਾਈ ਦੀਆਂ ਜੀਵਨ ਹਾਲਤਾਂ ਬਾਰੇ ਚਾਨਣਾ ਪਾਉਂਦੀ ਹੈ। 2014 ਦੀ ਰਿਪੋਰਟ ਥੋੜ੍ਹੇ ਦਿਨ ਪਹਿਲਾਂ ਹੀ ਪ੍ਰਕਾਸ਼ਿਤ ਹੋਈ ਹੈ। ਦੁਨੀਆ ਦੇ 127 ਮੁਲਕਾਂ ਵਿਚੋਂ ਅੰਕੜੇ ਇਕੱਠੇ ਕਰ ਕੇ ਰਿਪੋਰਟ ਬਣਾਈ ਗਈ ਹੈ। ਰਿਪੋਰਟ ਨੇ ਮੋਦੀ ਹਕੂਮਤ ਦੇ ਵਿਕਾਸ ਦੇ ਦਾਅਵਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਰਿਪੋਰਟ ਮੁਤਾਬਕ 127 ਦੇਸ਼ਾਂ ਵਿਚੋਂ ਭੁੱਖਮਰੀ ਦੇ ਮਾਮਲੇ ਵਿਚ ਭਾਰਤ ਹੇਠਾਂ ਤੋਂ 105ਵੇਂ ਨੰਬਰ 'ਤੇ ਹੈ। ਮੋਦੀ ਹਕੂਮਤ ਦੇ 10 ਵਰ੍ਹਿਆਂ ਦੇ ਕਾਰਜਕਾਲ ਵਿਚ ਇਸ ਸਥਿਤੀ ਵਿਚ ਤੇਜ਼ੀ ਨਾਲ ਨਿਘਾਰ ਆਇਆ ਹੈ।

2014 ਵਿਚ ਮੋਦੀ ਦੀ ਤਾਜਪੋਸ਼ੀ ਵੇਲੇ ਭਾਰਤ ਭੁੱਖਮਰੀ ਸੂਚਕ ਅੰਕ ਵਿਚ 55ਵੇਂ ਨੰਬਰ 'ਤੇ ਆਉਂਦਾ ਸੀ। 2023 ਵਿਚ ਤਾਂ ਭਾਰਤ ਇਸ ਦਰਜਾਬੰਦੀ ਵਿਚ 111ਵੇਂ ਥਾਂ 'ਤੇ ਪਹੁੰਚ ਗਿਆ ਸੀ। ਇਸ ਵੇਲ਼ੇ ਭਾਰਤ ਵਿਚ ਭੁੱਖਮਰੀ ਦੀ ਸਥਿਤੀ ਗੰਭੀਰ ਹੈ ਜੋ ਖਤਰਨਾਕ ਵੀ ਬਣ ਸਕਦੀ ਹੈ। ਆਰਥਿਕ ਅਤੇ ਸਿਆਸੀ ਅਸਥਿਰਤਾ ਝੱਲ ਰਹੇ ਸ੍ਰੀਲੰਕਾ ਅਤੇ ਬੰਗਲਾਦੇਸ਼ ਸਮੇਤ ਨੇਪਾਲ ਦੀ ਹਾਲਤ ਭਾਰਤ ਨਾਲੋਂ ਕਿਤੇ ਵਧੀਆ ਹੈ।

ਭੁੱਖਮਰੀ ਸੂਚਕ ਅੰਕ ਤਿੰਨ ਨੁਕਤਿਆਂ ਨੂੰ ਮਿਲਾ ਕੇ ਬਣਾਇਆ ਜਾਂਦਾ ਹੈ- ਕੁੱਲ ਆਬਾਦੀ 'ਚ ਕੁਪੋਸ਼ਿਤ/ਭੁੱਖਮਰੀ ਦਾ ਸ਼ਿਕਾਰ ਲੋਕਾਂ ਦੀ ਫੀਸਦ, 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਭਾਰ ਤੇ ਕੱਦ ਅਤੇ ਸਾਲ ਵਿਚ ਪੈਦਾ ਹੋਣ ਵਾਲੇ ਬੱਚਿਆਂ ਦੀ ਮੌਤ ਦਰ। ਇਹਨਾਂ ਤਿੰਨਾਂ ਨੁਕਤਿਆਂ 'ਚ ਹੀ ਭਾਰਤ ਦੀ ਹਾਲਤ ਬਹੁਤ ਨਿੱਘਰੀ ਹੋਈ ਹੈ। ਭਾਰਤ ਦੀ ਕੁੱਲ ਆਬਾਦੀ ਦਾ 14 ਫੀਸਦ ਭੁੱਖਮਰੀ ਦਾ ਸ਼ਿਕਾਰ ਹੈ ਜਿਸ ਦੀ ਗਿਣਤੀ 20 ਕਰੋੜ ਦੇ ਬਰਾਬਰ ਬਣਦੀ ਹੈ। ਬ੍ਰਾਜ਼ੀਲ ਦੀ ਕੁੱਲ ਆਬਾਦੀ ਲਗਭਗ 20 ਕਰੋੜ ਹੈ ਅਤੇ ਇੰਨੇ ਲੋਕ ਹੀ ਭਾਰਤ ਚ ਭੁੱਖਮਰੀ ਦਾ ਸ਼ਿਕਾਰ ਹਨ। ਕੁੱਲ ਆਬਾਦੀ ਚੋਂ 35.5 ਫੀਸਦ ਬੱਚਿਆਂ (ਹਰ ਤੀਜਾ ਬੱਚਾ) ਦਾ ਕੱਦ ਆਪਣੀ ਉਮਰ ਤੋਂ ਛੋਟਾ ਹੈ ਅਤੇ 18.7 ਫੀਸਦ ਬੱਚਿਆਂ (ਹਰੇਕ ਪੰਜਵਾਂ ਬੱਚਾ) ਦਾ ਭਾਰ ਆਪਣੀ ਉਮਰ ਤੋਂ ਘੱਟ ਹੈ। ਇਸ ਦਾ ਇੱਕ ਕਾਰਨ ਜਿੱਥੇ ਇਹਨਾਂ ਬੱਚਿਆਂ ਨੂੰ ਚੰਗੀ ਖੁਰਾਕ ਨਾ ਮਿਲਣਾ ਹੈ ਉੱਥੇ ਬੱਚਿਆਂ ਦੀਆਂ ਮਾਵਾਂ 'ਚ ਖੂਨ ਦੀ ਕਮੀ, ਕਮਜ਼ੋਰ ਸਿਹਤ ਆਦਿ ਵੀ ਹੈ। ਸਾਲ ਵਿਚ ਜੰਮਣ ਵਾਲੇ ਬੱਚਿਆਂ ਵਿਚੋਂ ਹਰੇਕ 1000 ਮਗਰ 26 ਬੱਚਿਆਂ ਦੀ ਮੌਤ ਹੋ ਜਾਂਦੀ ਹੈ ਜਿਸ ਦਾ ਵੱਡਾ ਕਾਰਨ ਵੈਂਟੀਲੇਟਰ 'ਤੇ ਪਿਆ ਸਰਕਾਰੀ ਸਿਹਤ ਪ੍ਰਬੰਧ ਹੈ।

ਰਿਪੋਰਟ ਨਸ਼ਰ ਹੋਣ ਤੋਂ ਬਾਅਦ ਕੇਂਦਰ ਸਰਕਾਰ ਨੇ ਆਪਣੀ ਮਾੜੀ ਕਾਰਗੁਜ਼ਾਰੀ ਨੂੰ ਮੰਨ ਕੇ ਸਥਿਤੀ ਸੁਧਾਰਨ ਬਾਰੇ ਗੱਲ ਕਰਨ ਦੀ ਥਾਂ ਰਿਪੋਰਟ ਨੂੰ ਹੀ ਗਲਤ ਗਰਦਾਨਣਾ ਸ਼ੁਰੂ ਕਰ ਦਿੱਤਾ। ਪਹਿਲਾ ਵੀ ਸਰਕਾਰ ਨੇ ਬੇਰੁਜ਼ਗਾਰੀ ਦੀ ਹਾਲਤ ਬਿਆਨਦੀ ਰਿਪੋਰਟ ਤੋਂ ਬਾਅਦ ਰੁਜ਼ਗਾਰ ਦਾ ਪ੍ਰਬੰਧ ਕਰਨ ਥਾਵੇਂ ਅੰਕੜਾ ਵਿਭਾਗ ਬੰਦ ਕਰਨ ਦਾ ਰਾਹ ਚੁਣਿਆ ਸੀ ਤਾਂ ਕਿ ਬੇਰੁਜ਼ਗਾਰੀ ਦੇ ਅੰਕੜਿਆਂ ਬਾਰੇ ਪਤਾ ਹੀ ਨਾ ਲੱਗ ਸਕੇ। ਗੋਦੀ ਮੀਡੀਆ ਵੀ ਰਿਪੋਰਟ ਨੂੰ ਗਲਤ ਸਾਬਤ ਕਰਨ ਲਈ ਘੰਟਾ-ਘੰਟਾ ਲੰਮੇ ਪ੍ਰੋਗਰਾਮ ਕਰ ਰਿਹਾ ਹੈ ਪਰ ਸਮਾਜ ਵਿਚ ਵਿਚਰਦਾ ਹਰੇਕ ਤਰਕਸ਼ੀਲ ਅਤੇ ਇਨਸਾਫਪਸੰਦ ਹਕੀਕਤ ਜਾਣਦਾ ਹੈ ਕਿ ਪਰਦੇ ਪਾਉਣ ਨਾਲ ਸੱਚਾਈਆਂ ਲੁਕਦੀਆਂ ਨਹੀਂ। ਪੰਜਾਬ ਦਾ ਮਾਨਚੈਸਟਰ ਕਹੇ ਜਾਂਦੇ ਸ਼ਹਿਰ ਲੁਧਿਆਣੇ ਵਿਚ ਹਜ਼ਾਰਾਂ ਹੀ ਕੁਪੋਸ਼ਿਤ ਅਤੇ ਅੱਡੋ-ਅੱਡ ਬਿਮਾਰੀਆਂ ਨਾਲ ਗ੍ਰਸੇ ਮਜਦੂਰਾਂ ਦੇ ਬੱਚਿਆਂ ਨੂੰ ਆਮ ਦੇਖਿਆ ਜਾ ਸਕਦਾ ਹੈ ਪਰ ਹਕੂਮਤਾਂ ਅਤੇ ਗੋਦੀ ਮੀਡੀਆ ਨੂੰ ਇਹ ਹਕੀਕਤਾਂ ਨਹੀਂ ਦਿਸਦੀਆਂ।

ਭੁੱਖਮਰੀ ਅਤੇ ਕੁਪੋਸ਼ਣ ਵਰਗੀਆਂ ਅਲਾਮਤਾਂ ਲਈ ਅਕਸਰ ਇਹ ਕੁਤਰਕ ਦਿੱਤਾ ਜਾਂਦਾ ਹੈ ਕਿ ਇੰਨੀ ਜ਼ਿਆਦਾ ਆਬਾਦੀ ਦਾ ਢਿੱਡ ਕਿਵੇਂ ਭਰਿਆ ਜਾ ਸਕਦਾ ਹੈ? ਇਸ ਆਮ ਜਿਹੇ ਪ੍ਰਚਾਰੇ ਜਾਂਦੇ ਝੂਠ ਨੂੰ ਕਈ ਸੂਝਵਾਨ ਲੋਕ ਵੀ ਸੱਚ ਮੰਨਣ ਲੱਗ ਜਾਂਦੇ ਹਨ ਪਰ ਕੀ ਇਸ ਵਿਚ ਸਚਾਈ ਹੈ? ਅੰਕੜਿਆਂ ਮੁਤਾਬਿਕ, 2023-24 ਵਿਚ ਭਾਰਤ ਅੰਦਰ ਅਨਾਜ ਦੀ ਰਿਕਾਰਡ ਪੈਦਾਵਾਰ 332 ਮਿਲੀਅਨ ਟਨ ਹੋਈ ਹੈ ਜੋ ਭਾਰਤ ਦੀ ਕੁੱਲ ਆਬਾਦੀ ਨੂੰ ਰਜਾਉਣ ਲਈ ਕਾਫੀ ਹੈ। ਭਾਰਤ ਸੰਸਾਰ ਵਿਚ ਅਨਾਜ ਪੈਦਾਕਾਰਾਂ ਦੀ ਸੂਚੀ ਵਿਚ ਮੂਹਰਲੀਆਂ ਥਾਵਾਂ 'ਤੇ ਆਉਂਦਾ ਹੈ ਅਤੇ ਵਿਦੇਸ਼ਾਂ ਨੂੰ ਅਨਾਜ ਬਰਾਮਦ ਵੀ ਕਰਦਾ ਹੈ। ਇੰਨੀ ਪੈਦਾਵਾਰ ਹੋਣ ਦੇ ਬਾਵਜੂਦ 20 ਕਰੋੜ ਆਬਾਦੀ ਭੁੱਖਮਰੀ ਨਾਲ ਜੂਝ ਰਹੀ ਹੈ ਤਾਂ ਇਸ ਦਾ ਕਾਰਨ ਅਨਾਜ ਦੀ ਪੈਦਾਵਾਰ ਤਾਂ ਬਿਲਕੁੱਲ ਵੀ ਨਹੀਂ ਹੈ। ਪਿਛਲੇ ਦੋ ਸਾਲਾਂ ਵਿਚ ਖਾਧ ਪਦਾਰਥਾਂ ਦੀਆਂ ਕੀਮਤਾਂ ਵਿਚ ਛੜੱਪੇ ਮਾਰ ਵਾਧਾ ਹੋਇਆ ਹੈ। 2022 ਵਿਚ ਖਾਧ ਪਦਾਰਥਾਂ ਦੀ ਮਹਿੰਗਾਈ ਦਰ 3.8 ਫੀਸਦ ਸੀ ਜੋ 2024 ਵਿਚ ਵਧ ਕੇ 7.5 ਫੀਸਦ ਤੱਕ ਚਲੀ ਗਈ ਹੈ ਜਿਸ ਦੀ ਮਾਰ ਦੇਸ਼ ਦੀ 90-95 ਫੀਸਦ ਆਬਾਦੀ 'ਤੇ ਪਈ ਹੈ। ਇਸ ਕਰ ਕੇ ਕਿਰਤੀ ਆਬਾਦੀ ਦੇ ਬਹੁਤ ਵੱਡੇ ਹਿੱਸੇ ਦੀ ਪੋਸ਼ਿਤ ਖੁਰਾਕ ਤੱਕ ਪਹੁੰਚ ਔਖੀ ਹੋਈ ਹੈ। 100-150 ਰੁਪਏ ਪ੍ਰਤੀ ਕਿਲੋ ਵਿਕਦੀਆਂ ਦਾਲਾਂ-ਸ਼ਬਜ਼ੀਆਂ, 150 ਰੁਪਏ ਪ੍ਰਤੀ ਲਿਟਰ ਤੇਲ ਆਦਿ ਖਰੀਦਣਾ ਕਿਰਤੀ ਆਬਾਦੀ ਦੇ ਵੱਸੋਂ ਬਾਹਰਾ ਹੈ।


ਇਹਨਾਂ ਹਾਲਤਾਂ ਵਿਚ ਸਰਕਾਰਾਂ ਦਾ ਕੰਮ ਗਰੀਬ ਕਿਰਤੀ ਲੋਕਾਂ ਤੱਕ ਰਾਸ਼ਨ ਪਹੁੰਚਾਉਣ ਦਾ ਹੋਣਾ ਚਾਹੀਦਾ ਹੈ ਪਰ ਇਸ ਦੇ ਬਿਲਕੁੱਲ ਉਲਟ ਹਰ ਸਾਲ ਖਾਧ ਪਦਾਰਥ ਮੁਹੱਈਆ ਕਰਵਾਉਣ ਲਈ ਰੱਖੇ ਦਾਣ ਵਾਲੇ ਫੰਡਾਂ ਵਿਚ ਕਟੌਤੀ ਲਾਈ ਜਾ ਰਹੀ ਹੈ। ਆਪਣੇ ਸੂਬੇ ਪੰਜਾਬ ਦੀ ਹਾਲਤ ਦੀ ਗੱਲ ਕਰੀਏ ਤਾਂ ਮਾਸਟਰ ਦੇ ਮੁੰਡੇ ਨੇ ਗਰੀਬਾਂ ਨੂੰ ਮਿਲਣ ਵਾਲੇ ਰਾਸ਼ਣ 'ਚ ਹੋਰ ਕਟੌਤੀ ਲਾਈ ਹੈ। ਮਸ਼ਹੂਰੀ ਖੱਟਣ ਲਈ ਪ੍ਰਤੀ ਜੀਅ 5 ਕਿਲੋ ਆਟਾ ਘਰ-ਘਰ ਪਹੁੰਚਾਉਣ ਦੀ ਗੱਲ ਕਰਨ ਵਾਲੇ ਮੁੱਖ ਮੰਤਰੀ ਦੇ ਸੂਬੇ 'ਚ ਕਈ-ਕਈ ਮਹੀਨੇ ਗਰੀਬਾਂ ਦੇ ਘਰਾਂ ਚ ਆਟਾ ਨਹੀਂ ਪਹੁੰਚਦਾ। ਜਨਤਕ ਵੰਡ ਪ੍ਰਣਾਲੀ ਤਹਿਤ ਅਨਾਜ ਤੋਂ ਇਲਾਵਾ ਮਿਲਦੇ ਖਾਧ ਪਦਾਰਥਾਂ ਜਿਵੇਂ ਖੰਡ, ਤੇਲ, ਚਾਹਪੱਤੀ ਆਦਿ ਦਾ ਤਾਂ ਕਿਤੇ ਨਾਮੋ-ਨਿਸ਼ਾਨ ਹੀ ਨਹੀਂ ਹੈ। ਯੂਨੀਅਨ ਪੱਧਰ 'ਤੇ ਸ਼ੁਰੂ ਕੀਤੀਆਂ ਅੱਡੋ-ਅੱਡ ਸਕੀਮਾਂ ਵੀ ਲੀਡਰਾਂ ਅਤੇ ਨੌਕਰਸ਼ਾਹੀ ਦੇ ਢਿੱਡ ਭਰਨ ਦਾ ਸ੍ਰੋਤ ਹੀ ਬਣੀਆਂ ਹਨ। ਮਿਡ-ਡੇ-ਮੀਲ, ਰਾਸ਼ਟਰੀ ਪੋਸ਼ਣ ਮਿਸ਼ਨ ਵਰਗੀਆਂ ਸਕੀਮਾਂ 'ਚ ਘਪਲਿਆਂ ਬਾਰੇ ਖਬਰਾਂ ਆਉਂਦੀਆਂ ਹੀ ਰਹਿੰਦੀਆਂ ਹਨ। ਇੱਕ ਖਬਰ ਮੁਤਾਬਿਕ ਮਿਡ-ਡੇ-ਮੀਲ ਵਿਚ ਮਿਲਦੇ ਭੋਜਨ ਨਾਲ ਪਿਛਲੇ ਤਿੰਨ ਸਾਲਾਂ ਵਿਚ 900 ਵਿਦਿਆਰਥੀ ਬਿਮਾਰ ਹੋਏ। ਕੁੱਲ ਮਿਲਾ ਕੇ ਦੇਸ਼ ਦੀ ਹਾਲਤ ਦੀਆਂ ਜ਼ਿੰਮੇਵਾਰ ਰਾਜ ਕਰਨ ਵਾਲੀਆਂ ਧਿਰਾਂ ਹਨ। ਯੂਨੀਅਨ ਅਤੇ ਸੂਬਾ ਹਕੂਮਤਾਂ ਨੇ ਰਾਸ਼ਨ ਦੀ ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਥਾਂ ਇਸ ਦਾ ਭੋਗ ਪਾਉਣ ਦਾ ਰਾਹ ਫੜਿਆ ਹੋਇਆ ਹੈ।

ਖਾਣ ਲਈ ਸੰਤੁਲਿਤ ਪੋਸ਼ਟਿਕ ਭੋਜਨ ਮਨੁੱਖੀ ਹੱਕ ਹੈ ਜਿਸ ਨੂੰ ਲੋਕਾਂ ਦੇ ਟੈਕਸ ਨਾਲ ਚੱਲਣ ਵਾਲੀਆਂ ਸਰਕਾਰਾਂ ਨੇ ਮੁਹੱਈਆ ਕਰਵਾਉਣਾ ਹੁੰਦਾ ਹੈ ਪਰ ਆਜ਼ਾਦੀ ਬੀਤਣ ਦੇ 8 ਦਹਾਕੇ ਤੋਂ ਬਾਅਦ ਵੀ ਸਰਕਾਰਾਂ ਇਹ ਹੱਕ ਮੁਹੱਈਆ ਕਰਵਾਉਣ 'ਚ ਨਾਕਾਮਯਾਬ ਰਹੀਆਂ ਹਨ ਸਗੋਂ ਸਰਕਾਰਾਂ ਲੋਕਾਂ ਨੂੰ ਮਿਲਦੀਆਂ ਬਾਕੀਆਂ ਸਹੂਲਤਾਂ ਵਾਂਙ ਜਨਤਕ ਰਾਸ਼ਣ ਮੁਹੱਈਆ ਕਰਵਾਉਣ ਤੋਂ ਹੱਥ ਪਿੱਛੇ ਖਿੱਚ ਰਹੀਆਂ ਹਨ। ਇਸ ਲੰਮੇ ਅਮਲ ਤੋਂ ਬਾਅਦ ਮਜ਼ਦੂਰ ਕਿਰਤੀ ਆਬਾਦੀ ਨੂੰ ਸਮਝਣਾ ਚਾਹੀਦਾ ਹੈ ਕਿ ਆਪਣੇ ਬਹੁਤ ਬੁਨਿਆਦੀ ਮਨੁੱਖੀ ਹੱਕ ਨੂੰ ਲੈਣ ਲਈ ਵੀ ਇਕਜੁੱਟ ਹੋਣਾ ਪਏਗਾ। ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ, ਇਹਦੇ ਤਹਿਤ ਮਿਲਣ ਵਾਲੀਆਂ ਖਾਧ ਪਦਾਰਥਾਂ ਦਾ ਘੇਰਾ ਵਧਾਉਣ, ਬਜਟ ਵਿਚ ਜਨਤਕ ਵੰਡ ਪ੍ਰਣਾਲੀ ਲਈ ਰੱਖੇ ਜਾਣ ਵਾਲੇ ਫੰਡ 'ਚ ਵਾਧਾ ਕਰਵਾਉਣ ਆਦਿ ਲਈ ਸੰਘਰਸ਼ ਦੇ ਰਾਹ ਪੈਣਾ ਪਏਗਾ। ਇਸ ਤਰ੍ਹਾਂ ਹੀ ਦੇਸ਼ ਵਿਚੋਂ ਭੁੱਖਮਰੀ ਅਤੇ ਕੁਪੋਸ਼ਣ ਵਰਗੀਆਂ ਅਲਾਮਤਾਂ ਨੂੰ ਖਤਮ ਕੀਤਾ ਜਾ ਸਕਦਾ ਹੈ।

# ਚਿੱਕੜ ਵਿਚ ਗਰਕੇ ਸਮਾਜ ਖ਼ਿਲਾਫ਼ ਲੜਨ ਵਾਲੀ ਬਹਾਦਰ ਕੁੜੀ ਦੀ ਗਾਥਾ - ਝੱਲੀ (ਨਾਵਲ)

**ਲੇਖਿਕਾ: ਸ਼ਗੁਫ਼ਤਾ ਗਿੰਮੀ ਲੋਧੀ**

ਅਸਲ ਲੇਖਕ ਜਾਂ ਲੇਖਿਕਾ ਮੰਨਿਆ ਹੀ ਉਸ ਨੂੰ ਜਾਂਦਾ ਹੈ, ਜੋ ਕਲੰਕਿਤ ਸਮਾਜ ਅਤੇ ਉਸ ਦੀਆਂ ਬੁਰਾਈਆਂ ਨਾਲ ਸਿੱਧੀ ਟੱਕਰ ਲੈ ਕੇ ਲਿਖੇ। ਜੋ ਨਾ ਤਾਂ ਕਿਸੇ ਦਬਾਅ ਹੇਠ ਆਵੇ ਅਤੇ ਨਾ ਹੀ ਕਿਸੇ ਲਾਲਚ ਵੱਸ ਹੋ ਕੇ ਚੱਲੇ। ਉਹੀ ਲੇਖਕ ਲੋਕਾਂ ਨੇ ਕਬੂਲ ਕੀਤੇ ਹਨ, ਜਿਨ੍ਹਾਂ ਨੇ ਲੋਕਾਂ ਦੇ ਹੱਕ-ਸੱਚ ਦੀ ਨੰਗੇ ਧੜ ਗੱਲ ਕੀਤੀ ਅਤੇ ਸਮਾਜ ਦੇ ਵੈਰੀਆਂ ਨੂੰ ਲਲਕਾਰਿਆ। ਸ਼ਗੁਫ਼ਤਾ ਗਿੰਮੀ ਲੋਧੀ ਪਾਕਿਸਤਾਨ ਮੂਲ ਦੀ ਚਰਚਿਤ ਲੇਖਿਕਾ ਹੈ, ਜੋ ਆਪਣੇ ਪਰਿਵਾਰ ਸਮੇਤ ਪੱਕੇ ਤੌਰ 'ਤੇ ਲੰਡਨ ਵਸੀ ਹੈ। ਉਸ ਦਾ ਇਹ ਛੋਟਾ ਜਿਹਾ ਨਾਵਲ ਮੈਨੂੰ ਕਿਤੇ-ਕਿਤੇ



ਸ਼ਿਵਚਰਨ ਜੱਗੀ ਕੁੱਸਾ


ਰਸੂਲ ਹਮਜ਼ਾਤੋਵ ਦੀ ਅਮਰ ਕਿਰਤ "ਮੇਰਾ ਦਾਗਿਸਤਾਨ" ਦੀ ਯਾਦ ਦਿਵਾਉਂਦਾ ਹੈ। "ਝੱਲੀ" ਨਾਵਲ ਦਾ ਇੱਕ ਪਾਤਰ ਜਦ ਵਾਰਤਾਲਾਪ ਕਰਦੇ ਕਾਮਰੇਡਾਂ ਨੂੰ ਇੱਕ ਤਰ੍ਹਾਂ ਨਾਲ ਵੰਗਾਰ ਕੇ ਮਾਰਗ ਦਰਸ਼ਕ ਬਣਦਾ ਆਖਦਾ ਹੈ, "ਓਏ ਝੱਲਿਓ ਇਨਕਲਾਬੀਓ...! ਮੇਰੀ ਗੱਲ ਧਿਆਨ ਨਾਲ ਸੁਣੋ...! ਸਮਾਜਿਕ ਤਬਦੀਲੀਆਂ ਲਈ ਬੁਨਿਆਦੀ ਤਬਦੀਲੀਆਂ ਦੀ ਲੋੜ ਹੁੰਦੀ ਹੈ। ਸਭ ਤੋਂ ਪਹਿਲਾਂ ਸਿੱਖਿਆ ਨੂੰ ਹਰ ਤਬਕੇ ਤੱਕ ਪਹੁੰਚਾਉਣਾ ਜ਼ਰੂਰੀ ਹੈ...। ਸਿੱਖਿਆ ਨੂੰ ਸਿਰਫ਼ ਅਮੀਰ ਤਬਕੇ ਤੱਕ ਹੀ ਸੀਮਤ ਨਾ ਰੱਖਿਆ ਜਾਵੇ...। ਸਗੋਂ ਹਰ ਬੱਚੇ ਨੂੰ ਉੱਚ-ਸਿੱਖਿਆ ਤੱਕ ਪਹੁੰਚ ਹਾਸਲ ਹੋਣੀ ਚਾਹੀਦੀ ਹੈ..। ਹਕੂਮਤ ਅਤੇ ਸਮਾਜਿਕ ਸੰਸਥਾਵਾਂ ਨੂੰ ਮਿਲ ਕੇ ਅਜਿਹੇ ਪ੍ਰੋਗਰਾਮ ਬਣਾਉਣੇ ਚਾਹੀਦੇ ਹਨ, ਜੋ ਪਿੰਡਾਂ ਅਤੇ ਸ਼ਹਿਰਾਂ, ਦੋਹਾਂ ਇਲਾਕਿਆਂ ਵਿਚ ਸਿੱਖਿਆਈ ਮੌਕੇ ਪ੍ਰਦਾਨ ਕਰ ਸਕਣ..।" ਇਹ ਸਿੱਖਿਆ ਕਿਸੇ ਜੰਗ ਦੀ ਮਿਸ਼ਾਲ ਨੂੰ ਪ੍ਰਲੀਤਾ ਲਾਉਣ ਵਾਲੀ ਸੀ, ਜੋ ਸੁੱਤੇ ਜਾਂ ਸੁਸਤ ਦਿਮਾਗਾਂ ਵਿਚ ਕਿਸੇ ਰੋਹ ਅਤੇ ਜਜ਼ਬੇ ਦਾ ਭਾਂਬੜ ਬਾਲਦੇ ਹਨ।

ਜਿੱਥੇ ਲੇਖਿਕਾ ਪਛੜੀਆਂ ਸ਼੍ਰੇਣੀਆਂ ਅਤੇ ਕਿਰਤੀ ਲਾਣੇ ਪ੍ਰਤੀ ਹਮਦਰਦੀ ਰੱਖਦੀ ਹੈ, ਓਥੇ ਉਹ ਔਰਤ ਦੇ ਹੱਕਾਂ ਪ੍ਰਤੀ ਵੀ ਸੁਚੇਤ ਹੈ, "ਔਰਤਾਂ ਦੇ ਹੱਕ ਅਤੇ ਮੌਕਿਆਂ 'ਚ ਵਾਧਾ ਇੱਕ ਅਹਿਮ ਕਦਮ ਹੈ। 'ਜੈਂਡਰ' ਬਰਾਬਰੀ ਨੂੰ ਪਹਿਲ, ਔਰਤਾਂ ਨੂੰ ਸਿੱਖਿਆ ਮੁਹੱਈਆ ਕਰਵਾਉਣਾ, ਰੁਜ਼ਗਾਰ ਅਤੇ ਸਮਾਜਿਕ ਮੌਕਿਆਂ ਵਿੱਚ ਸ਼ਾਮਲ ਕਰਨਾ ਜ਼ਰੂਰੀ ਹੈ...।" ਇਹ ਲੇਖਿਕਾ ਦੀ ਖੁੱਲ੍ਹੀ ਅੱਖ ਵਾਲੀ ਸੋਚ ਦਾ ਪ੍ਰਮਾਣ ਹੈ। ਦੂਜਾ ਪ੍ਰਮਾਣ ਇਹ ਹੈ, ਜਦ ਉਹ, "ਧੀਆਂ ਵਾਕਿਆ ਹੀ ਰੱਬ ਦੀ ਇੱਕ ਰਹਿਮਤ ਹੁੰਦੀਆਂ ਹਨ।" ਲਿਖਦੀ ਅਤੇ ਜਾਗਰੂਕ ਕਰਦੀ ਹੈ।

ਅਸਲਮ ਵਰਗਾ ਘੱਟ ਪੜ੍ਹਿਆ ਮੁੰਡਾ ਵੀ ਅਗਾਂਹ-ਵਧੂ ਸੋਚ ਦਾ ਮਾਲਕ ਹੋਣ ਦੇ ਬਾਵਜੂਦ ਇਸ ਪੁਰਾਣੇ ਖ਼ਿਆਲਾਂ ਦੇ ਧੁੰਦੂਕਾਰੇ ਵਿਚ ਫ਼ਸ ਕੇ ਰਹਿ ਜਾਂਦਾ ਹੈ, ਜਿਸ ਨੂੰ ਇਹ ਨਹੀਂ ਪਤਾ ਲੱਗਦਾ ਕਿ ਮੇਰਾ ਭਵਿੱਖ ਕੀ ਹੈ? ਉਹ ਆਪਣੇ ਆਪ ਨੂੰ ਸੁਆਲ ਕਰਦਾ ਹੈ, "ਇਹ ਦੁਨੀਆਂ ਕੀ ਹੈ...? ਮੈਂ ਇਸ ਵਿਚ ਕਿੱਥੇ ਫਿੱਟ ਹੁੰਦਾ ਹਾਂ?" ਜਦ ਤੁਸੀਂ ਇਹ ਨਾਵਲ ਪੜ੍ਹਦੇ ਹੋ, ਤਾਂ ਬੇਹੱਦ ਹੈਰਾਨ ਹੋ ਜਾਂਦੇ ਹੋ, ਜਦ ਲੇਖਿਕਾ ਇਹ ਲਿਖਦੀ ਹੈ, "ਦੂਜੇ ਪਾਸੇ ਪਿੰਡ ਵਿਚ ਬਹੁਤ ਸਾਰੇ ਅਜਿਹੇ ਲੋਕ ਵੀ ਸਨ, ਜੋ ਗਿਆਨ ਅਤੇ ਸਿੱਖਿਆ ਦੇ ਵਿਰੋਧੀ ਸਨ, ਸਮਾਜਿਕ ਤਬਦੀਲੀ ਦਾ ਵਿਰੋਧ ਕਰਦੇ ਸਨ, ਅਤੇ ਅਸਲਮ ਵਰਗੇ ਨੌਜਵਾਨਾਂ ਤੋਂ ਨਫ਼ਰਤ ਕਰਦੇ ਸਨ।" ਸ਼ੁਰੂ-ਸ਼ੁਰੂ ਵਿਚ ਇਹ ਨਾਵਲ ਪੁਰਾਣੇ ਜ਼ਮਾਨੇ ਅਤੇ ਪੁਰਾਣੇ ਖ਼ਿਆਲਾਂ ਵਾਲੇ ਇਨਸਾਨਾਂ ਦੇ ਇਰਦ-ਗਿਰਦ ਘੁੰਮਦਾ ਹੈ, ਜਦੋਂ ਧੀ ਨੂੰ ਇੱਕ 'ਜ਼ਹਿਮਤ' ਮੰਨਿਆ ਜਾਂਦਾ ਸੀ। ਪਰ ਜਦ ਅਸਲਮ ਦੇ ਘਰ ਧੀ ਜੰਮਦੀ ਹੈ, ਤਾਂ ਉਹ ਆਪਣੀ ਧੀ ਫ਼ਿਰਦੌਸ ਦੇ ਭਵਿੱਖ ਬਾਰੇ ਚਿੰਤਤ ਵੀ ਅਤੇ ਸੁਹਿਰਦ ਵੀ ਹੁੰਦਾ ਹੈ। ਲੇਖਿਕਾ ਅਨੁਸਾਰ, "ਉਸ ਦੇ ਖ਼ਵਾਬਾਂ ਅਤੇ ਹਕੀਕਤ ਦੇ ਵਿਚਕਾਰ ਇੱਕ ਵੱਡੀ 'ਖਾਈ' ਸੀ, ਜੋ ਉਸ ਦੇ ਦਿਲ ਨੂੰ ਹਰ ਰੋਜ਼ ਚੀਰਦੀ ਰਹਿੰਦੀ। ਪਰ ਅਸਲਮ ਇੱਕ ਮਜ਼ਬੂਤ ਇਰਾਦੇ ਵਾਲਾ ਵਿਅਕਤੀ ਸੀ, ਉਸ ਨੇ ਆਪਣੀ ਧੀ ਦੀ ਪਰਵਰਿਸ਼ ਨੂੰ ਇੱਕ ਮਕਸਦ ਸਮਝ ਕੇ ਕਬੂਲ ਕੀਤਾ। ਉਹ ਆਪਣੀ ਧੀ ਨੂੰ ਇੱਕ ਚੰਗਾ ਭਵਿੱਖ ਦੇਣਾ ਚਾਹੁੰਦਾ ਸੀ। ਉਸ ਦਾ ਖ਼ਵਾਬ ਸੀ ਕਿ ਉਸ ਦੀ ਧੀ ਫ਼ਿਰਦੌਸ ਇੱਕ ਦਿਨ ਕਾਮਯਾਬ ਅਤੇ ਖ਼ੁਦਮੁਖ਼ਤਿਆਰ ਔਰਤ ਬਣੇ, ਜੋ ਆਪਣੇ ਮਾਪਿਆਂ ਦਾ ਮਾਣ ਵਧਾ ਸਕੇ।"

ਜਿੱਥੇ ਲੇਖਿਕਾ ਖ਼ੁਦ ਕਈ ਵਾਰ ਸਮਾਜ ਦੇ ਬੰਧਨਾਂ ਦੀ ਉਲਝਣ ਵਿੱਚ ਉਲਝ ਕੇ ਰਹਿ ਜਾਂਦੀ ਹੈ, ਉਥੇ ਉਹ ਹੌਸਲਾ ਨਹੀਂ ਹਾਰਦੀ, ਸਗੋਂ ਹਿੰਮਤ ਅਤੇ ਦਲੇਰੀ ਦਾ ਪਰਚਮ ਚੁੱਕ ਕੇ ਬੜੇ ਸਾਹਸ ਨਾਲ ਅੱਗੇ ਵਧਦੀ ਹੈ। ਇਸੇ ਲਈ ਉਹ ਅਸਲਮ ਦੀ ਧੀ ਫ਼ਿਰਦੌਸ ਨੂੰ ਉਸ ਗੰਧਲੇ ਅਤੇ ਆਪਹੁਦਰੇ ਸਿਸਟਮ ਨਾਲ ਟੱਕਰ ਲੈਣ ਲਈ ਅੱਗੇ ਵਧਾਉਂਦੀ ਹੈ। ਲੇਖਿਕਾ ਫ਼ਿਰਦੌਸ ਨੂੰ ਚਾਰਦੀਵਾਰੀ ਦੀ ਸ਼ੋਭਾ ਨਹੀਂ ਬਣਾਉਣਾ ਚਾਹੁੰਦੀ, ਸਗੋਂ ਇੱਕ 'ਲੜਾਕੂ' ਅਤੇ ਆਪਣੇ ਹੱਕਾਂ ਦੀ ਖ਼ਾਤਰ ਲੜਨ ਵਾਲੀ 'ਜੰਗਜੂ' ਅਤੇ ਇੱਕ ਮਹਾਨ ਕੁੜੀ ਬਣਾਉਣਾ ਚਾਹੁੰਦੀ ਹੈ। ਫ਼ਿਰਦੌਸ ਸਮਾਜ ਦੇ ਗੰਧਲੇ ਸਿਸਟਮ ਦੀ ਅਸਮਾਨਤਾ ਦੇ ਖ਼ਿਲਾਫ਼ ਅਵਾਜ਼ ਉਠਾਉਣ ਦਾ ਨਿਸ਼ਚਾ ਕਰਦੀ ਹੈ। ਉਸ ਨੂੰ ਇਹ ਵੀ ਪਤਾ ਹੈ ਕਿ ਸਦੀਆਂ ਤੋਂ ਚੱਲੇ ਆ ਰਹੇ ਚਿੱਕੜ ਵਿਚ ਗਰਕੇ ਇਸ ਸਿਸਟਮ ਵਿਰੁੱਧ ਖੜ੍ਹਨਾ ਕਿਸੇ ਖ਼ਤਰੇ ਤੋਂ ਖ਼ਾਲੀ ਨਹੀਂ। ਪਰ ਸੀਨੇ ਸੱਟ ਜਿਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ.. ਅਨੁਸਾਰ ਉਹ ਇਸ ਨਿੱਘਰ ਚੁੱਕੇ ਸਿਸਟਮ ਦੇ ਖ਼ਿਲਾਫ਼ ਬਗ਼ਾਵਤ ਕਰਨ ਦਾ ਪ੍ਰਣ ਕਰ ਲੈਂਦੀ ਹੈ ਅਤੇ ਮੈਦਾਨ ਵਿਚ ਨਿੱਤਰਦੀ ਹੈ।

ਪਰ ਸਾਡੇ ਸਮਾਜ ਦਾ ਇੱਕ ਕਮੀਨਾਂ ਅਤੇ ਬੇਈਮਾਨ ਪੱਖ ਇਹ ਵੀ ਹੈ, ਕਿ ਜਦ ਕੋਈ ਫ਼ਿਰਦੌਸ ਵਰਗੀ ਸਾਹਸੀ ਅਤੇ ਦਲੇਰ ਕੁੜੀ ਜ਼ਿੰਦਗੀ ਦੀ ਦੌੜ ਵਿਚ ਅੱਗੇ ਲੰਘਣ ਦੀ




ਕੋਸ਼ਿਸ਼ ਕਰਦੀ ਹੈ, ਤਾਂ ਉਸ ਨੂੰ ਵੱਖ-ਵੱਖ ਹੱਥਕੰਡੇ ਵਰਤ ਕੇ ਦਬਾਇਆ ਜਾਂਦਾ ਹੈ। ਉਸ ਦੀ ਹਿੰਮਤ ਕੁਚਲਣ ਲਈ ਉਸ ਉਪਰ ਮਨੋਵਿਗਿਆਨਕ ਦਬਾਅ ਪਾਇਆ ਜਾਂਦਾ ਹੈ। ਉਸ ਦੀ ਮਾਨਸਕਿਤਾ ਕਮਜ਼ੋਰ ਕਰਨ ਲਈ ਉਸ ਨੂੰ ਉਸ, ਅਤੇ ਉਸ ਦੇ ਭਰਾ ਦਾ 'ਫ਼ਰਕ' ਦੱਸ ਕੇ ਉਸ ਦਾ ਹੌਂਸਲਾ ਪਸਤ ਕੀਤਾ ਜਾਂਦਾ ਹੈ। ਹੋਰ ਤਾਂ ਹੋਰ, ਬੱਚੀਆਂ ਨੂੰ ਸਕੂਲਾਂ ਵਿਚ ਵੀ ਇਸ ਫ਼ਰਕ ਦਾ 'ਅਹਿਸਾਸ' ਕਰਵਾਇਆ ਜਾਂਦਾ ਹੈ, ਕਿ ਉਹ ਮੁੰਡੇ ਦੀ ਜਗਾਹ ਕਦੇ ਵੀ ਨਹੀਂ ਲੈ ਸਕਣਗੀਆਂ। ਲੜਕੀ ਨੂੰ ਇਹ ਅਹਿਸਾਸ ਕਰਵਾ ਕੇ, ਕਿ ਮਾਂ-ਬਾਪ, ਭਰਾ ਅਤੇ ਸਾਰੇ ਖ਼ਾਨਦਾਨ ਦੀ ਇੱਜ਼ਤ ਉਸ ਦੇ ਹੱਥ ਹੀ ਹੈ ਦਰਸਾ ਕੇ ਉਸ ਦੇ ਪੈਰਾਂ ਵਿਚ ਬੇੜੀਆਂ ਦੀ ਜਕੜ ਮਜ਼ਬੂਤ ਕੀਤੀ ਜਾਂਦੀ ਹੈ ਅਤੇ ਦਿਲ ਪਤਲਾ ਪਾਇਆ ਜਾਂਦਾ ਹੈ। ਫ਼ਿਰਦੌਸ ਦੇ ਬਾਪ ਅਸਲਮ ਨੇ ਬਚਪਨ ਵਿਚ ਕਈ ਵਾਰ ਆਪਣੀ ਮਾਂ ਨੂੰ ਬੇਇੱਜ਼ਤ ਹੁੰਦੀ ਦੇਖਿਆ, ਅਤੇ ਹੁਣ ਉਹ ਇਹ ਨਹੀਂ ਚਾਹੁੰਦਾ ਕਿ ਹੂ-ਬ-ਹੂ ਉਨ੍ਹਾਂ ਹਾਲਾਤਾਂ ਦਾ ਸਾਹਮਣਾ ਉਸ ਦੀ ਬੇਟੀ ਫ਼ਿਰਦੌਸ ਕਰੇ। ਕਿਉਂਕਿ ਅਸਲਮ ਦਾ ਬਾਪ ਇੱਕ ਗੁੱਸੇਖੋਰਾ ਬੰਦਾ ਸੀ, ਅਤੇ ਉਸ ਦੇ ਗੁੱਸੇ ਦਾ ਸ਼ਿਕਾਰ ਖ਼ੁਦ ਉਸ ਦੀ ਮਾਂ ਬਣਦੀ ਸੀ। ਮਾਂ ਦੇ ਚਿਹਰੇ ਉਪਰ ਛਾਈ ਬੇਵੱਸੀ ਨੂੰ ਅਸਲਮ ਅੱਜ ਤੱਕ ਭੁਲਾ ਨਹੀਂ ਸਕਿਆ ਸੀ। ਇਸ ਲਈ ਉਹ ਚਾਹੁੰਦਾ ਸੀ ਕਿ ਉਸ ਦੀ ਬੇਟੀ ਬੇਵੱਸ ਨਹੀਂ, ਇੱਕ ਸ਼ੀਹਣੀ ਹੋਵੇ, ਜੋ ਸਮਾਜ ਵਿਚ ਅਣਖ਼ ਅਤੇ ਸਵੈਮਾਣ ਨਾਲ ਜੀਅ ਅਤੇ ਵਿਚਰ ਸਕੇ।

ਬੇਬ ਰੁਥ ਦਾ ਕਥਨ ਮੈਨੂੰ ਵਾਰ-ਵਾਰ ਯਾਦ ਆਉਂਦਾ ਹੈ, "ਉਸ ਵਿਅਕਤੀ ਨੂੰ ਹਰਾਉਣਾ ਔਖਾ ਹੈ, ਜੋ ਕਦੇ ਹਾਰ ਨਹੀਂ ਮੰਨਦਾ।" ਕੁਝ ਇਸੇ ਤਰ੍ਹਾਂ ਹੀ ਮਾਇਆ ਐਂਜਲੋ ਨੇ ਵੀ ਕਿਹਾ ਸੀ, "ਤੁਹਾਨੂੰ ਬਹੁਤ ਸਾਰੀਆਂ ਹਾਰਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਪਰ ਤੁਹਾਨੂੰ ਹਾਰ ਨਹੀਂ ਮੰਨਣੀ ਚਾਹੀਦੀ...।" ਉਸੀ ਤਰ੍ਹਾਂ ਜਿੱਥੇ ਬੋਹੜ ਦਾ ਰੁੱਖ ਫ਼ਿਰਦੌਸ ਵਾਸਤੇ ਕਿਵੇਂ ਪ੍ਰੇਰਣਾ ਸਰੋਤ ਬਣਦਾ ਹੈ, ਉਥੇ ਉਸ ਦੇ ਆਪਣੇ 'ਕਜ਼ਨ' ਵੱਲੋਂ ਕੀਤਾ ਸਰੀਰਕ ਸ਼ੋਸ਼ਣ ਵੀ ਉਸ ਨੂੰ ਅੰਦਰੋਂ ਤੋੜ ਧਰਦਾ ਹੈ। ਪਰ ਉਹ ਬਹਾਦਰ ਕੁੜੀ ਮੁੜ ਹੰਭਲਾ ਮਾਰ ਕੇ ਉਠਦੀ ਹੈ ਅਤੇ ਕਿਸੇ ਮੁਕਾਮ 'ਤੇ ਪਹੁੰਚਣ ਲਈ ਆਪਣਾ ਮਾਨਸਿਕ ਬਲ ਇਕੱਠਾ ਕਰਦੀ, ਮੰਜ਼ਿਲ ਵੱਲ ਤੁਰਦੀ ਹੈ। ਜਦੋਂ ਤੁਸੀਂ "ਝੱਲੀ" ਨਾਵਲ ਪੜ੍ਹਦੇ ਹੋ, ਤਾਂ ਪਾਉਲੋ ਕੋਲਹੋ ਦੁਆਰਾ ਰਚਿਆ ਨਾਵਲ "ਦਾ ਅਲਕਾਮਿਸਟ" ਦੀ ਪ੍ਰੇਰਣਾ ਵੀ ਤੁਹਾਡੇ ਸਾਹਮਣੇ ਆਉਂਦੀ ਹੈ ਅਤੇ ਤੁਹਾਨੂੰ ਡੋਲਣ ਜਾਂ ਡਿੱਗਣ ਨਹੀਂ ਦਿੰਦੀ, ਸਗੋਂ ਕਿਸੇ ਅਣਥੱਕ ਰਾਹੀ ਵਾਂਗ ਤੁਰਦੇ ਰਹਿਣ ਦਾ ਉਪਦੇਸ਼ ਵੀ ਦਿੰਦੀ ਹੈ ਅਤੇ ਹਿੱਕ ਡਾਹ ਕੇ ਲੜਨ ਦਾ ਬਲ ਵੀ ਪ੍ਰਦਾਨ ਕਰਦੀ ਹੈ। ਸ਼ਗੁਫ਼ਤਾ ਗਿੰਮੀ ਲੋਧੀ ਨੇ ਇਹ ਸੰਖਿਪਤ ਨਾਵਲ ਲਿਖ ਕੇ ਕੁੱਜੇ ਵਿੱਚ ਸਮੁੰਦਰ ਬੰਦ ਕਰ ਦਿੱਤਾ, ਜਿਸ ਨੂੰ ਪੜ੍ਹ ਕੇ ਤੁਹਾਨੂੰ ਆਨੰਦ ਤਾਂ ਆਵੇਗਾ ਹੀ, ਅਸਲਮ ਦੀ ਧੀ ਫ਼ਿਰਦੌਸ ਦੀ ਜੱਦੋ-ਜਹਿਦ ਦੀ ਕਹਾਣੀ ਤੁਹਾਨੂੰ ਬੇਹੱਦ ਰੋਚਕ ਲੱਗੇਗੀ। ਕਈ ਥਾਂ ਉਰਦੂ ਤੋਂ ਪੰਜਾਬੀ ਦਾ ਔਘੜ-ਦੁੱਘੜਾ ਅਨੁਵਾਦ ਅਤੇ ਛਪਾਈ ਵਿਚ ਹੋਈਆਂ ਗਲਤੀਆਂ ਪਾਠਕ ਨੂੰ ਬੇਹੱਦ ਰੜਕਦੀਆਂ ਹਨ।

ਪਰ ਅਖ਼ੀਰ ਵਿਚ ਮੈਂ ਇਸ ਨਾਵਲ ਦੀ ਲੇਖਿਕਾ ਸ਼ਗੁਫ਼ਤਾ ਗਿੰਮੀ ਲੋਧੀ ਨੂੰ ਇੱਕ ਸਫ਼ਲ ਨਾਵਲ ਰਚਣ ਲਈ ਹਾਰਦਿਕ ਮੁਬਾਰਕਬਾਦ ਦਿੰਦਾ ਹਾਂ। ਮੈਨੂੰ ਅੱਗੇ ਤੋਂ ਵੀ ਉਸ ਵੱਲੋਂ ਅਜਿਹੇ ਸਾਰਥਿਕ ਅਤੇ ਉਸਾਰੂ ਸਾਹਿਤ ਦੀ ਆਸ ਰਹੇਗੀ। ਪਾਠਕਾਂ ਨੂੰ ਮੈਂ ਨਾਵਲ "ਝੱਲੀ" ਪੜ੍ਹਨ ਲਈ ਪੁਰਜ਼ੋਰ ਅਪੀਲ ਕਰਾਂਗਾ, ਜੋ ਪਛੜੇ ਅਤੇ ਲਿਤਾੜੇ ਲੋਕਾਂ ਲਈ ਆਸ ਦੀ ਸੁਨਹਿਰੀ ਕਿਰਨ ਮੁਹੱਈਆ ਕਰਵਾਉਂਦਾ ਹੈ, ਅਤੇ ਹਨ੍ਹੇਰੇ ਵਿਚੋਂ ਖਿੱਚ ਕੇ ਨੂਰੋ-ਨੂਰ ਅੰਬਰ ਵੱਲ ਉਡਾਣ ਭਰਨ ਲਈ ਉਤਸ਼ਾਹਿਤ ਕਰਦਾ ਹੈ। ਚਾਹੇ ਫ਼ਿਰਦੌਸ ਨੂੰ ਆਪਣੇ ਆਸ਼ਕ ਫ਼ਰੀਦ, ਭਰਾ ਜ਼ਮੀਲ, ਸਹੁਰੇ ਖ਼ਾਲਿਦ, ਸੱਸ ਆਇਸ਼ਾ, ਮਨਸੂਰ ਪਤੀ ਵੱਲੋਂ ਧੱਕੇ-ਧੋੜੇ ਹੀ ਨਸੀਬ ਹੋਏ, ਪਰ ਉਹ ਇੱਕ ਚੱਟਾਨ ਵਾਂਗ ਡਟ ਕੇ ਖੜ੍ਹੀ ਰਹੀ। ਚਾਹੇ ਉਸ ਨੂੰ ਲੱਖ ਤੋੜਨ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਤਿੜਕਣ ਦੇ ਬਾਵਜੂਦ ਵੀ ਆਪਣੀ ਧੀ ਦੇ ਭਵਿੱਖ ਲਈ ਸਾਬਤ ਹੀ ਰਹੀ। ਇਸ ਦਿਲਚਸਪ ਨਾਵਲ ਲਈ ਸ਼ਗੁਫ਼ਤਾ ਗਿੰਮੀ ਲੋਧੀ ਨੂੰ ਇੱਕ ਵਾਰ ਫਿਰ ਮੁਬਾਰਕਬਾਦ! ਆਮੀਨ!!

# ਸਾਕਸ਼ੀ ਭਾਵ ਦੀ ਕਵਿਤਾ - ਸੱਚ ਅੰਬਰ

ਜਿਮੀ 'ਸਮਾਨ ਕੇ ਬਿਥੈ, ਸਮਸਤ ਏਕ ਜੋਤਿ ਹੈ...ਨਾ ਘਾਟ ਹੈ, ਨ ਬਾਢ ਹੈ ਨ ਘਾਟ ਬਾਢ ਹੋਤ ਹੈ।

ਜ਼ਮੀਂ ਅਤੇ ਆਸਮਾਨ ਵਿਚਲਾ 'ਸਮਸਤ' ਇਕਸਾਰ ਪੂਰਨ ਸਤ ਦਾ ਪਾਸਾਰ ਹੈ। ਜੇ ਮਨੁੱਖ ਦੇ ਤਨ ਦੇ ਕਣ-ਕਣ ਨੂੰ ਜ਼ਮੀਨ ਜਾਣੀਏ ਅਤੇ ਉਸਦੀ ਅੰਤਰ ਚੇਤਨਾ ਨੂੰ ਆਸਮਾਨ ਤਾਂ ਇਹ 'ਸਮਸਤ' ਉਹ ਸੱਚ ਹੈ ਜੋ ਆਦਿ-ਜੁਗਾਦਿ ਅਤੇ ਉਸਦੇ ਆਰ-ਪਾਰ ਰਮੇਂ ਸੂਖਮ+ਸਥੂਲ ਦਾ ਸਿਰਜਕ ਵੀ ਹੈ, ਮੂਲ ਵੀ ਤੇ ਸੱਚ ਵੀ।

ਪ੍ਰੋ: ਕੁਲਦੀਪ ਕੌਰ ਪਾਹਵਾ ਦੀ ਕਾਵਿ ਪੁਸਤਕ 'ਸੱਚ ਅੰਬਰ' ਪੜ੍ਹਦਿਆਂ ਅਜਿਹੇ ਅੰਤ੍ਰੀਵ ਮਨੋਭਾਵ ਤੁਹਾਡੇ ਚਿੱਤਪਟ 'ਚੋਂ ਉਗਜਿਤ ਤੇ ਦ੍ਰਿਸ਼ਟਾਮਾਨ ਹੋਣ ਲਗਦੇ ਹਨ। ਜਿਵੇਂ ਜਿਵੇਂ ਸੱਚ ਅੰਬਰ ਦੀ ਕਵਿਤਾ ਤੁਹਾਡੇ ਅੰਦਰ ਲਹਿੰਦੀ ਜਾਂਦੀ ਹੈ ਤਿਵੇਂ ਤਿਵੇਂ ਇਕ ਤੀਬਰ ਸੂਝ ਤੁਹਾਡੇ ਪਾਠਕ ਮਨ 'ਚੋਂ ਉਭਰ ਕੇ ਤੁਹਾਨੂੰ ਆਪਣੇ ਆਗੋਸ਼



ਓਂਕਾਰਪ੍ਰੀਤ
ਫੋਨ: 647-455-5629

'ਚ ਲੈਂਦੀ ਜਾਂਦੀ ਹੈ।

ਇਸੇ ਅੰਤ੍ਰੀਵ ਸੂਝ 'ਚੋਂ ਸੱਚ ਅੰਬਰ ਕਾਵਿ ਦਾ ਪਾਠ ਖੁੱਲ੍ਹਦਾ ਹੈ। ਪਤਾ ਲਗਦਾ ਹੈ ਕਿ ਇਹ ਕਵਿਤਾ ਨਾ ਸੂਖਮ ਦੀ ਹੈ ਨਾ ਅਸਥੂਲ ਦੀ। ਨਾ ਜਾਗ ਦੀ ਨਾ ਨੀਂਦ ਦੀ। ਨਾ ਜੀਣ ਦੀ ਨਾ ਥੀਣ ਦੀ। ਸਗੋਂ ਇਹ ਕਵਿਤਾ ਤਾਂ ਇਨ੍ਹਾਂ ਸਭ ਚੇਤਨਾ ਜੁੱਟਾਂ ਦੇ ਅੰਤ੍ਰੀਵ 'ਚ ਵਸੇ 'ਸਾਕਸ਼ੀ ਭਾਵ' ਦੀ ਹੈ। ਜ਼ਮੀਨ ਤੇ ਆਸਮਾਨ ਦੇ ਦੋ ਮੂਲ ਤੱਤਾਂ 'ਤੇ ਆਧਾਰਿਤ ਪ੍ਰਤੱਖ ਜੀਵਨ ਦੇ ਅੰਤ੍ਰੀਵ 'ਚ ਰਮੀ ਸਾਕਸ਼ੀ ਚੇਤਨਾ ਇਸਦੀ ਰੂਹ ਹੈ। ਇਸੇ ਰੂਹ ਦੀ ਰਸਾਈ ਦੀ ਕਵਿਤਾ ਹੈ ਸੱਚ ਅੰਬਰ:


ਕੁਦਰਤ ਲਿੱਪੀ... ਫੁੱਲ ਅੱਖਰ  
ਰੁੱਖ ਵਾਕ ਤੇ ਭਾਵ ਸਮੁੰਦਰ।  
ਪਰ ਸੱਚ ਅੰਬਰ ਖੜਾ ਅਡੋਲ,  
ਹਰ ਪਲ ਨਵਾਂ ਨਕੋਰ। (ਪੰਨਾ 11)

ਸਾਕਸ਼ੀ ਭਾਵ, ਵੇਦਾਂਤਾ ਦੇ ਫਲਸਫੇ 'ਚ ਰੂਹ ਵਾਂਗ ਰਮਿਆ ਹੋਇਆ ਹੈ। ਵੇਦਾਂਤਾ ਅਨੁਸਾਰ ਸਾਕਸ਼ੀ ਭਾਵ ਸੁਚੇਤ ਅਤੇ ਅਚੇਤ ਚੇਤਨਾ 'ਚ ਵਸੀ ਤੀਸਰੀ ਚੇਤਨਾ ਹੈ ਜੋ ਸਭ ਹੋ ਰਹੇ ਦੀ ਨਿਰਲੇਪ ਨਿਗਾਹਬਾਨ ਹੈ। ਜੇ ਇਸਨੂੰ ਸੌਖਾ ਕਰ ਕੇ ਸਮਝਣਾ ਹੋਵੇ ਤਾਂ ਇਹ ਇਵੇਂ ਹੈ ਜਿਵੇਂ ਕੋਈ ਸੁੱਤਾ ਪਿਆ ਸੁਪਨਾ ਦੇਖ ਰਿਹਾ ਹੈ ਪਰ ਇਹ ਵੀ ਜਾਣਦਾ ਹੈ ਕਿ ਉਹ ਸੁਪਨਾ ਵੇਖ ਰਿਹਾ ਹੈ। ਸੁਪਨਾ ਵੇਖਦਿਆਂ ਜੋ ਜਾਣਦਾ ਹੈ ਤੇ ਦੱਸ ਰਿਹਾ ਹੈ ਕਿ ਉਹ ਸੁਪਨਾ ਵੇਖ ਰਿਹਾ ਹੈ ਉਹੀ ਸਾਕਸ਼ੀ ਭਾਵ ਹੈ। ਨੀਂਦ 'ਚੋਂ ਉਠ ਕੇ ਜਦੋਂ ਕੋਈ ਕਹੇ ਕਿ, 'ਮੈਂ ਸੁਪਨਾ ਵੇਖਿਆ' ਤਾਂ ਇਹ ਸਾਕਸ਼ੀ ਭਾਵ ਦੀ ਬਦੌਲਤ ਹੀ ਸੰਭਵ ਹੈ।

ਤਦ ਹੀ ਸੱਚ ਅੰਬਰ ਦੀ ਕਵਿਤਾ ਨਿਰੋਲ ਹੋਂਦ ਦੀ ਨਹੀਂ ਸਗੋਂ ਹੋਂਦ ਦੇ ਅਹਿਸਾਸ ਦੀ ਕਵਿਤਾ ਹੈ। ਇਸਦਾ ਮੂਲ ਤੱਤ ਪਰੈਜ਼ੰਟ ਨਹੀਂ ਸਗੋਂ ਪਰੈਜ਼ੰਸ ਹੈ। ਅਜਿਹੀ ਕਵਿਤਾ ਪਾਠਕ ਨੂੰ ਪਰੈਜ਼ੰਸ ਦਾ ਅਹਿਸਾਸ ਹੀ ਨਹੀਂ ਕਰਾਉਂਦੀ ਸਗੋਂ ਉਸ ਨਾਲ ਜੋੜਦੀ ਵੀ ਹੈ। ਤੁਹਾਡੇ ਕਣ ਕਣ 'ਚੋਂ ਪਰੈਜ਼ੰਸ ਨੂੰ ਦ੍ਰਿਸ਼ਟਮਾਨ ਕਰਨ ਦੀ ਉਰਜਾ ਰੱਖਦੀ ਹੈ। ਤੁਹਾਨੂੰ ਆਪਣੀ ਪਰੈਜ਼ੰਸ ਨੂੰ ਜਾਣਨ ਲਈ ਉਗਜਿਤ ਕਰਦੀ ਹੈ, ਹੂ-ਬ-ਹੂ, 'ਜੋ ਬ੍ਰਹਿਮੰਡੇ ਸੋਈ ਪਿੰਡੇ' ਦੀ ਸੂਝ ਵਾਂਗ। 'ਗਗਨ ਮਹਿ ਥਾਲ' ਵਾਲਾ ਨਾਨਕ ਦਾ ਗੀਤ ਜਿਵੇਂ ਅਜਿਹੀ ਕਵਿਤਾ ਦੀ ਰੂਹ ਹੋਵੇ:

ਵਿਰਾਟ ਬ੍ਰਹਿਮੰਡ ਦੇ ਪਾਸਾਰੇ ਵਿਚ  
ਜੁਗਨੂੰ ਜਿਹੀ ਟਿਮਟਿਮਾਉਂਦੀ  
ਨਿੱਕੀ ਨੰਨੀ ਧਰਤੀ ਇਹ  
ਇਸ ਇਕ ਕਣ ਦੀ ਸਭ ਤੋਂ ਛੋਟੀ ਇਕਾਈ ਮੈਂ  
ਪੂਰੇ ਦਾ ਪੂਰਾ ਬ੍ਰਹਿਮੰਡ ਹੈ ਅੰਦਰ ਮੇਰੇ। (ਪੰਨਾ 16)

ਬਾਹਰੀ ਤਲ ਤੇ ਭਾਵੇਂ ਇਹ ਕਵਿਤਾ ਸਫੈਦ ਰੰਗ ਦੀ ਹੈ, ਪਰ ਇਸਦਾ ਸਫੈਦ ਰੰਗ ਅਜਿਹਾ ਹੈ ਜਿਸ ਵਿਚ ਸਤਰੰਗੀ ਸਮਾਈ ਹੋਈ ਹੈ। ਇਹ ਕਵਿਤਾ ਜਿਵੇਂ ਸੱਤੇ ਰੰਗਾਂ ਨੂੰ ਇਕ ਦੂਏ 'ਚ ਘੁਲਦੇ ਮਿਲਦੇ ਇਕਰੰਗ (ਸਫੇਦ) ਹੁੰਦੇ ਤੇ ਮੁੜ ਸਫੈਦੀ 'ਚੋਂ ਤਰੰਗਤ ਹੁੰਦਿਆਂ ਨੂੰ 'ਸਾਕਸ਼ੀ ਭਾਵ' ਦੇਖਦੀ ਹੈ। ਮਾਣਦੀ ਹੈ। ਜਾਣਦੀ ਹੈ। ਜੀਂਦੀ ਹੈ...ਥੀਂਦੀ ਵੀ।




...ਚਿੱਟੀ ਚਾਦਰ ਦੇ ਅੰਬਰੀਂ  
ਸਤਰੰਗੀ ਪੀਂਘ ਉਭਰ ਆਉਂਦੀ  
ਰੁਮਕਦੀ ਹਵਾ ਨਾਲ  
ਚਿੱਟੀ ਚੁੰਨੀ ਵੀ ਲਹਿਰ ਲੈਂਦੀ  
ਘੜੀ ਦੋ ਘੜੀ ਲਈ  
ਤਾਂ ਸਫੇਦੀ ਅੰਦਰ ਲੁਕੇ ਸੱਤੇ ਰੰਗ  
ਝਾਤ ਪਾਉਂਦੇ ਪਲ ਦੋ ਪਲ ਲਈ  
ਜ਼ਿੰਦਗੀ ਸਤਰੰਗੀ ਕਰ ਦਿੰਦੇ। (ਪੰਨਾ 18)

ਇਸ ਕਵਿਤਾ 'ਚ ਸਭ ਦਿਸਦਾ ਜਗਤ ਪਾਸਾਰਾ ਵਣ-ਤ੍ਰਿਣ, ਜੰਗਲ, ਨਦੀ, ਪਰਬਤ, ਥਲ ਤੇ ਮਾਰੂਥਲ ਆਪੋ ਆਪਣੇ ਵਹਿਣਾਂ ਸਮੇਤ ਇਕ ਅਥਾਹ ਸਾਗਰ 'ਚ ਵਿਲੀਨ ਹੋਣ ਵਲ ਸਫ਼ਰਤ ਹਨ। ਸਾਗਰ 'ਚ ਆਪਣੀ ਵਿਲੀਨਤਾ ਮਗਰੋਂ ਮੁੜ ਉਸੇ 'ਚੋਂ ਭਾਫ਼, ਬੱਦਲ ਤੇ ਮੀਂਹ ਹੋ ਹੋ ਕੇ ਕਣ ਕਣ 'ਤੇ ਵਰ੍ਹਦੇ ਹਨ। ਸਭ ਹਰਾ ਭਰਾ ਕਰਦੇ ਹਨ। ਬਿਨਸਦੇ ਹਨ। ਮੁੜ ਉਪਜਦੇ ਹਨ...ਪਰ ਆਦਿ ਜੁਗਾਦੀ ਸੱਚ ਚੇਤਨਾ ਇਸ ਸਭ ਉਗਮਣ ਅਸਤਣ ਨੂੰ ਅਡੋਲ ਇਕਰਸ 'ਸਾਕਸ਼ੀ ਭਾਵ' ਦੇਖਦਾ ਰਹਿੰਦਾ ਹੈ।

ਗਹਿਰ-ਗੰਭੀਰ ਆਨੰਦਿਤ ਹੋ...  
ਉਪਰ ਤੂੰ ਬ੍ਰਹਿਮੰਡ ਨਿਹਾਰ  
ਲਿਵਲੀਨ ਹੋ, ਫਿਰ ਮੁਸਕਾਅ  
ਕੁਦਰਤ ਦੀ ਲੀਲਾ ਤੋਂ ਵਾਰੇ-ਵਾਰੇ ਜਾ  
'ਤੇ ਫਿਰ ਕਾਦਰ ਦੇ ਤੂੰ ਕਰ ਦੀਦਾਰ।  
ਸਾਗਰਾਂ ਕੰਢੇ ਟਿਕਟਿਕੀ ਲਾ...  
ਨੀਲੇ ਪਾਣੀਆਂ ਦਾ ਕੱਜਲ ਸਜਾ  
ਦਿਸਹੱਦੇ ਤਕ ਨੀਝਾਂ ਲਾ ਕੇ  
ਮਨਅੰਤਰ ਵਿਚ ਪਾ ਟਿਕਾਅ  
'ਤੇ ਰੂਹ ਅਪਣੀ ਕਰ ਲੈ ਸਰਸ਼ਾਰ। (ਪੰਨਾ 13)

ਪੰਜਾਬੀ ਸਾਹਿਤ ਵਿਚ 'ਸਾਕਸ਼ੀ ਭਾਵ' ਦੀ ਕਵਿਤਾ ਦੁਰਲੱਭ ਹੈ। ਭਾਵੇਂ ਕਿ ਅਜਿਹੀ ਕਵਿਤਾ ਸਾਹਿਤ ਦੇ ਰੋਲ ਅਤੇ ਸਾਹਿਤਕਾਰ ਦੇ ਕਰਮ ਦੇ ਅਸਲ ਦੀ ਕਵਿਤਾ ਹੈ। ਸਾਹਿਤ ਦਾ ਕਰਮ ਕਦੇ ਨਾ ਪੂਰੀ ਤਰ੍ਹਾਂ ਜ਼ਮੀਨ ਹੋਣ ਦਾ ਹੈ ਨਾ ਆਸਮਾਨ ਹੋਣ ਦਾ। ਨਾ ਜਾਬਰ ਹੋਣ ਦਾ ਨਾ ਮਜ਼ਲੂਮ ਹੋਣ ਦਾ। ਸਗੋਂ ਜੀਵਨ ਨਾਲ ਸਬੰਧਤ ਹਰ ਐਕਸਟਰੀਮ ਅਤੇ ਐਕਸਟਰੀਮਇਜ਼ਮ ਪ੍ਰਤੀ ਜਾਗਰੂਕਤਾ ਪੈਦਾ ਕਰ ਕੇ 'ਕੁਦਰਤੀ ਆਜ਼ਾਦੀ' ਵਾਲੇ ਸੰਤੁਲਤ/ਕਲਿਆਣਕਾਰੀ ਜੀਵਨ ਨਾਲ ਜੋੜਨਾ ਹੈ। ਇਸ ਪੱਖ ਤੋਂ ਦੇਖਿਆਂ ਨਿਰੋਲ ਸਾਹਿਤਕ ਕਰਮ ਹੂ-ਬ-ਹੂ ਸਾਕਸ਼ੀ ਭਾਵ ਦਾ ਕਰਮ ਹੈ।

ਝੁਲਸਿਆ ਸਾਰਾ ਬਦਨ ਬੇਰੁੱਤਾਂ ਦੀ ਦਾਵਾਨਲ ਵਿਚ

*(ਬਾਕੀ ਅਗਲੇ ਸਫੇ 'ਤੇ)*

# ਜਸਵੰਤ ਸਿੰਘ ਕੰਵਲ ਦਾ ਨਾਵਲ ਪੂਰਨਮਾਸ਼ੀ ਪੜ੍ਹਦਿਆਂ

## ਪੂਰਨਮਾਸ਼ੀ ਜੋੜ ਮੇਲਾ ਢੁੱਡੀਕੇ

ਛੇਵਾਂ ਪੂਰਨਮਾਸ਼ੀ ਜੋੜ ਮੇਲਾ 22 ਤੋਂ 24 ਨਵੰਬਰ ਤਕ ਢੁੱਡੀਕੇ 'ਚ ਜੁੜ ਰਿਹੈ। ਉਸ ਵਿਚ ਨਾਵਲ 'ਪੂਰਨਮਾਸ਼ੀ' ਦੀ 75ਵੀਂ ਵਰ੍ਹੇ-ਗੰਢ ਵੀ ਮਨਾਈ ਜਾਵੇਗੀ। ਕੰਵਲ ਦੀ ਵਧੇਰੇ ਮਸ਼ਹੂਰੀ 'ਪੂਰਨਮਾਸ਼ੀ' ਨਾਵਲ ਨਾਲ ਹੋਈ ਸੀ। ਇਹ ਨਾਵਲ ਪਹਿਲੀ ਵਾਰ 1949 ਵਿਚ ਲਾਹੌਰ ਬੁੱਕ ਸ਼ਾਪ ਨੇ ਛਾਪਿਆ ਸੀ। ਇਸ ਨੂੰ ਪਿੰਡਾਂ ਦੀਆਂ ਸੱਥਾਂ, ਖੁੰਢਾਂ, ਖੂਹਾਂ ਅਤੇ ਹੱਟੀਆਂ ਭੱਠੀਆਂ 'ਤੇ ਵਾਰਸ ਦੀ ਹੀਰ ਵਾਂਗ ਪੜ੍ਹਿਆ-ਸੁਣਿਆ ਗਿਆ। ਇਸ ਦਾ ਮੁੱਖ-ਬੰਧ ਸੰਤ ਸਿੰਘ ਸੇਖੋਂ ਨੇ ਲਿਖਿਆ ਸੀ। ਕੰਵਲ ਨੇ ਪਹਿਲੇ ਪੰਨੇ 'ਤੇ



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661
principalsarwansingh@gmail.com

ਸਮਰਪਣ ਵਜੋਂ ਇਹ ਲਫ਼ਜ਼ ਲਿਖੇ ਸਨ:

ਧੰਨਵਾਦ, ਹਾਲੀਆਂ ਪਾਲੀਆਂ ਦਾ, ਜਿਨ੍ਹਾਂ ਦੇ ਲੋਕ ਗੀਤਾਂ ਦੀਆਂ ਲਿਰਕਾਂ ਨੇ ਖੁੱਲ੍ਹੇ ਖੇਤਾਂ ਵਿਚੋਂ ਮੈਨੂੰ ਆਪਣੇ ਰਸ ਵੱਲ ਖਿਚਿਆ। ਉਨ੍ਹਾਂ ਪੇਂਡੂ ਕੁੜੀਆਂ ਦਾ, ਜਿਨ੍ਹਾਂ ਚਿੱਠੀਆਂ ਰਾਹੀਂ ਲੋਕ ਗੀਤ ਮੈਨੂੰ ਘੱਲੇ। ਆਪਣੇ ਛੋਟੇ ਵੀਰ ਹਰਬੰਸ ਦਾ, ਜਿਸ ਘਰ ਦੇ ਕੰਮਾਂ ਵਿਚ ਨਹੀਂ ਰੁੱਝਣ ਦਿੱਤਾ। ਸਾਹਿਤਕਾਰ ਸਾਥੀਆਂ ਦਾ, ਜਿਨ੍ਹਾਂ ਚੰਗੀਆਂ ਸਲਾਹਾਂ ਦਿੱਤੀਆਂ। ਖ਼ਾਸ ਕਰ ਕੇ ਪ੍ਰੋ. ਸੰਤ ਸਿੰਘ ਸੇਖੋਂ ਜੀ ਦਾ ਜਿਨ੍ਹਾਂ ਕੀਮਤੀ ਸਮਾਂ ਕੱਢ ਕੇ ਮੁੱਖ-ਬੰਧ ਲਿਖਣ ਦੀ ਖੇਚਲ ਕੀਤੀ।

ਬਾਈ ਕੰਵਲ ਨਾਲ ਮੇਰੀ ਪਹਿਲੀ ਮਿਲਣੀ ਨਾਵਲ 'ਪੂਰਨਮਾਸ਼ੀ' ਪੜ੍ਹਨ ਨਾਲ ਹੀ ਹੋਈ ਸੀ। ਉਸ ਨੂੰ ਮਿਲਣ ਤੋਂ ਪਹਿਲਾਂ ਮੈਂ ਉਹਦੇ ਪਾਤਰਾਂ ਨੂੰ ਮਿਲਿਆ ਸਾਂ। ਰੂਪ ਨੂੰ ਮਿਲਿਆ, ਚੰਨੋ ਨੂੰ ਮਿਲਿਆ, ਸ਼ਾਮੋ, ਬਚਨੋ, ਪ੍ਰਸਿੰਨੀ, ਸੰਤੀ, ਜਗੀਰ, ਜਿਓਣੇ ਤੇ ਦਿਆਲੇ ਅਮਲੀ ਨੂੰ ਮਿਲਿਆ। ਉਹਦੇ ਨਾਵਲ ਵਿਚਲੇ 'ਨਵੇਂ ਪਿੰਡ' ਉਰਫ ਢੁੱਡੀਕੇ ਦੀ ਉਸ ਜਗ੍ਹਾ ਨੂੰ ਨਿਹਾਰਿਆ ਜਿਥੇ ਖੂਹ ਚਲਦਾ ਸੀ। ਬਚਨੋ ਉਥੇ ਗੋਹੇ ਵਾਲਾ ਬੱਠਲ ਧੋਣ ਆਈ ਸੀ। ਇਹ ਮੂੰਹ 'ਨ੍ਹੇਰੇ ਰੂਪ ਨੂੰ ਮਿਲਣ ਦਾ ਬਹਾਨਾ ਸੀ। ਖ਼ੁਸ਼ਵੰਤ ਸਿੰਘ ਨੇ ਉਸ ਚਲਦੇ ਖੂਹ ਦੇ ਸਮੁੱਚੇ ਦ੍ਰਿਸ਼ ਨੂੰ ਅੰਗਰੇਜ਼ੀ ਦੇ ਮੈਗਜ਼ੀਨ ਇਲੱਸਟ੍ਰੇਟਿਟ ਵੀਕਲੀ ਵਿਚ ਵਡਿਆਇਆ ਸੀ। ਜਿਥੇ ਖੂਹ ਹੁੰਦਾ ਸੀ, ਖੇਤ ਹੁੰਦੇ ਸਨ, ਸਿਰ ਚੁੱਕਦੀ ਚਾਰ ਚਾਰ ਉਂਗਲਾਂ ਸੇਂਜੀ ਖੂਹ ਦੇ ਪਾਣੀ ਵਿਚ ਡੁੱਬ ਰਹੀ ਸੀ ਅਤੇ ਬਚਨੋ ਰੂਪ ਨੂੰ ਚੋਰੀ-ਚੋਰੀ ਮਿਲੀ ਸੀ ਉਥੇ ਹੁਣ ਕੰਵਲ ਦਾ ਘਰ ਹੈ। ਉਹ ਖੂਹ ਭਾਵੇਂ ਬੇਆਬਾਦ ਹੋ ਗਿਐ ਪਰ ਪੂਰਨਮਾਸ਼ੀ ਵਿਚ ਆਬਾਦ ਹੈ।

ਉਸੇ ਖੂਹ ਦੀ ਮੌਣ ਉਤੇ ਬਲਰਾਜ ਸਾਹਨੀ ਬੈਠਾ, ਕੰਵਲ ਬੈਠਿਆ ਤੇ ਮੈਂ ਵੀ ਬੈਠਾ। ਆਉਂਦੇ ਜਾਂਦੇ ਬਥੇਰੇ ਕਵੀ ਤੇ ਕਲਾਕਾਰ ਬੈਠੇ। ਉਹਦੀ ਨਿਸ਼ਾਨੀ ਅਜੇ ਵੀ ਕਾਇਮ ਹੈ। ਕਦੇ ਉਹ ਖੂਹ ਪਿੰਡੋਂ ਬਾਹਰਵਾਰ ਸੀ। ਹੁਣ ਪਿੰਡ ਏਨਾ ਪਸਰ ਗਿਐ ਕਿ ਉਹੀ ਖੂਹ ਪਿੰਡ ਦੇ ਕਾਫੀ ਅੰਦਰਵਾਰ ਆ ਗਿਆ ਹੈ। ਪੂਰਨਮਾਸ਼ੀ ਲੋਕ ਗੀਤਾਂ ਨਾਲ ਭਰੀ ਪਈ ਸੀ। ਹਰ ਕਾਂਡ ਦੇ ਅੱਗੇ ਪਿੱਛੇ ਇੱਕ ਟੱਪਾ ਸੀ: ਜੱਟਾ ਤੇਰੀ ਜੂਨ ਬੁਰੀ, ਹਲ ਛੱਡ ਕੇ ਚਰ੍ਹੀ ਨੂੰ ਜਾਣਾ, ਤੈਨੂੰ ਵੇਖਿਆਂ ਸਬਰ ਨਾ ਆਵੇ, ਯਾਰਾ ਤੇਰਾ ਘੁੱਟ ਭਰ ਲਾਂ...।

ਕੰਵਲ ਨੂੰ ਮੈਂ ਪਹਿਲੀ ਵਾਰ 1958-59 ਵਿਚ ਵੇਖਿਆ ਸੀ। ਉਦੋਂ ਮੈਂ ਐਮ.ਆਰ. ਕਾਲਜ ਫਾਜ਼ਿਲਕਾ ਵਿਚ ਪੜ੍ਹਦਾ ਸਾਂ ਤੇ ਕਾਲਜ ਦੀ ਪੰਜਾਬੀ ਸਾਹਿਤ ਸਭਾ ਦਾ ਮੈਂਬਰ ਸਾਂ। ਸਾਹਿਤ ਸਭਾ ਨੇ ਕਾਲਜ ਵਿਚ ਕਵੀ ਦਰਬਾਰ ਕਰਵਾਇਆ ਜਿਸ ਦੀ ਪ੍ਰਧਾਨਗੀ ਲਈ ਜਸਵੰਤ ਸਿੰਘ ਕੰਵਲ ਨੂੰ ਸੱਦਿਆ ਸੀ। ਕਵੀ ਦਰਬਾਰ ਵਿਚ ਸੰਤੋਖ ਸਿੰਘ ਧੀਰ, ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ, ਕ੍ਰਿਸ਼ਨ ਅਸ਼ਾਂਤ, ਸੁਰਜੀਤ ਮਰਜਾਰਾ, ਗੁਰਦਾਸ ਰਾਮ ਆਲਮ, ਸ਼ਿਵ ਕੁਮਾਰ ਬਟਾਲਵੀ ਤੇ ਹੋਰ ਕਈ ਕਵੀ ਆਏ ਸਨ। ਡਾ. ਜਗਤਾਰ ਉਦੋਂ ਜਗਤਾਰ ਪਪੀਹਾ ਹੁੰਦਾ ਸੀ। ਕੰਵਲ ਨੇ ਪ੍ਰਧਾਨਗੀ ਭਾਸ਼ਨ ਦਿੰਦਿਆਂ ਕਿਹਾ ਸੀ, ਅਜੇ ਤਕ ਮੈਂ ਦੋ ਚਾਰ ਕਿਤਾਬੜੀਆਂ ਈ ਲਿਖੀਆਂ, ਕੋਈ ਮਾਅਰਕਾ ਨਹੀਂ ਮਾਰਿਆ। ਮੈਨੂੰ ਤਾਂ ਤੁਸੀਂ ਐਵੇਂ ਈ ਵਡਿਆਈ ਜਾਨੇ ਓਂ...।


ਉਨ੍ਹੀਂ ਦਿਨੀਂ ਹੀ ਮੈਂ ਕੰਵਲ ਦਾ ਪਾਠਕ ਬਣਿਆ ਸਾਂ। ਕਾਲਜ ਦੀ ਲਾਇਬ੍ਰੇਰੀ 'ਚੋਂ ਨਾਵਲ 'ਪੂਰਨਮਾਸ਼ੀ' ਕਢਵਾ ਪਿਛਲੇ ਬੈਂਚ ਉਤੇ ਜਾ ਬੈਠਾ ਸਾਂ। ਨਾਵਲ ਦੀ ਕਹਾਣੀ ਨੇ ਐਸਾ ਬੰਨ੍ਹਿਆਂ, ਪਤਾ ਈ ਨਾ ਲੱਗਾ ਪ੍ਰੋਫ਼ੈਸਰ ਕੀ ਪੜ੍ਹਾਉਂਦੇ ਗਏ ਤੇ ਪੀਰੀਅਡ ਕਦੋਂ ਬਦਲਦੇ ਗਏ। ਮੈਂ ਨਾਵਲ ਵਿਚਲੇ ਨਵੇਂ ਪਿੰਡ ਦੇ ਖੂਹ, ਦਾਤੇ ਦੇ ਰਾਹ, ਕਪੂਰਿਆਂ ਦੀਆਂ ਕੁੜੀਆਂ, ਸੈਦ ਕਬੀਰ ਦੇ ਮੇਲੇ, ਰੂਪ ਦੇ ਦਲਾਨ, ਤਖ਼ਾਣਵੱਧ ਦੇ ਖੇਤ, ਬੁੱਟਰ ਦੇ ਛੱਪੜ, ਢੁੱਡੀਕੇ ਤੇ ਅਜੀਤਵਾਲ ਵਿਚਕਾਰ ਵਗਦੇ ਸੂਏ ਦੀ ਪਟੜੀ, ਮੱਦੋਕੇ ਦੇ ਦੀਵਾਨ ਤੇ ਮੋਗੇ ਟਾਂਗੇ ਵਾਲੇ ਅਮਲੀ ਦੇ ਅੰਗ ਸੰਗ ਵਿਚਰ ਰਿਹਾ ਸਾਂ। ਉਥੇ ਚੰਨੋ ਸੀ, ਸ਼ਾਮੋ ਸੀ, ਰੂਪ ਸੀ, ਦਿਆਲਾ ਸੀ, ਜਗੀਰ ਸੀ, ਜੈਲੋ ਤੇ ਕਾਕਾ ਸੀ, ਉਥੇ ਮੇਲੇ ਵਿਚ ਸਾਰੰਗੀ ਵਜਾਉਣ ਵਾਲੇ ਗਮੰਤਰੀ ਸਨ ਤੇ ਗਿਆਨੀ ਬਣਿਆ ਕੰਵਲ ਆਪ ਸੀ।

ਪੂਰਨਮਾਸ਼ੀ ਵਿਚਲਾ 'ਨਵਾਂ ਪਿੰਡ' ਅਸਲ ਵਿਚ ਢੁੱਡੀਕੇ ਹੀ ਹੈ। ਨਾਵਲ ਦੇ ਸ਼ੁਰੂ ਵਿਚ ਜਿਸ ਵਗਦੇ ਖੂਹ ਦਾ ਨਜ਼ਾਰਾ ਹੈ ਉਹ ਸਾਰਾ ਦ੍ਰਿਸ਼ ਹੁਣ ਪਿੰਡ 'ਚੋਂ ਅਲੋਪ ਹੋ ਚੁੱਕਾ ਹੈ। ਕੰਵਲ ਦੀ ਖੇਤ ਵਿਚਲੀ ਉਹ ਕੋਠੜੀ ਵੀ ਨਹੀਂ ਰਹੀ ਜਿਥੇ 1960ਵਿਆਂ ਵਿਚ ਬਲਰਾਜ ਸਾਹਨੀ ਪੜ੍ਹਦਾ ਲਿਖਦਾ ਤੇ ਗੰਨੇ ਚੂਪਦਾ ਸੀ। ਸੀਮਿੰਟ ਦਾ ਉਹ ਲਾਲ ਬੈਂਚ, ਜਿਸ ਉਤੇ ਬੈਠਿਆਂ ਕੰਵਲ ਨੇ ਮੈਨੂੰ ਦਿੱਲੀ ਤੋਂ ਢੁੱਡੀਕੇ ਕਾਲਜ ਵਿਚ ਆਉਣ ਲਈ ਕਿਹਾ ਸੀ, ਮੈਨੂੰ ਅੱਜ ਵੀ ਯਾਦ ਐ। ਬਲਰਾਜ ਸਾਹਨੀ ਉਹਦੇ ਉਤੇ ਬੈਠ ਕੇ ਚੰਦ ਵੇਖਦਾ ਤੇ ਟਾਹਲੀ 'ਚੋਂ ਛਣਦੀ ਚਾਨਣੀ ਉਤੇ ਲਟਬੌਰਾ ਹੋ ਜਾਂਦਾ। ਉਸੇ ਬੈਂਚ 'ਤੇ ਬੈਠਿਆਂ ਕੰਵਲ ਨੇ ਮੈਥੋਂ ਇਕਰਾਰ ਲਿਆ ਸੀ ਕਿ ਮੈਂ ਦਿੱਲੀ ਦਾ ਖ਼ਾਲਸਾ ਕਾਲਜ ਛੱਡ ਕੇ ਢੁੱਡੀਕੇ ਪੜ੍ਹਾਉਣ ਲੱਗ ਪਵਾਂਗਾ। ਕੰਵਲ ਦੇ 'ਪੂਰਨਮਾਸ਼ੀ' ਨਾਵਲ ਨੇ ਹੀ ਮੇਰੇ ਕਰਮਾਂ ਵਿਚ ਢੁੱਡੀਕੇ ਦੀ ਪ੍ਰੋਫ਼ੈਸਰੀ ਲਿਖੀ ਸੀ।

ਪੂਰਨਮਾਸ਼ੀ ਦਾ ਨਾਇਕ ਰੂਪ, ਢੁੱਡੀਕੇ ਦੀ ਕੌਲੂ ਪੱਤੀ ਵਾਲਾ ਗੁਲਜ਼ਾਰਾ ਸੀ ਜੋ ਇਲਾਕੇ ਦਾ ਦਰਸ਼ਨੀ ਜੁਆਨ ਸੀ। ਉਹ ਮੇਲਿਆਂ 'ਤੇ ਬੋਰੀ ਚੁੱਕਣ ਦਾ ਮੁਕਾਬਲਾ ਕਰਿਆ ਕਰਦਾ ਸੀ। ਉਸ ਨੂੰ ਨਾਇਕ ਚਿਤਵ ਕੇ ਕੰਵਲ ਨੇ ਕਹਾਣੀ ਘੜੀ ਸੀ ਪਰ ਇਹ ਗੁਲਜ਼ਾਰੇ ਦੀ ਸੱਚੀ ਕਹਾਣੀ ਨਹੀਂ ਸੀ।

ਲੇਖਕ ਕਿਸੇ ਅਸਲੀ ਪਾਤਰ ਨੂੰ ਆਪਣੇ ਸਾਹਮਣੇ ਰੱਖ ਕੇ ਆਪਣਾ ਕਾਲਪਨਿਕ ਨਾਇਕ ਜਾਂ ਹੋਰ ਪਾਤਰ ਕਿਵੇਂ ਸਿਰਜਦੇ ਹਨ ਉਸ ਦੀ ਮਿਸਾਲ ਕੌਲੂ ਪੱਤੀ ਵਾਲਾ ਗੁਲਜ਼ਾਰਾ ਸੀ ਜਿਸ ਨੂੰ ਰੂਪ ਬਣਾ ਕੇ ਕਪੂਰਿਆਂ ਦੇ ਮੇਲੇ ਵਿਚ ਬੋਰੀ ਚੁੱਕਣ ਦਾ ਮੁਕਾਬਲਾ ਕਰਵਾਇਆ ਗਿਆ: ਰੂਪ ਹੋਰਾਂ ਦੀ ਢਾਣੀ ਵਿਖਰ ਕੇ ਫਿਰ ਜੁੜ ਗਈ। ਉਨ੍ਹਾਂ ਮੇਲੇ ਦੇ ਦੂਜੇ ਪਾਸੇ ਬੋਰੀ ਅਤੇ ਮੁਗਧਰ ਚੁੱਕਣ ਵਾਲਿਆਂ ਦਾ ਖੁੱਲ੍ਹਾ ਖਾੜਾ ਬੰਨ੍ਹ ਲਿਆ। ਮੁਗਧਰ ਮੱਲਾਂ ਨੇ ਪਹਿਲੋਂ ਹੀ ਲਿਆਂਦੇ ਹੋਏ ਸਨ। ਸਾਢੇ ਚਾਰ ਮਣ ਪੱਕੇ ਦੀ ਬੋਰੀ ਵੀ ਠੋਕ-ਠੋਕ ਕੇ ਭਰ ਲਈ ਗਈ...।

ਨਾਵਲ 'ਪੂਰਨਮਾਸ਼ੀ' ਮੈਨੂੰ ਇਸ ਲਈ ਵੀ



ਦਿਲਚਸਪ ਲੱਗਿਆ ਸੀ ਕਿ ਆਪਣੇ ਪਿੰਡ ਚਕਰ ਤੋਂ ਸੌ ਮੀਲ ਦੂਰ ਫਾਜ਼ਿਲਕਾ ਪੜ੍ਹਦਿਆਂ ਮੈਨੂੰ ਇਹਦੇ ਵਿਚੋਂ ਆਪਣੇ ਪਿੰਡ ਦੀ ਮਹਿਕ ਆ ਰਹੀ ਸੀ। ਹੁਣ ਤਕ ਮੈਂ ਸੈਂਕੜੇ ਕਿਤਾਬਾਂ ਪੜ੍ਹੀਆਂ ਹਨ। ਪਰ ਜਿੰਨੀ ਸ਼ਿੱਦਤ ਨਾਲ ਮੈਂ 'ਪੂਰਨਮਾਸ਼ੀ' ਪੜ੍ਹੀ ਓਨੀ ਸ਼ਿੱਦਤ ਨਾਲ ਸ਼ਾਇਦ ਹੀ ਕੋਈ ਹੋਰ ਕਿਤਾਬ ਪੜ੍ਹੀ ਹੋਵੇ। ਕਹਾਣੀ ਦਾ ਸਾਰ ਹੈ: ਨਵੇਂ ਪਿੰਡ ਦਾ ਬਣਦਾ ਫਬਦਾ ਜੁਆਨ ਰੂਪ ਆਪਣੇ ਨਾਨਕੇ ਪਿੰਡ ਦਾਤੇ ਨੂੰ ਤੁਰਿਆ ਜਾਂਦਾ ਹੈ। ਰਾਹ ਵਿਚ ਕਪੂਰੇ ਪਿੰਡ ਦੀਆਂ ਦੋ ਕੁੜੀਆਂ ਚੰਨੋ ਤੇ ਸ਼ਾਮੋ ਖੇਤ 'ਚ ਸਾਗ ਤੋੜਦੀਆਂ ਮਿਲਦੀਆਂ ਹਨ। ਰੂਪ ਤੇ ਚੰਨੋ ਦੀ ਨਜ਼ਰ ਵਾਰਸ ਦੀ ਹੀਰ ਤੇ ਰਾਂਝੇ ਵਾਂਗ ਮਿਲਦੀ ਹੈ ਤਾਂ ਹੀਰ ਹੱਸ ਕੇ ਤੇ ਮਿਹਰਬਾਨ ਹੋਈ ਵਾਂਗ ਉਨ੍ਹਾਂ ਦਾ ਪਹਿਲੀ ਨਜ਼ਰ ਦਾ ਪਿਆਰ ਪੈ ਜਾਂਦਾ ਹੈ। ਪਿਆਰ ਕਹਾਣੀ ਅੱਗੇ ਵਧਣ ਲੱਗਦੀ ਹੈ ਪਰ ਉਨ੍ਹਾਂ ਦਾ ਵਿਆਹ ਹੁੰਦਾ ਹੁੰਦਾ ਰਹਿ ਜਾਂਦਾ ਹੈ। ਚੰਨੋ ਦੀ ਸਹੇਲੀ ਸ਼ਾਮੋ ਪਿੰਡ ਦੇ ਸ਼ੁਕੀਨ ਮੁੰਡੇ ਦਿਆਲੇ ਨੂੰ ਪਿਆਰ ਕਰਦੀ ਹੈ। ਪੰਜਾਬੀ ਸਮਾਜ ਦੇ ਸਭਿਆਚਾਰਕ ਵਰਤਾਰੇ ਵਿਚ ਨਾ ਸ਼ਾਮੋ ਤੇ ਦਿਆਲੇ ਦਾ ਵਿਆਹ ਹੋ ਸਕਦਾ ਹੈ ਤੇ ਨਾ ਚੰਨੋ ਅਤੇ ਰੂਪ ਦਾ ਵਿਆਹ ਸਿਰੇ ਚੜ੍ਹਦਾ ਹੈ। ਮੁੱਖ ਕਹਾਣੀ ਚੰਨੋ ਤੇ ਰੂਪ ਦੇ ਪਿਆਰ ਦੀ ਹੈ। ਹਾਲਾਤ ਚੰਨੋ ਨੂੰ ਬੁੱਟਰ ਦੇ ਕਰਮੇ ਨਾਲ ਵਿਆਹ ਦਿੰਦੇ ਹਨ ਅਤੇ ਰੂਪ ਨੂੰ ਰਾਏਕੋਟ ਦੀ ਪ੍ਰਸਿੰਨੀ ਨਾਲ। ਰੂਪ ਦੇ ਘਰ ਪੁੱਤਰ ਪੈਦਾ ਹੁੰਦਾ ਹੈ ਤੇ ਚੰਨੋ ਦੇ ਘਰ ਧੀ। ਰੂਪ ਤੇ ਚੰਨੋ ਆਪਣੇ ਅਧੂਰੇ ਪਿਆਰ ਨੂੰ ਆਪਣੇ ਬੱਚਿਆਂ ਦੇ ਆਪਸ ਵਿਚ ਵਿਆਹ ਕਰ ਕੇ ਪਰਵਾਨ ਚੜ੍ਹਾਉਂਦੇ ਹਨ। ਇੰਜ ਪਹਿਲੀ ਪੀੜ੍ਹੀ ਦਾ ਅਧੂਰਾ ਰਹਿ ਗਿਆ ਪਿਆਰ ਅਗਲੀ ਪੀੜ੍ਹੀ ਰਾਹੀਂ ਪੂਰ ਲਿਆ ਜਾਂਦਾ ਹੈ।

ਇਸ ਨਾਵਲ ਵਿਚ ਪੰਜਾਬ ਦੇ ਪੇਂਡੂ ਜੀਵਨ ਦੀਆਂ ਅਨੇਕਾਂ ਝਾਕੀਆਂ ਸਾਹਮਣੇ ਆਉਂਦੀਆਂ ਹਨ। ਕਿਤੇ ਤ੍ਰਿੰਜਣ, ਕਿਤੇ ਮੇਲੇ, ਤੀਆਂ, ਖੇਡ ਮੁਕਾਬਲੇ, ਖਾਣ-ਪੀਣ ਦੀਆਂ ਮਹਿਫ਼ਲਾਂ, ਸਕੇਦਾਰੀ, ਪ੍ਰਾਹੁਣਚਾਰੀ, ਸੱਥ ਚਰਚਾ, ਲੋਹੜੀ, ਡਾਕਾ, ਠਾਣੇ ਦੀ ਹਵਾਲਾਤ, ਕਿਤੇ ਅਮਲੀ ਦੇ ਟਾਂਗੇ ਦੀ ਸਵਾਰੀ, ਜੰਨਾਂ ਦਾ ਚੜ੍ਹਨਾ, ਜਾਗੋ ਕੱਢਣੀ, ਵਿਆਹਾਂ ਦੇ ਗੀਤ, ਜੰਨ ਬੰਨ੍ਹਣੀ ਤੇ ਛਡਾਉਣੀ, ਗਾਉਣ ਦੇ ਖਾੜੇ, ਗਵੰਤਰੀਆਂ ਦੀਆਂ ਢੱਡ ਸਾਰੰਗੀਆਂ, ਮੇਲਿਆਂ ਦੀਆਂ ਰੌਣਕਾਂ ਤੇ ਲੜਾਈਆਂ, ਡੱਬਾਂ 'ਚ ਪਿਸਤੌਲ, ਖੂੰਡੇ, ਦੁਨਾਲੀਆਂ, ਜ਼ਮੀਨ ਦੱਬਣ ਦੇ ਲਾਲਚ, ਪੰਚਾਂ ਦੇ ਪੱਖਪਾਤੀ ਫੈਸਲੇ, ਸ਼ਰੀਕੇ, ਭਾਨੀਆਂ, ਗਿਆਨੀ ਦਾ ਉਪਦੇਸ਼ ਤੇ ਕਿਤੇ ਕਿਤੇ ਇਨਕਲਾਬ ਦੀਆਂ ਗੱਲਾਂ। ਜਦ ਰੂਪ, ਜਗੀਰ, ਜੈਲੋ ਤੇ ਕਾਕੇ ਹੋਰੀਂ ਸੰਤੀ ਦੀ ਜ਼ਮੀਨ ਵਾਹੁੰਦੇ ਦਿਲ ਦੀਆਂ ਗੱਲਾਂ ਕਰਦੇ ਹਨ ਤਾਂ ਉਨ੍ਹਾਂ ਦੇ ਬੋਲ ਮੈਨੂੰ ਅੱਜ ਵੀ ਯਾਦ ਹਨ।

ਕੰਵਲ ਦੀਆਂ ਲਿਖਤਾਂ ਦਾ ਮੁੱਖ ਧੁਰਾ ਪਿਆਰ ਹੈ। ਪੂਰਨਮਾਸ਼ੀ ਵਿਚ ਪਿਆਰ ਬਾਰੇ ਵਿਚਾਰ:

ਫੁੱਲਾਂ ਦੀ ਸੁਗੰਧੀ ਵਾੜਾਂ ਵਿਚ ਡੱਕਿਆਂ ਵੀ ਚੁਫੇਰੇ ਖਿਲਰ ਜਾਂਦੀ ਹੈ। ਦਿਆਲੇ ਤੇ ਸ਼ਾਮੋ ਦੇ ਪਿਆਰ ਦੀਆਂ ਗੱਲਾਂ ਵੀ ਮਸਾਲੇ ਲਾ ਲਾ ਕੀਤੀਆਂ ਜਾਣ ਲੱਗੀਆਂ। ਜਵਾਨੀ ਦੇ ਕੋਮਲ ਹੁਸਨ ਨੂੰ ਬਦਨਾਮੀ ਦਾ ਸੇਕ ਬੁਰੀ ਤਰ੍ਹਾਂ ਝੁਲਸ ਦੇਂਦਾ ਹੈ। ਕਿਸੇ ਦੇ ਪਿਆਰ ਦੀ ਗੱਲ ਕਰਨੀ ਸਾਨੂੰ ਇਸ ਤਰ੍ਹਾਂ ਮਿਲਦੀ ਹੈ ਕਿ ਅਸੀਂ ਆਪ ਲੋਹੜੇ ਦੇ ਪਿਆਰ ਦੇ ਭੁੱਖੇ ਹੁੰਦੇ ਹਾਂ। ਪਿਆਰ ਦੇ ਮੁਆਮਲੇ ਵਿਚ ਸਾਡੀਆਂ ਰੁਚੀਆਂ ਸਖ਼ਤ ਤਲਖ਼-ਤੁਰਸ਼ ਹੋ ਗਈਆਂ ਹੁੰਦੀਆਂ ਹਨ। ਪਿਆਰ ਕਰਨ ਦੇ ਮੌਕੇ ਸਾਨੂੰ ਘੱਟ ਮਿਲੇ ਹੁੰਦੇ ਹਨ ਜਾਂ ਦੂਜੇ ਅਰਥਾਂ ਵਿਚ ਉਨ੍ਹਾਂ ਨੂੰ ਪਰਵਾਨ ਨਹੀਂ ਚੜ੍ਹਨ ਦਿੱਤਾ ਜਾਂਦਾ। ਹਰ ਪਿਆਰ ਕਰਨ ਵਾਲੇ ਜੋੜੇ ਦੇ ਮੁਆਮਲੇ ਵਿਚ ਸਾਡੀਆਂ ਭਾਵਨਾਵਾਂ ਬਦਲਾ-ਲਊ ਹੋ ਜਾਂਦੀਆਂ ਹਨ। ਜਵਾਨੀ ਵਿਚ ਆ ਕੇ ਕੁਦਰਤੀ ਪਿਆਰ-ਭੁੱਖ ਜਾਗਦੀ ਹੈ। ਪਿਆਰ ਵਿਚ ਕਾਮਯਾਬ ਜ਼ਿੰਦੜੀਆਂ ਕਦੇ ਸਾੜਾ ਨਹੀਂ ਕਰਦੀਆਂ, ਸਗੋਂ ਪ੍ਰੇਮੀਆਂ ਨੂੰ ਅਸ਼ੀਰਵਾਦ ਦੇਂਦੀਆਂ ਹਨ। ਪਰ ਸੱਖਣੇ ਤੇ ਅਧੂਰੇ ਹਿਰਦੇ ਨਿੰਦਿਆ ਨਾਲ ਪ੍ਰੇਮੀਆਂ ਦੇ ਰਾਹ ਵਿਚ ਕੰਡੇ ਖਿਲਾਰਦੇ ਹਨ।

ਕੁੜੀ ਦੇ ਵਿਆਹ ਵੇਲੇ ਜੰਞ ਆਉਣ ਦੀ ਝਾਕੀ:

ਸ਼ਾਮੋ ਦੀ ਜੰਞ ਘੋੜੀਆਂ, ਬੋਤਿਆਂ ਅਤੇ ਰਥਾਂ ਉਤੇ ਸ਼ਿੰਗਾਰੀ ਆ ਗਈ। ਵਾਜੇ ਵਾਲਿਆਂ ਦਾ ਬੇਸੁਰਾ ਸ਼ੋਰ ਪਿੰਡ ਦੇ ਸੁੱਤੇ ਮਾਹੌਲ ਨੂੰ ਹਲੂਣ ਰਿਹਾ ਸੀ। ਗੱਭਰੂ ਜਾਨੀਆਂ ਨੇ, ਜਿਹੜੇ ਤਿੱਖੀਆਂ ਤੇ ਚੁਸਤ ਘੋੜੀਆਂ ਉਤੇ ਸਵਾਰ ਸਨ, ਪਿੰਡ ਨੂੰ ਵਲਿਆ। ਘੋੜੀਆਂ ਦੇ ਗੋਡਿਆਂ ਨਾਲ ਬੱਧੀਆਂ ਝਾਂਜਰਾਂ ਦੀ ਛਣਕਾਰ ਹਿਰਦੇ ਦੇ ਅਰਮਾਨਾਂ ਨੂੰ ਤੜਫਾ ਰਹੀ ਸੀ। ਨੱਚਦੀਆਂ ਘੋੜੀਆਂ ਮੁੜ ਧਰਮਸ਼ਾਲਾ ਅੱਗੇ ਆ ਰੁਕੀਆਂ, ਜਿਥੇ ਪਿੰਡ ਦੀ ਪੰਚਾਇਤ ਵੀ ਜੁੜੀ ਖਲੋਤੀ ਸੀ। ਲਾਗੀਆਂ ਨੇ ਮੰਜੇ ਡਾਹੁਣੇ ਸ਼ੁਰੂ ਕਰ ਦਿੱਤੇ ਅਤੇ ਕਾਮਿਆਂ ਨੇ ਸਵਾਰੀਆਂ ਨੂੰ ਸਾਂਭ ਲਿਆ।

ਜਾਗੋ ਦੀ ਤਿਆਰੀ ਮੁਕੰਮਲ ਹੋ ਜਾਣ 'ਤੇ ਸ਼ੌਕੀਨ ਮੇਲਣਾਂ ਨੇ ਘੱਗਰੇ ਪਾਏ ਅਤੇ ਜਿਨ੍ਹਾਂ ਜਿਨ੍ਹਾਂ ਦੇ ਬੋਲ ਇਕੋ ਜਿਹੇ ਮਿਲਦੇ ਸਨ, ਉਨ੍ਹਾਂ ਜੋਟੀਆਂ ਬੰਨ੍ਹ ਲਈਆਂ। ਇੱਕ ਚੱਠੂ ਵਰਗੀ ਨਰੋਈ ਮੁਟਿਆਰ ਨੇ ਜਾਗੋ ਸਿਰ ਉਤੇ ਟਿਕਾ ਲਈ ਅਤੇ ਕੁੜੀਆਂ ਤੇ ਬੁੜ੍ਹੀਆਂ ਦਾ ਤਕੜਾ ਵਹੀਰ ਉਸ ਦੇ ਪਿੱਛੇ ਹੋ ਤੁਰਿਆ। ਘਰ ਦੇ ਬਾਰੋਂ ਨਿਕਲਦਿਆਂ ਹੀ ਉਨ੍ਹਾਂ ਗੀਤ ਛੋਹ ਦਿੱਤਾ, "ਚੌਕੀ ਹਾਕਮਾਂ ਦੀ ਆਈ ਖ਼ਬਰਦਾਰ ਰਹਿਣਾ ਜੀ ...।"

ਜਾਗੋ ਦੇ ਚਾਨਣ ਨਾਲ ਗਲੀ ਦੂਰ ਤਕ ਰੌਸ਼ਨ ਹੋ ਗਈ। ਮੁਟਿਆਰ ਕੁੜੀਆਂ ਦੇ ਗੀਤਾਂ ਤੋਂ ਪ੍ਰਭਾਵਿਤ ਹੋ ਕੇ ਗੱਭਰੂ ਮੁੰਡਿਆਂ ਦਾ ਰੌਲਾ ਜਾਗੋ ਦੇ ਚਾਨਣ ਨੂੰ ਧੱਕੇ ਮਾਰ ਰਿਹਾ ਸੀ। ਧਰਮਸ਼ਾਲਾ ਦੇ ਕੋਲੋਂ ਲੰਘਦੀਆਂ ਕੁੜੀਆਂ ਨੇ ਪ੍ਰਾਹੁਣੇ ਦਾ ਨਾਂ ਲੈ ਕੇ ਗਾਉਣਾ ਸ਼ੁਰੂ ਕਰ ਦਿੱਤਾ: ਕਰਮਿਆਂ ਭੈਣਾਂ ਜਗਾ ਲੈ ਵੇ, ਜਾਗੋ ਆਈ ਆ। ਚੁੱਪ ਕਰ ਬੀਬੀ ਮਸਾਂ ਸਮਾਈ ਐ, ਲੋਰੀ ਦੇ ਕੇ ਪਾਈ ਐ, ਅੜੀ ਕਰੂਗੀ ...।

ਪਿੰਡ ਘੋਲੀਏ ਮਾਰੇ ਡਾਕੇ ਦਾ ਬਿਰਤਾਂਤ:

ਘੋਲੀਏ ਤੋਂ ਇੱਕ ਮੀਲ 'ਤੇ ਨਹਿਰ ਸਰਹੰਦ ਵਗਦੀ ਸੀ। ਨਹਿਰ ਦੇ ਕਾਹਾਂ ਵਿਚ ਲੁਕ ਕੇ ਉਨ੍ਹਾਂ ਦੁਪਹਿਰਾ ਲੰਘਾਇਆ। ਡਾਕਾ ਮਾਰਨ ਦਾ ਸਮਾਂ ਉਨ੍ਹਾਂ ਆਥਣ ਦਾ ਚੰਗਾ ਸਮਝਿਆ, ਕਿਉਂਕਿ ਇਸ ਤਰ੍ਹਾਂ ਉਹ ਅੱਗੇ ਰਾਤ ਪੈ ਜਾਣ ਨਾਲ ਦੂਰ ਨੇੜੇ ਜਾ ਸਕਦੇ ਸਨ ਅਤੇ ਉਨ੍ਹਾਂ ਦਾ ਬਹੁਤੀ ਦੂਰ ਤਕ ਪਿੱਛਾ ਨਹੀਂ ਸੀ ਕੀਤਾ ਜਾ ਸਕਦਾ। ਨਹਿਰ ਦੇ ਪਾਣੀ ਨਾਲ ਹੀ ਉਨ੍ਹਾਂ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਉਹ ਆਪਣੇ ਦਿਲ ਨੂੰ ਤਕੜਾ ਕਰਨਾ ਚਾਹੁੰਦੇ ਸਨ। ਮਨੁੱਖ ਜਦ ਕੋਈ ਗੁਨਾਹ ਕਰਦਾ ਹੈ, ਤਦ ਜ਼ਮੀਰ ਅੰਦਰੋਂ ਕੁਰਲਾਉਂਦੀ ਹੈ। ਜ਼ਮੀਰ ਦੀ ਆਵਾਜ਼ ਨੂੰ ਦਬਾਉਣ ਲਈ ਉਹ ਨਸ਼ੇ ਵਰਤਦਾ ਹੈ। ਸਹੀ ਹੋਸ਼ ਵਿਚ ਮਨੁੱਖ ਤੋਂ ਅਵੱਗਿਆ ਹੋਣੀ ਮੁਸ਼ਕਲ ਹੀ ਨਹੀਂ, ਸਗੋਂ ਕਈ ਵਾਰ ਅਸੰਭਵ ਵੀ ਹੋ ਜਾਂਦੀ ਹੈ। ਜਦ ਪਾਲੀਆਂ ਪਸ਼ੂ ਡੰਗਰ ਪਿੰਡ ਨੂੰ ਛੇੜ ਦਿੱਤੇ ਤਦ ਉਹ ਚਾਰੇ ਪਿੰਡ ਵੱਲ ਹੌਲੀ ਹੌਲੀ ਸਰਕਦੇ ਗਏ। ਇੱਕ ਦੁਨਾਲੀ ਅਰਜਨ ਦੇ ਮੋਢੇ ਪਾਈ ਹੋਈ ਸੀ ਅਤੇ ਪਠਾਣੀ ਦਿਆਲੇ ਦੀ ਕੱਛ ਵਿਚ ਘੁੱਟੀ ਹੋਈ ਸੀ। ਅਰਜਨ ਨੇ ਕਰਾਰੇ ਬੋਲ ਨਾਲ ਦਿਆਲੇ ਤੋਂ ਪੁੱਛਿਆ, "ਕਿਉਂ ਬਈ! ਛੱਤ ਸਾਂਭਣੀ ਏ ਜਾਂ ਵਿਹੜਾ?"

ਸ਼ਾਮੋ ਰਸੋਈ ਵਿਚ ਆਟਾ ਗੁੰਨ੍ਹ ਰਹੀ ਸੀ। ਵਿਹੜੇ ਵਿਚ ਡਾਕੂ ਦੇਖ ਕੇ ਉਹ ਵੀ ਘਬਰਾ ਗਈ। ਉਸ ਤੋਂ ਬਿਨਾਂ ਹੋਰ ਕੋਈ ਘਰ ਨਹੀਂ ਸੀ। ਨੂਰੇ ਦੇ ਪਿੱਛੇ ਤਾਰਾ ਸਾਹਮਣਲੇ ਅੰਦਰ ਵੜਿਆ। ਅਰਜਨ ਦੀ ਸ਼ਾਮੋ ਵੱਲ ਪਿੱਠ ਸੀ। ਉਹ ਮੌਕਾ ਤਾੜ ਕੇ ਇੱਕ ਦਮ ਰਸੋਈ 'ਚੋਂ ਨਿਕਲੀ ਤੇ ਚੁਬਾਰੇ ਦੀਆਂ ਪੌੜੀਆਂ ਚੜ੍ਹਨ ਲੱਗੀ। ਪੌੜੀ ਚੜ੍ਹਦਿਆਂ ਉਸ ਨੂੰ ਦਿਆਲੇ ਨੇ ਦੇਖ ਲਿਆ। ਉਹ ਵੀ ਉਸ ਦੇ ਪਿੱਛੇ ਸਿਰਤੋੜ ਭੱਜ ਕੇ ਚੜ੍ਹਿਆ। ਪਰ ਸ਼ਾਮੋ ਨੇ ਦਿਆਲੇ ਦੇ ਪੁੱਜਣ ਤੋਂ ਅੱਗੋਂ ਹੀ ਚੁਬਾਰੇ ਦੇ ਬਾਰ ਨੂੰ ਧੱਕਾ ਮਾਰਿਆ, ਤਖ਼ਤੇ ਪਿੱਛੇ ਹਟ ਕੇ ਮੁੜ ਆਪਣੀ ਪਹਿਲੀ ਅਸਲੀ ਥਾਂ ਆ ਗਏ। ਬਾਰ ਵੱਲੋਂ ਭਉਂ ਕੇ ਉਹ ਬਾਰੀ ਅੱਗੇ ਆ ਖਲੋਤਾ। ਸ਼ਾਮੋ ਕੰਬਦੀ ਕੋਈ ਅੰਦਰੋਂ ਤਖ਼ਤੇ ਧੱਕੀ ਖਲੋਤੀ ਸੀ। ਦਿਆਲੇ ਨੇ ਖੁੱਲ੍ਹੀ ਬਾਰੀ ਵਿਚ ਬੰਦੂਕ ਦੀ ਨਾਲੀ ਟਿਕਾਂਦਿਆਂ ਆਪਣੇ ਮੂੰਹ ਦਾ ਪੱਲਾ ਲਾਹ ਦਿੱਤਾ ਅਤੇ ਕਾਹਲੇ ਸਾਹ ਸ਼ਾਮੋ ਨੂੰ ਕਿਹਾ, "ਹੁਣ ਸਿੱਧੀ ਤਰ੍ਹਾਂ ਚੁਬਾਰੇ ਦਾ ਬਾਰ ਖੋਲ੍ਹ ਤੇ ਪਤੰਦਰ ਨਾਲ ਤੁਰ।"

ਡਰ ਨਾਲ ਸ਼ਾਮੋ ਦਾ ਅੰਦਰ ਪਹਿਲਾਂ ਹੀ ਕੰਬ ਰਿਹਾ ਸੀ, ਦਿਆਲੇ ਨੂੰ ਬੰਦੂਕ ਚੱਕੀ ਖਲੋਤਾ ਵੇਖ ਕੇ ਉਹ ਬੱਗੀ ਪੀਲੀ ਪੈ ਗਈ। ਉਹ ਸਾਹ-ਸਤ ਬਿਨਾਂ ਕੱਖ-ਫੂਸ ਹੋ ਕੇ ਰਹਿ ਗਈ। ਦਿਆਲਾ ਤਾਂ ਮੈਨੂੰ ਚੁੱਕਣ ਆਇਆ ਹੈ। ਹੁਣ ਕੀ ਕਰਾਂ? ਏਦੂੰ ਤਾਂ ਮਰ ਈ ਜਾਵਾਂ। ਪਤਾ ਨਹੀਂ ਉਸ ਵਿਚ ਕਿਹੜੀ ਸ਼ਕਤੀ ਆ ਗਈ। ਉਸ ਮਣ ਮਣ ਦੇ

*(ਬਾਕੀ ਅਗਲੇ ਸਫੇ 'ਤੇ)*

---

*(ਪਿਛਲੇ ਸਫੇ ਦੀ ਬਾਕੀ)*

ਇਕ ਮੌਸਮ ਰੂਹ ਦਾ ਜਿਸ ਵਿਚ ਅਜੇ ਜ਼ਿੰਦਾ ਹਾਂ ਮੈਂ। (ਪੰਨਾ 17)

ਸਾਕਸ਼ੀ ਭਾਵ ਨਾਲ ਜੁੜਿਆ ਮਨ ਸਹਿਜੇ ਹੀ ਪਦਰਥਵਾਦੀ ਜਮਾਂ ਘਟਾਓ 'ਤੇ ਅਧਾਰਿਤ ਚੇਤਨਾ ਤੋਂ ਪਾਰ ਜਾ ਸਕਦਾ ਹੈ। ਜਿੱਥੇ ਪਤਾ ਲਗਦਾ ਹੈ ਕਿ ਇਸ ਮਹਾਂ-ਜੀਵਨ ਪ੍ਰਵਾਹ ਨੂੰ ਮਨੁੱਖ ਦੁਆਰਾ ਦਿੱਤੇ ਗਏ ਨਫ਼ੇ-ਨੁਕਸਾਨ ਤੇ ਸਵੈ-ਹਓਂ ਅਰਥ ਕਿੰਨੇ ਬੌਣੇ ਤੇ ਨਿਗੂਣੇ ਹਨ। ਕਿਵੇਂ ਅਰਥ ਦਾ ਅਨਰਥ ਹਨ। 'ਅਕਾਰਨ' ਜੀਵਨ ਤੇ ਕਾਰਨ ਥੋਪ ਕੇ ਬੁਣੀ ਮਾਇਆ-ਜਾਲ-ਕੈਦ ਦੀ ਬੁਨਿਆਦ ਹਨ।

ਚੇਤਨਾ ਤੋਂ ਪਾਰ
ਫੁੱਲ ਖਿਵਿਆ ਕਿਸ ਲਈ
ਪੰਖੀ ਕੂਕੇ ਕਿਸ ਲਈ
ਚੰਨ ਚੜ੍ਹੇ ਕਿਸ ਲਈ
ਕੀ ਸੱਚਮੁੱਚ ਕਿਸੇ ਲਈ? (ਪੰਨਾ 31)

ਸੱਚ ਅੰਬਰ ਕਵਿਤਾ ਦੀ ਇਕ ਹੋਰ ਵਿਲੱਖਣਤਾ ਇਸਦੇ ਬਾਹਰੀ ਦੁਨਿਆਵੀ ਆਹਰ। ਤੌਰ ਤਰੀਕੇ। ਤਰਥਾਂ ਤਰਜ਼ਾਂ ਨੂੰ ਰੂਪਮਾਨ ਕਰਦਿਆਂ ਉਨ੍ਹਾਂ ਦੇ ਅੰਤ੍ਰੀਵ ਭਾਵਾਂ ਦੇ ਰੂ-ਬ-ਰੂ ਕਰਨਾ ਵੀ ਹੈ। ਇਹ ਅੰਤ੍ਰੀਵ ਭਾਵ ਅੱਗੋਂ ਜਗਿਆਸੂ ਮਨ ਨੂੰ ਉਸ ਮਹਾਂ ਵਹਾਅ ਨਾਲ ਜੋੜ ਦਿੰਦਾ ਹੈ। ਤੇ ਉਸਦੀਆਂ ਨਫ਼ੇ-ਨੁਕਸਾਨ ਸਵੈ ਹਓਂ ਦੀਆਂ ਸਮਝਾਂ ਬੂਝਾਂ ਇਸ ਵਹਾਅ 'ਤੇ ਜਿਵੇਂ ਕੱਖਾਂ ਕਾਨਾਂ ਵਾਂਗ ਨਿਤਰੀਆਂ ਤਰਦੀਆਂ ਦਿਸਣ ਲਗਦੀਆਂ ਹਨ।

ਪਰਵਾਸੀ ਜਾਂ ਮੂਲ ਨਿਵਾਸੀ ਹੋਣ ਤੋਂ ਪਰ੍ਹਾਂ
ਬਣੀ ਬੈਠੇ ਸਰਬਵਾਸੀ
ਰਚ-ਮਿਚ ਕੇ ਨਵੇਂ ਗਿਆਨ ਨਾਲ
ਮਾਨਵੀ ਸਹਿਹੋਂਦ ਨੂੰ ਸਵੀਕਾਰਦੇ
ਅਸੀਂ ਹਾਂ ਪੂਰੇ ਵਿਸ਼ਵ ਦੇ ਵਾਸੀ। (ਪੰਨਾ 66)

ਇਸ ਕਾਵਿ ਵਿਚ ਕੁਝ ਕਵਿਤਾਵਾਂ ਨਿਰੋਲ ਨਿੱਜੀ ਆਧਾਰ ਵਾਲੀਆਂ ਤਾਂ ਹਨ ਪਰ ਉਨ੍ਹਾਂ ਵਿਚਲੀ ਕਾਵਿਕਤਾ ਦਾ ਵਹਾਅ ਨਿੱਜ ਤੋਂ ਪਰ ਵੱਲ ਸਫ਼ਰਤ ਹੈ। ਟੈਗੋਰ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਵਰਗੇ ਆਪਣੇ ਕਾਵਿ ਆਦਰਸ਼ਾਂ ਨੂੰ ਸੰਬੋਧਿਤ ਕਵਿਤਾਵਾਂ 'ਚੋਂ ਵੀ ਸ਼ਾਇਰਾ ਕੁਲਦੀਪ ਦੀ ਕਾਵਿ ਚੇਤਨਾ, ਤੇ ਉਸਦੇ ਕਾਵਿਮਨ ਦੇ ਝਲਕਾਰੇ ਪੈਂਦੇ ਹਨ।

ਇਹ ਠੀਕ ਹੈ ਕਿ ਕਿਸੇ ਵੀ ਭਾਸ਼ਾ ਦੇ ਸਾਹਿਤ ਵਿਚ ਉਸਦੇ ਆਪਣੇ ਠੇਠ ਤੇ ਟਕਸਾਲੀ ਸ਼ਬਦ, ਮੁਹਾਵਰੇ, ਰੂਪਾਕਾਰ, ਪ੍ਰਤੀਕ ਤੇ ਬਿੰਬਾਂ ਦਾ ਕਲਾਤਮਿਕ ਪ੍ਰਗਟਾਅ ਉਸ ਭਾਸ਼ਾ ਦੇ ਸਾਹਿਤ ਨੂੰ ਸਦ-ਅਮੀਰੀ ਬਖ਼ਸ਼ਦੇ ਹਨ ਪਰ ਇਨ੍ਹਾਂ ਦੇ ਨਾਲ ਨਾਲ ਦੂਸਰੀਆਂ ਭਾਸ਼ਾਵਾਂ ਦੇ ਸ਼ਬਦ, ਮੁਹਾਵਰੇ, ਰੂਪਾਕਾਰ, ਪ੍ਰਤੀਕ ਤੇ ਬਿੰਬਾਂ ਲਈ ਵੀ ਉਸਦਾ ਦਰ ਖੁੱਲ੍ਹਾ ਹੁੰਦਾ ਹੈ। ਪਰ ਭਾਸ਼ਾਵਾਂ ਦੇ ਇਸ ਆਪਸੀ ਤਾਲਮੇਲ ਆਦਾਨ ਪ੍ਰਦਾਨ ਲਈ ਬੜੀ ਸਹਿਜ ਸੂਖਮ ਅਤੇ ਕਲਾਤਮਿਕ ਅੰਤਰਸੂਝ ਦੀ ਲੋੜ ਹੁੰਦੀ ਹੈ। ਦੂਸਰੀ ਭਾਸ਼ਾ ਦੇ ਸ਼ਬਦ ਜਦ ਵੀ ਕਿਸੇ ਭਾਸ਼ਾ 'ਚ ਆਉਣ ਤਾਂ ਉਨ੍ਹਾਂ ਦੀ ਸਹਿਜ ਭਾਅ ਆਮਦ ਹੀ ਉਨ੍ਹਾਂ ਨੂੰ ਕਿਸੇ ਭਾਸ਼ਾ ਦਾ ਹਿੱਸਾ ਬਣਾ ਸਕਦੀ ਹੈ। ਖ਼ਾਸ ਕਰ ਕਵਿਤਾ ਵਿਚ ਇਸ ਬਾਰੇ ਜ਼ਰਾ ਵੀ ਅਵੇਸਲੇ ਹੋਇਆਂ ਚੰਗੀ ਭਲੀ ਕਵਿਤਾ ਆਪਣੀ ਸਹਿਜ ਕਾਵਿਕਤਾ ਗੁਆ ਬਹਿੰਦੀ ਹੈ। ਇਸ ਪੱਖੋਂ ਕੁਲਦੀਪ ਦੇ ਇਸ ਕਾਵਿ ਸੰਗ੍ਰਹਿ 'ਚ ਵਰਤੇ ਕੁਝ ਅਜਿਹੇ ਸ਼ਬਦ:

ਜਿਵੇਂ ਕਿ, ਉਦਘੋਸ਼ਕਾਰ, ਦਿਨਚਰਜਾ, ਅਨਵੇਸ਼ਕ, ਆਭਾ-ਵਿਹੀਨ ਸੁਮਨ, ਬੋਧ-ਅਨੁਭੂਤੀ, ਪਰੀਚਿਤ, ਅਜਨਬੀਕ੍ਰਿਤ, ਸਵੀਕ੍ਰਿਤ, ਅਫ਼ਸੁਰਦਾਦਿਲੀ, ਉਦਗਮ ਚਲਨ ਵਿਲਯ... ਆਦਿ ਪੁਨਰ ਝਾਤ ਦੀ ਮੰਗ ਕਰਦੇ ਹਨ। ਕੋਸ਼ਿਸ਼ ਕਰਿਆਂ ਇਨ੍ਹਾਂ ਦੇ ਢੁਕਵੇਂ ਬਦਲ ਠੇਠ/ਟਕਸਾਲੀ ਪੰਜਾਬੀ ਬੋਲੀ/ਭਾਸ਼ਾ 'ਚੋਂ ਜ਼ਰੂਰ ਲੱਭੇ ਜਾ ਸਕਦੇ ਹਨ।


ਇਸ ਕਾਵਿ-ਸੰਗ੍ਰਹਿ 'ਚ ਸ਼ਾਮਿਲ ਕਵਿਤਾ 'ਤੂੰ ਆ ਜਾਂਦੀ ਤਾਂ' ਮਾਦਾ ਭਰੂਣ ਹੱਤਿਆ 'ਤੇ ਲਿਖੀ ਬੇਹਤਰੀਨ ਕਵਿਤਾ ਹੈ। ਮੇਰਾ ਬਿਰਛ, ਓਟ, ਸਹਿਜ, ਜ਼ਰੂਰੀ ਹੈ, ਸਤਰੰਗੀ, ਅਸੀਂ, ਨਵੀਂ ਭੂਮਿਕਾ ਵਿੱਚ, ਸਾਂਝ, ਸੱਚ ਅੰਬਰ ਦੀਆਂ ਕੁਝ ਹੋਰ ਹਾਸਿਲ-ਏ-ਕਾਵਿ ਕਵਿਤਾਵਾਂ ਹਨ।

ਬੜਾ ਜ਼ਰੂਰੀ ਹੈ ਇਕਾਂਤ ਜੀਣ ਲਈ
ਉਸ ਤੋਂ ਵੱਧ ਥੀਣ ਲਈ
ਜ਼ਰੂਰੀ ਹੈ ਇਕੱਲੇ ਰਹਿ ਕੇ
ਅੱਗੋਂ ਦੇ ਇੰਤਜ਼ਾਰ ਤੇ ਪਿੱਛੇ ਦੀ ਪੁਕਾਰ ਨੂੰ
ਸਾਖੀ-ਭਾਵ ਨਾਲ ਵੇਖਣਾ।
ਬਾਹਰਲੀ ਭੀੜ ਨੂੰ ਪਰ੍ਹਾਂ ਧਕੇਲ
ਆਪੇ ਦੀ ਅੰਤ੍ਰੀਵਤਾ ਵਿੱਚ ਲਹਿ ਜਾਣਾ
ਹਰ ਨਵੀਂ ਤਿਆਰੀ ਲਈ... ਸਭ ਨਾਲ ਜੁੜੇ ਰਹਿ ਕੇ ਵੀ
ਨਿੱਕਾ ਜਿਹਾ ਇਕਾਂਤ ਬਣਾਉਣਾ... ਬੜਾ ਜ਼ਰੂਰੀ ਹੈ। (ਪੰਨਾ 65)

ਨਿਰਸੰਦੇਹ, ਕੁਲਦੀਪ ਕੌਰ ਪਾਹਵਾ ਦਾ ਇਹ ਸਾਕਸ਼ੀ ਭਾਵ ਵਾਲੀ ਕਵਿਤਾ ਦਾ 'ਸੱਚ ਅੰਬਰ' ਪੰਜਾਬੀ ਕਵਿਤਾ ਵਿੱਚ ਇਕ ਵਿਲੱਖਣ ਤੇ ਮਾਣਯੋਗ ਵਾਧਾ ਹੈ, ਅਤੇ ਉਸਦਾ ਹਾਸਿਲ ਵੀ।

# ਮੈਂ ਨੀਲ ਕਰਾਈਆਂ ਨੀਲਕਾਂ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਭਾਰਤੀ ਭਾਸ਼ਾਵਾਂ ਦੇ ਸ਼ਬਦਾਂ ਵਿਚ ਰੁਚੀ ਰੱਖਣ ਵਾਲੇ ਕੋਈ ਦੋ ਕੁ ਦਰਜਨ ਵਿਦਵਾਨਾਂ ਨੇ 'ਸ਼ਬਦ ਚਰਚਾ' ਨਾਂ ਦਾ ਇੱਕ ਗੂਗਲ ਗਰੁੱਪ ਬਣਾਇਆ ਹੈ ਜਿਸ ਵਿਚ ਵਧੇਰੇ ਕਰਕੇ ਕਿਸੇ ਇੱਕ ਸ਼ਬਦ ਨੂੰ ਲੈ ਕੇ ਇਸ ਦੀ ਵਿਉਤਪਤੀ ਬਾਰੇ ਵਿਚਾਰ-ਵਟਾਂਦਰਾ ਹੁੰਦਾ ਹੈ। ਮੈਥੋਂ ਸਿਵਾ ਇਸ ਦੇ ਸਾਰੇ ਮੈਂਬਰ ਹਿੰਦੀ ਭਾਸ਼ੀ ਹਨ ਪਰ ਲਗਭਗ ਸਾਰੇ ਪੰਜਾਬੀ ਸਮਝਦੇ ਹਨ। ਵਿਉਤਪਤੀ ਵਿਸ਼ਾ ਏਨਾ ਜਟਿਲ ਹੈ ਕਿ ਹਰ ਕਿਸੇ ਲਈ ਇਸ ਦੇ ਅਨੇਕ ਪੱਖਾਂ ਨੂੰ ਹਰ ਪਰਿਪੇਖ ਤੋਂ ਦੇਖਣਾ ਸਮਝਣਾ ਅਸੰਭਵ ਜਿਹਾ ਹੁੰਦਾ ਹੈ ਇਸ ਲਈ ਕਈ ਵਾਰੀ ਕਿਸੇ ਸ਼ਬਦ ਜਾਂ ਵਿਸ਼ੇ ਵਿਸ਼ੇਸ਼ ਬਾਰੇ ਚਰਚਾ ਦੌਰਾਨ ਅਨਪੜ੍ਹਾਂ ਜਿਹੀਆਂ ਹਾਸੋਹੀਣੀਆਂ ਗੱਲਾਂ ਵੀ ਹੋ ਜਾਂਦੀਆਂ ਹਨ। ਇਹ 2011 ਦੀ ਗੱਲ ਹੈ ਕਿ ਇੱਕ ਦਿਨ ਈ-ਸਵਾਮੀ ਨਾਮੀ ਸੱਜਣ ਨੇ ਚਰਚਾ ਹਿਤ ਪੰਜਾਬੀ ਵਿਚ ਰਚੀ ਹੇਠ ਲਿਖੀ ਤੁਕ ਸਾਹਮਣੇ ਰੱਖੀ,

ਮੈਂ ਨੀਲ ਕਰਾਈਆਂ ਨੀਲਕਾਂ, ਮੇਰਾ ਤਨ ਮਨ ਨੀਲੋ ਨੀਲ।
ਮੈਨੂੰ ਹਿਜਰ ਦੀ ਸੂਲੀ ਚਾੜ੍ਹਿਆ, ਮੇਰੀ ਇਕ ਨਾ ਸੁਣੀ ਜ਼ਲੀਲ।

ਉਸ ਦਾ ਸਵਾਲ ਸੀ ਕਿ ਇਸ ਤੁਕ ਵਿਚ 'ਪਹਿਲੀ ਲਾਈਨ ਬਊਂਸਰ ਨਿਕਲ ਗਈ ਹੈ, ਕਿਰਪਾ ਕਰਕੇ ਭਾਵਅਰਥ ਸਪੱਸ਼ਟ ਕਰੋ'। ਮੈਂ ਮਸਲਾ ਪੜ੍ਹਿਆ ਪਰ ਮੇਰੇ ਕੁਝ ਪਿੜ ਪੱਲੇ ਨਾ ਪਿਆ ਹੋਣ ਕਰਕੇ ਘੇਸਲ ਵੱਟ ਰੱਖੀ। ਨਾਲੇ ਮੈਨੂੰ ਪਤਾ ਸੀ ਕਿ ਪੰਜਾਬੀ ਹੋਣ ਦੇ ਨਾਤੇ ਸਾਰੇ ਮੇਰੇ ਵੱਲ ਤੱਕਣਗੇ। ਮੈਂ ਅੰਦਰਖਾਤੇ ਕੁਝ ਪੰਜਾਬੀ ਦੇ ਲੇਖਕਾਂ ਨੂੰ ਈਮੇਲ ਕਰ ਕੇ ਇਸ ਤੁਕ ਦੇ ਅਰਥ ਪੁੱਛੇ ਪਰ ਸਭ ਭੁੰਨ ਵੱਟਾ ਸਾਬਿਤ ਹੋਏ। ਤੇ ਹੋਇਆ ਓਹੀ ਜਿਸ ਦਾ ਡਰ ਸੀ। ਕਾਫੀ ਸਮਾਂ ਬੀਤਣ ਉਪਰੰਤ ਅਜਿਤ ਵਡਨੇਰਕਰ ਨੇ ਮੇਰੇ 'ਤੇ ਭਾਰ ਸੁੱਟਦਿਆਂ ਚੁੱਪ ਤੋੜੀ, "ਓ ਬਲਜੀਤ ਪ੍ਰਾਜੀ ਤੁਸੀਂ ਕਿੱਥੇ ਓ"? ਗੈਰ-ਪੰਜਾਬੀ ਸਾਡੀਆਂ ਟੋਨਾਂ ਵਾਲੀਆਂ ਘ, ਝ, ਢ, ਧ, ਭ ਧੁਨੀਆਂ ਬੋਲ ਨਹੀਂ ਸਕਦੇ ਤੇ ਸੁਣਦੇ ਵੀ ਆਪਣੇ ਹਿਸਾਬ ਨਾਲ ਹੀ ਹਨ, ਇਸ ਲਈ ਭਰਜੀ ਨੂੰ ਪ੍ਰਾਜੀ ਉਚਾਰਦੇ ਹਨ।...ਗਲ ਵਿਚ ਢੋਲ ਪੈ ਜਾਣ ਕਰਕੇ ਮੇਰੇ ਤਾਂ ਭਾਅ ਦੀ ਬਣ ਗਈ। ਮੈਂ ਨਾ ਤਾਂ ਕਦੇ ਇਹ ਤੁਕ ਸੁਣੀ ਸੀ ਤੇ ਨਾ ਹੀ ਇਸ ਦਾ ਗਾਇਣ। ਪਾਕਿਸਤਾਨੀ ਗਾਇਕੀ ਮੈਨੂੰ ਚੰਗੀ ਤਾਂ ਲਗਦੀ ਹੈ ਪਰ ਸਾਰੇ ਗਾਉਣ ਵਜਾਉਣ ਤਾਂ ਨਹੀਂ ਨਾ ਕੋਈ ਸੁਣ ਸਕਦਾ। ਉਦੋਂ ਹਫੜਾ-ਦਫੜੀ ਵਿਚ ਆਪਣੀ ਜਾਨ ਛੁਡਾਉਣ ਖਾਤਿਰ ਜੋ ਸੁਝਿਆ ਮੈਂ ਹਿੰਦੀ ਵਿਚ ਝਰੀਟ ਮਾਰਿਆ ਜਿਸ ਦਾ ਪੰਜਾਬੀ ਉਲੱਥਾ ਕੁਝ ਇਸ ਤਰ੍ਹਾਂ ਹੈ, "ਮੈਨੂੰ ਨੀਲਕਾਂ ਸ਼ਬਦ ਤੋਂ ਦਿੱਕਤ ਹੈ, ਮੈਂ ਕਦੇ ਸੁਣਿਆ ਨਹੀਂ, ਮੇਰਾ ਤੁੱਕਾ ਹੈ ਕਿ ਇਹ ਨੀਲਾ ਕਾਂ ਹੋ ਸਕਦਾ ਹੈ। ਏਥੇ ਇਹ ਕਿਸੇ ਜ਼ਾਲਿਮ ਪ੍ਰੇਮੀ ਦਾ ਪ੍ਰਤੀਕ ਬਣਦਾ ਹੈ ਜਿਵੇਂ ਇਹ ਕਿਸੇ ਪਸ਼ੂ ਤੇ ਬੈਠਾ ਉਸ ਦੇ ਕੰਨੂੰ ਨੋਚਦਾ ਰਹਿੰਦਾ ਹੈ। ਸੋ ਮੇਰੀ ਸਮਝ ਅਨੁਸਾਰ ਵਿਯੋਗ ਪੀੜਤ ਪ੍ਰੇਮਿਕਾ ਕਹਿ ਰਹੀ ਹੈ ਕਿ ਜ਼ਾਲਿਮ 'ਨੀਲਕਾਂ' (ਨੀਲਾ ਕਾਂ) ਦੇ ਵਿਯੋਗ ਦੀ ਪੀੜਾ ਨੇ ਮੇਰਾ ਤਨ-ਮਨ ਨੀਲਾ ਕਰ ਦਿੱਤਾ ਹੈ, ਬਹੁਤ ਚੋਟਾਂ ਲੱਗਣ ਨਾਲ ਸਰੀਰ ਉਤੇ ਨੀਲ ਪੈ ਜਾਂਦੇ ਹਨ, ਪੰਜਾਬੀ ਵਿਚ ਨੀਲੋ-ਨੀਲ ਹੋਣਾ ਕਿਹਾ ਜਾਂਦਾ ਹੈ। ਪ੍ਰੇਮੀ ਦੀ ਰੁਸਵਾਈ ਨੇ ਮੈਨੂੰ ਇਸ ਕਦਰ ਜ਼ਲੀਲ ਕਰ ਰੱਖਿਆ ਹੈ ਕਿ ਮਾਨੋ ਮੈਂ ਹਿਜਰ ਦੀ ਸੂਲੀ 'ਤੇ ਚੜ੍ਹੀ ਹੋਵਾਂ...। ਨੀਲਕਾਂ ਦੇ ਬਾਰੇ ਜਦ ਹੋਰ ਪਤਾ ਲੱਗੇ ਮੈਂ ਜ਼ਰੂਰ ਦੱਸਾਂਗਾ"। ਇਹ ਹੁਣ ਉਲ-ਜਲੂਲ ਜਾਪਦੀ ਵਿਆਖਿਆ ਪਰੋਸ ਕੇ ਮੈਂ ਖਹਿੜਾ ਛੁਡਾਉਣ ਦੀ ਕੀਤੀ ਹਾਲਾਂ ਕਿ ਨੀਲੇ ਰੰਗ ਦਾ ਕੋਈ ਕਾਂ ਘੱਟੋ-ਘੱਟ ਪੰਜਾਬ ਵਿਚ ਨਹੀਂ ਦੇਖਿਆ ਸੁਣਿਆ। ਹਾਂ, ਅਕਸਰ ਹੀ ਗੂੜ੍ਹੇ ਕਾਲੇ ਰੰਗ ਦੇ ਬੰਦਿਆਂ ਨੂੰ ਨੀਲਾ ਕਹਿ ਦਿੱਤਾ ਜਾਂਦਾ ਹੈ।

ਹੋਰਨਾਂ ਨੂੰ ਮੇਰੀ ਉਪਰੋਕਤ ਵਿਆਖਿਆ ਕੁਝ ਜੱਚਣ ਲੱਗ ਪਈ ਜਿਸਦਾ ਸਬੂਤ ਰੰਗਨਾਥ ਸਿੰਘ ਦੀ ਇਹ ਟਿੱਪਣੀ ਸੀ,"ਤੁਹਾਡੇ ਦਿੱਤੇ ਅਰਥ ਪਿਛੋਂ ਲੱਗ ਰਿਹਾ ਹੈ ਕਿ ਕ੍ਰਿਸ਼ਨ ਜਾਂ ਰਾਮ ਸਰੀਖੇ ਨੀਲੇ ਬਦਨ ਵਾਲੇ ਪ੍ਰੇਮੀ ਨੂੰ ਵੀ ਕਿਹਾ ਜਾ



ਸਕਦਾ ਹੈ, ਕੈਲੰਡਰਾਂ ਅਤੇ ਪੋਸਟਰਾਂ ਵਿਚ ਇਨ੍ਹਾਂ ਨੂੰ ਨੀਲੇ ਬਦਨ ਵਾਲਾ ਹੀ ਦਿਖਾਇਆ ਜਾਂਦਾ ਹੈ"। ਇਸ ਦੇ ਨਾਲ ਹੀ ਪ੍ਰਬੁੱਧ ਨਿਰੁਕਤਕਾਰ ਅਜਿਤ ਵਡਨੇਰਕਰ ਨੇ ਨੁੱਚ੍ਹ ਲਾਉਂਦਿਆਂ ਆਪਣੇ ਬਲਾਗ ਦੀ ਇੱਕ ਪੋਸਟ ਪੜ੍ਹਨ ਲਈ ਪਰੇਰਿਆ ਜਿਸ ਵਿਚ ਉਸ ਨੇ 'ਨੀਲਾ' ਸ਼ਬਦ ਦੀ ਵਿਉਤਪਤੀ 'ਤੇ ਚਾਨਣਾ ਪਾਇਆ ਸੀ। ਇਸ ਅਨੁਸਾਰ ਇਸ ਸ਼ਬਦ ਦਾ ਸੰਸਕ੍ਰਿਤ ਧਾਤੂ *ਨੀਲ ਹੈ ਤੇ ਸੰਸਕ੍ਰਿਤ ਵਿਚ ਇਸ ਦਾ ਅਰਥ ਨੀਲਾ ਹੋਣ ਦੇ ਨਾਲ-ਨਾਲ ਕਾਲਾ ਅਤੇ ਸੁਰਮਈ ਵੀ ਹੈ। ਸੁਰਮੇ ਨੂੰ ਇਸੇ ਲਈ ਨੀਲਾਂਜਨਾ ਕਿਹਾ ਜਾਂਦਾ ਹੈ। ਸੰਸਕ੍ਰਿਤ ਵਿਚ ਘਣੇ ਕਾਲੇ ਬੱਦਲ ਨੂੰ ਨੀਲਾਭ੍ਰ ਕਿਹਾ ਜਾਂਦਾ ਹੈ। ਨੀਲ ਦੇ ਪੌਦੇ ਨੂੰ ਨੀਲਿਕਾ ਕਹਿੰਦੇ ਹਨ। ਇਸ ਤੋਂ ਬਣਦੇ ਹੋਰ ਸ਼ਬਦ ਹਨ: ਨੀਲਮ, ਨੀਲਕਾਂਤ, ਨੀਲਮਣੀ (ਇਕ ਰਤਨ), ਨੀਲੋਫਰ, ਨੀਲਾਥੋਥਾ, ਨੀਲਗਿਰੀ ਆਦਿ। ਇਹ ਗੱਲ ਵੀ ਸਾਹਮਣੇ ਆਈ ਕਿ ਪੰਜਾਬੀ ਸਮੇਤ ਕਈ ਭਾਸ਼ਾਵਾਂ ਵਿਚ ਨੀਲਾ ਨੂੰ ਲੀਲਾ ਵੀ ਉਚਾਰਦੇ ਹਨ। ਲਲਾਰੀ ਸ਼ਬਦ ਦਾ ਮੁਢਲਾ ਅਰਥ ਨੀਲ ਦੇਣ ਵਾਲਾ (ਨਿਲਾਰੀ) ਹੈ। ਲ ਅਤੇ ਨ ਧੁਨੀਆਂ ਆਪੋ ਵਿਚ ਵਟ ਜਾਂਦੀਆਂ ਹਨ ਮਿਸਾਲ ਵਜੋਂ ਲੂਣ/ਨੂਣ, ਲੰਬੜਦਾਰ/ਨੰਬਰਦਾਰ, ਲੰਘਣਾ/ਨੰਘਣਾ।

ਮੇਰੀ ਜਾਨ ਛੁੱਟੀ ਲਗਦੀ ਸੀ ਕਿ ਮੈਂ ਯੂਟਿਊਬ 'ਤੇ ਸਬੰਧਿਤ ਗਾਣਾ ਸੁਣਨ ਲੱਗ ਪਿਆ। ਪਤਾ ਲੱਗਾ ਕਿ ਸ਼ਬਦ ਨੀਲਕਾਂ ਨਹੀਂ ਨੀਲਖਾਂ ਹੈ। ਮੈਨੂੰ ਹੁਣ ਯਾਦ ਨਹੀਂ ਇਹ ਕਿਸਦਾ ਗਾਇਆ ਸੀ, ਹੁਣ ਉਹ ਯੂਟਿਊਬ 'ਤੇ ਉਪਲਬਧ ਵੀ ਨਹੀਂ। ਮੈਂ ਦੱਸਣ ਦੀ ਕੋਸ਼ਿਸ਼ ਕੀਤੀ ਕਿ ਪੰਜਾਬੀ ਵਿਚ ਕਿਸੇ ਰੰਗ ਦੇ ਨਾਂ ਪਿੱਛੇ ਖ ਧੁਨੀ ਲੱਗਣ ਨਾਲ ਇਕ ਹੋਰ ਸ਼ਬਦ ਬਣ ਜਾਂਦਾ ਹੈ ਜਿਵੇਂ ਚਿੱਟਾ ਤੋਂ ਚਿਟਾਖ, ਕਾਲਾ ਤੋਂ ਕਾਲਖ। ਇਸੇ ਤਰ੍ਹਾਂ ਨੀਲਾ ਤੋਂ ਨੀਲਖ ਬਣਿਆ ਜਿਸ ਦਾ ਬਹੁਵਚਨ ਹੋਇਆ ਨੀਲਖਾਂ। ਪਰ ਅਰਥ ਉਹੀ ਰਿਹਾ ਅਰਥਾਤ ਸਰੀਰ ਵਿਚ ਕੁੱਟ ਕਾਰਨ ਪਈਆਂ ਨੀਲਖਾਂ। ਇਸ ਸ਼ਬਦ ਦੀ ਬਹੁਤੀ ਵਰਤੋਂ ਲਹਿੰਦੇ ਪੰਜਾਬ ਵਿਚ ਹੁੰਦੀ ਹੈ। ਸਾਰੇ ਮੇਰੀ ਵਿਦਵਤਾ ਤੋਂ ਪ੍ਰਭਾਵਤ ਹੋਏ ਪਰ ਮੈਂ ਆਪਣੀ ਬੁੱਕਲ ਵਿਚ ਹੱਸ ਰਿਹਾ ਸਾਂ।

ਪਿਛਲੇ ਦਿਨੀਂ 13 ਸਾਲ ਪਿਛੋਂ ਸਬੰਧਤ ਤੁਕ ਦੇ ਕੁਝ ਹੋਰ ਹੀ ਵੱਖਰੇ ਪਰ ਪੁਖਤਾ ਜਾਪਦੇ ਅਰਥ ਮੇਰੇ ਸਾਹਮਣੇ ਆਏ ਹਨ ਤੇ ਉਹ ਵੀ ਪਾਕਿਸਤਾਨੀ ਪੰਜਾਬ ਵਲੋਂ। ਪਾਕਿਸਤਾਨ ਦੇ ਦੋ ਪੰਜਾਬੀ ਪ੍ਰੇਮੀ ਵਿਦਵਾਨ ਜਨਾਬ ਜਾਵੇਦ ਅਕਰਮ ਅਤੇ ਜਨਾਬ ਅਹਿਸਾਨ ਬਾਜਵਾ ਪੰਜਾਬੀ ਬੋਲੀ ਦੇ ਵਧਾਵੇ ਲਈ 'ਮੇਲਾ ਟੀਵੀ' ਨਾਂ ਦਾ ਇੱਕ ਯੂਟਿਊਬ ਚੈਨਲ ਚਲਾਉਂਦੇ ਹਨ ਜਿਸ ਦਾ ਆਗਾਜ਼ ਉਹ ਅੱਜ-ਕਲ੍ਹ ਬਹੁਤ ਵੱਜਦਾ ਲੋਕ ਗੀਤ 'ਚੱਲ ਮੇਲੇ ਨੂੰ ਚੱਲੀਏ' ਦੇ ਬੋਲਾਂ ਨਾਲ ਕਰਦੇ ਹਨ। ਇਸ ਵਿਚ ਉਹ ਆਮ ਤੌਰ 'ਤੇ ਪੰਜਾਬੀ ਮੁਹਾਵਰੇ, ਅਖਾਣਾਂ, ਲੋਕ ਗੀਤਾਂ ਤੇ ਕਦੇ-ਕਦੇ ਪੰਜਾਬੀ ਅਦਬ ਤੇ ਪੰਜਾਬੀ ਰਹਿਤਲ ਦੇ ਹੋਰ ਪੱਖਾਂ ਦੀ ਚਰਚਾ ਕਰਦੇ ਹਨ। ਉਹ ਗੱਲਬਾਤ ਠੇਠ ਪੰਜਾਬੀ ਵਿਚ ਕਰਦੇ ਹਨ ਪਰ ਵਿਚ ਤਕਨੀਕੀ ਭਾਸ਼ਾ ਅਰਬੀ ਫਾਰਸੀ ਵਾਲੀ ਹੁੰਦੀ ਹੈ। ਅਗਲੀਆਂ ਸਤਰਾਂ ਮੈਂ ਉਨ੍ਹਾਂ ਦੀ ਹੀ ਸ਼ੈਲੀ ਵਿਚ ਲਿਖਣ ਦੀ ਕੋਸ਼ਿਸ਼ ਕਰਦਾ ਹਾਂ। ਪ੍ਰੋਗਰਮ ਦੌਰਾਨ ਦਰਸ਼ਕਾਂ ਵਲੋਂ ਭਿਜਵਾਏ ਸਵਾਲ ਜਨਾਬ ਜਾਵੇਦ ਸੁਣਾਉਂਦੇ ਹਨ ਤੇ ਜਨਾਬ ਅਹਿਸਾਨ ਬਾਜਵਾ ਇਸ ਦਾ ਤਰਜਮਾ ਅਤੇ ਸ਼ਰਹ (ਵਿਆਖਿਆ) ਕਰਦੇ ਹਨ। ਮੈਂ ਜਿਸ ਦਿਨ ਇਹ ਚੈਨਲ ਸੁਣਿਆ ਉਸ ਦਿਨ 'ਨੀਲ ਕਰਾਈਆਂ' ਵਾਲੀ ਲਫਜ਼ੀ ਤਰਕੀਬ 'ਤੇ ਹੀ ਸਵਾਲ ਜਵਾਬ ਹੋ ਰਹੇ ਸਨ ਪਰ ਇਸ ਦੀ ਤਬਦੀਲੇ ਸੂਰਤ ਕੁਝ ਅਲੱਗ ਸੀ ਜੋ ਇਸ ਤਰ੍ਹਾਂ ਹੈ,

ਮੈਂ ਨੀਲ ਕਰਾਈਆਂ ਨੀਲਕਾਂ, ਮੇਰਾ ਤਨ ਮਨ ਨੀਲੋ ਨੀਲ।
ਮੈਂ ਸੌਦੇ ਕੀਤੇ ਦਿਲਾਂ ਦੇ, ਵਿਚ ਧਰ ਲਏ ਨੈਣ ਵਕੀਲ।

ਬਾਜਵਾ ਸਾਹਿਬ ਵਲੋਂ ਮਜ਼ਮੂਨ ਦੇ ਤੁਆਰਫ ਦੌਰਾਨ ਸਭ ਤੋਂ ਪਹਿਲਾਂ ਇਹ ਰਾਜ਼ ਖੁੱਲ੍ਹਿਆ ਕਿ ਇਹ ਸੱਦ ਪੀਲੂ ਦੇ ਕਿੱਸੇ ਮਿਰਜ਼ਾ ਸਾਹਿਬਾਂ ਵਿਚੋਂ ਹੈ। ਇਹ ਟੁੱਟਵਾਂ ਜਿਹਾ ਕਿੱਸਾ ਰਿਚਰਡ ਟੈਂਪਲ ਦੀ ਪੁਸਤਕ 'ਲੈਜੈਂਡਜ਼ ਆਫ ਪੰਜਾਬ' ਵਿਚ ਦਰਜ ਹੈ ਤੇ ਇਸ ਦਾ ਮਤਨ ਕਿਸੇ ਜਲੰਧਰ ਦੇ ਮਰਾਸੀ ਦੁਆਰਾ ਸੁਣਾਇਆ ਗਿਆ ਸੀ। ਇਹ ਕਿੱਸਾ ਮੈਂ ਪੜ੍ਹਿਆ ਤਾਂ ਜ਼ਰੂਰ ਹੈ ਪਰ ਉਸ ਵਿਚ ਅਜਿਹੀ ਸੱਦ ਕਦੇ ਨਹੀਂ ਸੀ ਮਾਲੂਮ ਹੋਈ। ਸ਼ਾਇਦ ਅਹਿਸਾਨ ਬਾਜਵਾ ਦੀ ਮਿਰਜ਼ਾ ਸਾਹਿਬਾਂ ਬਾਰੇ ਲਿਖੀ ਕਿਤਾਬ ਵਿਚੋਂ ਹੋਰ ਵੇਰਵੇ ਮਿਲ ਸਕਣ। ਬਾਜਵਾ ਹੁਰਾਂ ਦੱਸਿਆ ਕਿ ਮਿਰਜ਼ਾ ਸਾਹਿਬਾਂ ਸਕੇ ਮਾਮੇ ਫੁੱਫੇ ਦੇ ਬੱਚੇ ਸਨ ਤੇ ਉਨ੍ਹਾਂ ਦੀ ਬਚਪਨ ਵਿਚ ਹੀ ਮੰਗਣੀ ਹੋ ਗਈ ਸੀ। ਇਸਲਾਮ ਅਜਿਹੇ ਰਿਸ਼ਤੇ ਨੂੰ ਜਾਇਜ਼ ਠਹਿਰਾਉਂਦਾ ਹੈ। ਪੁਰਾਣੇ ਪੰਜਾਬ ਦੇ ਰਿਵਾਜ ਮੁਤਾਬਕ ਜੰਮਦੀ ਕੁੜੀ ਦੇ ਕੰਨਾਂ ਦੀ ਲੌਲ ਬਿੰਧ ਕੇ ਮਾੜੇ ਲੋਕ ਚਾਂਦੀ ਦੀ ਤੇ ਤਕੜੇ ਸੋਨੇ ਦੀ ਤਾਰ ਪਾ ਛੱਡਦੇ ਸਨ ਤਾਂ ਜੋ ਵਿੰਨ੍ਹਿਆਂ ਕੰਨ ਬੰਦ ਨਾ ਹੋ ਜਾਵੇ। ਮੰਗਣੀ ਸਮੇਂ ਕੁੜੀ ਦੀ ਹੋਣ ਵਾਲੀ ਸੱਸ, ਭਰਜਾਈ ਜਾਂ ਨਣਾਨ ਨੀਲੇ ਰੰਗ ਦੇ ਮੋਤੀ ਲੈ ਕੇ ਆਉਂਦੀਆਂ ਸਨ ਤੇ ਕੁੜੀ ਦੇ ਕੰਨਾਂ ਵਿਚੋਂ ਆਪਣੇ ਹੱਥੀਂ ਤਾਰਾਂ ਖੋਲ੍ਹ ਕੇ ਨੀਲੇ ਰੰਗ ਦੇ ਇਹ ਮੋਤੀ (ਹੋਰ ਜਾਣਕਾਰੀ ਅਨੁਸਾਰ ਨੀਲਾ ਧਾਗਾ ਵੀ) ਪਰੋ ਕੇ ਤੇ ਮਰੋੜੀ ਦੇ ਕੇ ਪਾ ਦਿੰਦੇ ਸਨ। ਫਿਰ ਕਹਿੰਦੇ ਸਨ ਕਿ ਇਹ ਕੁੜੀ ਹੁਣ ਸਾਡੀ ਅਮਾਨਤ ਹੋ ਗਈ ਹੈ, ਇਹ ਨੀਲਕ ਹੋ ਗਈ ਹੈ, ਇਸ ਦੀਆਂ ਨੀਲਕਾਂ ਹੋ ਗਈਆਂ ਹਨ। ਇਸ ਮੌਕੇ ਦੋ ਗਵਾਹ ਵੀ ਨਾਲ ਲਿਜਾਏ ਜਾਂਦੇ ਸਨ। ਇਹ ਕਿਹਾ ਜਾਂਦਾ ਸੀ ਕਿ ਕੰਨ ਵਿਚ ਨੀਲੇ ਮੋਤੀ ਪਾਈ ਮੰਗੀ ਕੁੜੀ ਹੁਣ ਨੀਲਕ ਪਰੀ ਹੋ ਗਈ ਹੈ। ਨੀਲੇ ਮੋਤੀ ਪਾਈ ਕੁੜੀ ਵਲੋਂ ਬਾਹਰ ਅੰਦਰ ਜਾਂਦਿਆਂ ਲੋਕਾਂ ਨੂੰ ਪਤਾ ਲਗਦਾ ਸੀ ਕਿ ਇਹ ਕੁੜੀ ਹੁਣ ਕਿਸੇ ਦੀ ਮੰਗ ਹੋ ਚੁੱਕੀ ਹੈ, ਹੁਣ ਇਹ ਕਿਸੇ ਦੀ ਅਮਾਨਤ ਹੈ, ਇਹ ਰਿਸ਼ਤਾ ਪੱਕਾ ਹੋ ਗਿਆ ਹੈ, ਹੋਰ ਕਿਸੇ ਨੂੰ ਨਹੀਂ ਮੰਗਣਾ ਚਾਹੀਦਾ। ਬਾਜਵਾ ਸਾਹਿਬ ਨੇ ਇਹ ਗੱਲ ਜ਼ੋਰ ਦੇ ਕੇ ਦੱਸੀ ਕਿ ਉਨ੍ਹਾਂ ਦਿਨਾਂ ਵਿਚ ਮੰਗਣੀ ਹੀ ਵਿਆਹ ਸਮਝੀ ਜਾਂਦੀ ਸੀ, ਮੰਗਣੀ ਟੁੱਟ ਨਹੀਂ ਸੀ ਸਕਦੀ ਭਾਵੇਂ ਕਿ ਵਿਆਹ ਪਿਛੋਂ ਤਲਾਕ ਹੋ ਸਕਦਾ ਸੀ।

ਸੋ ਚਰਚਾ ਵਿਚ ਆਏ ਸ਼ਿਅਰ ਵਿਚ ਸਾਹਿਬਾਂ ਮਿਰਜ਼ੇ ਨੂੰ ਕਹਿ ਰਹੀ ਹੈ ਕਿ ਮੇਰੀਆਂ ਨੀਲਕਾਂ ਹੋ ਗਈਆਂ ਹਨ, ਤੇਰੇ ਪਿਆਰ ਵਿਚ ਮੈਂ ਨੀਲੋ ਨੀਲ ਹੋ ਗਈ ਹਾਂ। ਪਰ ਏਥੇ ਦੋ ਵਕੀਲ ਵਿਅਕਤੀ ਨਹੀਂ ਬਲਕਿ ਦੋ ਨੈਣ ਹਨ ਜੋ ਪਿਆਰ ਸਬੰਧ ਦੇ ਗਵਾਹ ਹਨ। ਇਸ ਤਰ੍ਹਾਂ ਨੀਲਕਾਂ ਦਾ ਬਹੁਵਚਨ ਨੀਲਕਾਂ ਇੱਕ ਤਰ੍ਹਾਂ ਰਸਮ ਸਮਝੀ ਜਾ ਸਕਦੀ ਹੈ ਜਿਸ ਵਿਚ ਕੁੜੀ ਦੇ ਨੀਲੇ ਰੰਗ ਦੇ ਮੋਤੀ ਪਹਿਨਾ ਕੇ ਵਿਆਹ ਦੀ ਪੱਕੀ ਠੱਕੀ ਕੀਤੀ ਜਾਂਦੀ ਸੀ। ਪੰਜਾਬੀ ਦੇ ਬਹੁਵਚਨ ਪ੍ਰਬੰਧ ਦੀ ਇਹ ਇੱਕ ਖਾਸੀਅਤ ਹੈ। ਧਿਆਨ ਦਿਓ ਮਾਈਆਂ ਸ਼ਬਦ। ਅੱਜ ਮੈਂ ਦਹਾਕੇ ਤੋਂ ਵੀ ਵੱਧ ਸਮਾਂ ਪਹਿਲਾਂ ਹਿੰਦੀ ਵਿਦਵਾਨਾਂ ਸਾਹਮਣੇ 'ਨੀਲਕਾਂ' ਦਾ ਅਰਥ 'ਨੀਲਾ ਕਾਂ' ਜਾਂ 'ਚੋਟਾਂ ਕਾਰਨ ਪਏ ਨੀਲੇ ਨਿਸ਼ਾਨ' ਦੱਸਣ ਵਾਲੀ ਗੱਲ 'ਤੇ ਆਪਣੇ ਆਪ ਵਿਚ ਖਸਿਆਨੀ ਹਾਸੀ ਹੱਸ ਰਿਹਾ ਹਾਂ। ਨਿਰੁਕਤ-ਸ਼ਾਸਤਰ ਇੱਕ ਨਿਰੰਤਰ ਵਿਸ਼ਾ ਹੈ, ਕਿਸੇ ਵੀ ਸ਼ਬਦ ਦੀ ਵਿਉਤਪਤੀ ਅੰਤਮ ਨਹੀਂ ਮੰਨੀ ਜਾਂਦੀ।

ਨੀਲਕ ਸ਼ਬਦ ਦੇ ਕੁਝ ਹੋਰ ਅਰਥ ਵੀ ਹਨ। ਨੀਲੇ ਰੰਗ ਦੇ ਖੱਦਰ ਉਤੇ ਪੀਲੇ, ਲਾਲ ਜਾਂ ਹੋਰ ਰੰਗਾਂ ਦੀ ਰੇਸ਼ਮ ਦੇ ਧਾਗਿਆਂ ਨਾਲ ਕਢਾਈ ਕਰ ਕੇ ਬਣਾਈ ਫੁਲਕਾਰੀ ਨੂੰ ਵੀ ਨੀਲਕ ਕਹਿੰਦੇ ਹਨ। ਘੋੜੇ ਲਈ ਵੀ ਨੀਲਕ ਸ਼ਬਦ ਮਿਲਦਾ ਹੈ, ਸ਼ਾਇਦ ਮੁਢਲੇ ਤੌਰ 'ਤੇ ਨੀਲਾ ਘੋੜਾ ਹੋਵੇ। ਪਾਕਿਸਤਾਨ ਦੇ ਕਈ ਗਾਇਕਾਂ ਜਿਵੇਂ ਆਰਿਫ ਲੋਹਾਰ, ਅਹਿਸਾਨ ਵੜੈਚ ਨੇ ਪੀਲੂ ਦੀ ਇਹ ਕਥਿਤ ਸੱਦ ਗਾਈ ਹੈ ਜੋ ਪਾਠਕ ਯੂਟਿਊਬ ਤੋਂ ਸੁਣ ਸਕਦੇ ਹਨ। ਪਾਕਿਸਤਾਨ ਦੀ ਹੀ ਇੱਕ ਵਧੀਆ ਕਵਿੱਤਰੀ ਨਸਰੀਨ ਅੰਜੁਮ ਭੱਟੀ ਨੇ 'ਨੀਲ ਕਰਾਈਆਂ ਨੀਲਕਾਂ' ਨਾਂ ਦੀ ਇੱਕ ਕਾਵਿ ਪੁਸਤਕ ਵੀ ਰਚੀ ਹੈ।

## ਜਸਵੰਤ ਸਿੰਘ ਕੰਵਲ

(ਪਿਛਲੇ ਸਫੇ ਦੀ ਬਾਕੀ)

ਪੈਰਾਂ ਨੂੰ ਖਿੱਚਦਿਆਂ ਆਪਣੇ ਆਪ ਨੂੰ ਬੰਦੂਕ ਦੀ ਨਾਲੀ ਅੱਗੇ ਕਰ ਦਿੱਤਾ। ਉਸ ਦੀਆਂ ਡੌਰ ਭੌਰੀਆਂ ਅੱਖਾਂ ਵਿਚ ਹੰਝੂ ਅਟਕੇ ਹੋਏ ਸਨ। ਉਹ ਇੱਕ ਟੱਕ ਦਿਆਲੇ ਵੱਲ ਦੇਖ ਰਹੀ ਸੀ। ਜਿਵੇਂ ਕਹਿ ਰਹੀ ਹੋਵੇ, ਮੈਨੂੰ ਤੇਰੇ ਕੋਲੋਂ ਇਹ ਆਸ ਨਹੀਂ ਸੀ, ਤੂੰ ਐਨਾ ਚੰਦਰਾ ਹੋਵੇਂਗਾ, ਮੇਰੇ ਨਾਲ ਇਉਂ ਕਰੇਂਗਾ? ਡਰਾਕਲ ਅਤੇ ਸ਼ੋਖ ਸ਼ਾਮੋ ਦਾ ਚਿਹਰਾ ਦਿਆਲੇ ਨੇ ਇਸ ਤਰ੍ਹਾਂ ਸਹਿਮਿਆ ਪਹਿਲਾਂ ਕਦੇ ਨਹੀਂ ਸੀ ਦੇਖਿਆ। ਬੰਦੂਕ ਫੜੀ ਦਿਆਲੇ ਦੇ ਹੱਥ ਕੰਬੀ ਜਾ ਰਹੇ ਸਨ। ਉਸ ਦੀਆਂ ਅੱਖਾਂ ਅੱਗੇ ਹਨ੍ਹੇਰਾ ਆ ਗਿਆ। ਉਸ ਇੱਕ ਪਲ ਆਪਣੇ ਅੰਦਰ ਝਾਤੀ ਮਾਰੀ, ਸ਼ਾਮੋ ਦਾ ਪਿਆਰ ਉਸ ਨੂੰ ਲਾਹਨਤਾਂ ਪਾ ਰਿਹਾ ਸੀ। ਸ਼ਾਮੋ ਦੇ ਖੁਸ਼ਕ ਗਲੇ ਵਿਚੋਂ ਬੋਲ ਨਹੀਂ ਸੀ ਨਿਕਲਦਾ। ਉਸ ਹਉਕੇ ਦੀ ਘੁੱਟ ਭਰ ਕੇ ਗਲ ਨੂੰ ਤਰ ਕਰਨ ਦਾ ਯਤਨ ਕੀਤਾ ਅਤੇ ਮਸਾਂ ਏਨਾ ਹੀ ਕਹਿ ਸਕੀ, "ਗੋ..ਅ..ਲੀ।"

ਦਿਆਲੇ ਨੇ ਨਰਮ ਪੈਂਦਿਆਂ ਆਖਿਆ, "ਸ਼ਾਮੋ ਆ ਚੱਲੀਏ, ਅੱਜ ਵੇਲਾ ਏ।"

ਸ਼ਾਮੋ ਨੇ ਆਪਣੀ ਚੁੰਨੀ ਨਾਲ ਹੰਝੂ ਪੂੰਝੇ ਅਤੇ ਭਰੇ ਗਲੇ ਵਿਚੋਂ ਤਰਲੇ ਹੁੰਦਿਆਂ ਬੋਲੀ, "ਦਿਆਲਿਆ! ਮੈਂ ਹੱਥ ਜੋੜਦੀ ਆਂ, ਤੂੰ ਜਾਹ ਤੇ ਛੇਤੀ ਮੁੜ ਜਾ।" ਸ਼ਾਮੋ ਨੇ ਆਜਜ਼ਾਂ ਵਾਂਗ ਹੱਥ ਜੋੜੇ ਹੋਏ ਸਨ। ਦਿਆਲੇ ਦੇ ਲੋਹੇ ਵਰਗੇ ਕਰੜੇ ਇਰਾਦੇ, ਸ਼ਾਮੋ ਦੀ ਮਾਸੂਮ ਬੇਬਸੀ ਅੱਗੇ ਢਲ ਕੇ ਪਾਣੀ ਹੋ ਗਏ। ਉਸ ਬੰਦੂਕ ਬਾਰੀ ਵਿਚੋਂ ਖਿੱਚ ਲਈ।

"ਤੇਰੀ ਮਰਜ਼ੀ!" ਦਿਆਲੇ ਨੇ ਇੱਕ ਲੰਮਾ ਹਉਕਾ ਲਿਆ, ਜਿਵੇਂ ਗੋਲੀ ਉਸ ਨੂੰ ਆ ਵੱਜੀ ਸੀ। ਉਹ ਪੌੜੀਆਂ ਉੱਤਰ ਆਇਆ। ਦਿਆਲੇ ਤੇ ਸ਼ਾਮੋ ਦੀ ਪ੍ਰੇਮ ਕਹਾਣੀ ਦਾ ਇਹ ਦੁਖਦਾਈ ਅੰਤ ਸੀ।

ਨਾਵਲ ਦੀ ਸਭ ਤੋਂ ਨਾਟਕੀ ਝਾਕੀ ਸ਼ਾਮੋ ਤੇ ਉਸ ਦੇ ਘਰ ਵਾਲੇ ਦਾ ਦਿਆਲੇ ਦੇ ਟਾਂਗੇ ਵਿਚ ਸਵਾਰ ਹੋਣਾ ਹੈ:

ਲੋਕ ਉਸ ਨੂੰ ਦਿਆਲੇ ਤੋਂ ਤਾਂਗੇ ਵਾਲਾ ਅਮਲੀ ਕਹਿਣ ਲੱਗ ਪਏ। ਇੱਕ ਦਿਨ ਉਹ ਮੋਗੇ ਤਾਂਗਿਆਂ ਦੇ ਅੱਡੇ ਨਿੱਤ ਵਾਂਗ 'ਮਹਿਣੇ ਚੱਲਣਾ ਬਈ ਕਿਸੇ ਮਹਿਣੇ' ਬੋਲ ਕੇ ਸਵਾਰੀਆਂ ਲੱਭ ਰਿਹਾ ਸੀ। ਕੋਟ ਪੈਂਟ ਪਾਈ ਇੱਕ ਗੱਭਰੂ ਨੇ ਉਸ ਨੂੰ ਪੁੱਛਿਆ, "ਮਹਿਣੇ ਦਾ ਸਾਲਮ ਤਾਂਗਾ ਚਾਹੀਦਾ ਏ।"

ਦਿਆਲੇ ਨੇ ਠੇਕੇਦਾਰ ਨੂੰ ਅੱਡੇ ਦਾ ਟੈਕਸ ਦਿੱਤਾ ਅਤੇ ਪਾਣੀ ਦੀ ਬਾਲਟੀ ਲਾਗਲੇ ਪੰਪ ਤੋਂ ਭਰ ਲਿਆਇਆ। ਘੋੜੇ ਨੇ ਪਾਣੀ ਪੀਤਾ। ਉਸ ਅੱਧੀ ਬਾਲਟੀ ਟਾਂਗੇ ਦੇ ਤਿੜਕਦੇ ਪਹੀਆਂ ਉਤੇ ਪਾ ਦਿੱਤੀ। ਜਿਉਂ ਹੀ ਬਾਲਟੀ ਪਿਛਲੇ ਪਾਸੇ ਟੰਗਦਿਆਂ ਉਸ ਜ਼ਨਾਨੀ ਸਵਾਰੀ ਨੂੰ ਤੱਕਿਆ, ਹੈਰਾਨ ਹੋ ਕੇ ਰਹਿ ਗਿਆ! ਸ਼ਾਮੋ ਕਿਥੋਂ ਆ ਗਈ? ਹੈਰਾਨੀ 'ਚ ਚੌੜੀਆਂ ਹੋਈਆਂ ਉਸ ਦੀਆਂ ਅੱਖਾਂ ਭੁਲੇਖੇ ਅਤੇ ਹਕੀਕਤ ਵਿਚਕਾਰ ਡੌਰ ਭੌਰ ਹੋ ਰਹੀਆਂ ਸਨ। ਉਸ ਦੀ ਹਾਲਤ ਵੇਖ ਕੇ ਸ਼ਾਮੋ ਅੰਦਰੇ ਅੰਦਰ ਰੋ ਪਈ। ਉਸ ਨੂੰ ਸੁਪਨੇ ਵਿਚ ਵੀ ਕਦੇ ਖਿਆਲ ਨਹੀਂ ਸੀ ਆਇਆ ਕਿ ਦਿਆਲੇ ਨੂੰ ਮੈਂ ਅਜਿਹੀ ਦੁਰਦਸ਼ਾ ਵਿਚ ਦੇਖਾਂਗੀ।

"ਮੈਂ ਘਰ ਲਈ ਕੁੱਝ ਫਲ ਲੈ ਆਵਾਂ।" ਸ਼ਾਮੋ ਨੇ ਆਪਣੇ ਸਰਦਾਰ ਦੀ ਆਵਾਜ਼ ਸੁਣੀ। ਉਹ ਸੜਕੋਂ ਪਾਰ ਜਾ ਚੁੱਕਾ ਸੀ।

ਸ਼ਾਮੋ ਦਿਆਲੇ ਨਾਲ ਲੱਖ ਗੁੱਸੇ ਸੀ। ਪਰ ਉਸ ਦੀ ਕੰਗਲੀ ਹਾਲਤ ਵੇਖ ਕੇ ਪਸੀਜ ਗਈ ਅਤੇ ਹਮਦਰਦੀ ਨਾਲ ਪੁੱਛਿਆ, "ਦਿਆਲਿਆ! ਇਹ ਕੀ ਹਾਲਤ ਬਣਾਈ ਏ?"

"ਭਾਵੀ ਦਾ ਚੱਕਰ ਏ।" ਦਿਆਲਾ ਸ਼ਾਮੋ ਦੇ ਸਾਹਮਣੇ ਦੋਸ਼ੀਆਂ ਵਾਂਗ ਲਜਿਤ ਖਲੋਤਾ ਸੀ। ਪਰ ਉਸ ਦਾ ਵਿਰੋਧ ਵਿਚ ਧੜਕਦਾ ਦਿਲ ਕਹਿ ਦੇਣਾ ਚਾਹੁੰਦਾ ਸੀ, "ਇਹ ਮੇਰੀ ਹਾਲਤ ਤੂੰ ਬਣਾਈ ਐ ਵੈਰਨੇ।" ਪਰ ਉਹ ਮੁੜ ਮੁੜ ਸ਼ਾਮੋ ਨੂੰ ਤਕ ਕੇ ਨੀਵੀਂ ਪਾ ਲੈਂਦਾ।

"ਥੋੜ੍ਹਾ ਬਹੁਤ ਤਾਂ ਆਪਣੇ ਆਪ ਦਾ ਖਿਆਲ ਰੱਖ। ਤੂੰ ਤਾਂ ਸਿਆਣਿਆ ਵੀ ਨੀ ਜਾਂਦਾ।"

"ਖਿਆਲ ਰੱਖ ਕੇ ਹੁਣ ਕੀ ਕਰਨਾ ਏ।"

"ਤੂੰ ਉੱਜ ਤਕੜਾ ਏਂ?" ਸ਼ਾਮੋ ਆਪਣੇ ਸੰਧੂਰੀ ਪੱਗ ਵਾਲੇ ਯਾਰ ਦੇ ਗਲ ਲੀਰਾਂ ਲਮਕਦੀਆਂ ਵੇਖ ਕੇ ਐਨੀ ਦੁਖੀ ਹੋਈ ਕਿ ਅੱਖਾਂ ਮੀਟ ਲੈਣਾ ਚਾਹੁੰਦੀ ਸੀ।

"ਤਕੜਾ ਹੋ ਕੇ ਕੀ ਕਰਾਂਗਾ, ਤੂੰ ਮੌਜਾਂ ਮਾਣ!"

ਪਿਛਲੀ ਗੱਲ ਸ਼ਾਮੋ ਦੀ ਹਿੱਕ ਵਿਚ ਸੇਲੇ ਦੀ ਨੋਕ ਵਾਂਗ ਬਹਿ ਗਈ। ਉਹ ਹਉਕਾ ਲੈ ਕੇ ਖਾਮੋਸ਼ ਹੋ ਗਈ। ਦੋ ਹੰਝੂ ਉਸ ਦੇ ਕੋਇਆ 'ਤੇ ਕੰਬ ਰਹੇ ਸਨ। ਬੇਬਸ ਜ਼ਿੰਦਗੀ ਫਰਜ਼ ਅਤੇ ਪਿਆਰ ਦੀ ਰੱਸੀ ਨਾਲ ਫਾਹਾ ਲੈ ਰਹੀ ਜਾਪਦੀ ਸੀ। ਐਨੇ ਨੂੰ ਸਰਦਾਰ ਫਲਾਂ ਦੀ ਟੋਕਰੀ ਲੈ ਕੇ ਆ ਗਿਆ। ਉਸ ਅੱਗੇ ਬਹਿੰਦਿਆਂ ਆਖਿਆ, "ਚਲ ਬਈ ਅਮਲੀਆ, ਹੁਣ ਫਟਾ ਫਟ।"

ਤਹਿਸੀਲ ਲੰਘ ਕੇ ਸਰਦਾਰ ਅਮਲੀ ਨਾਲ ਗੱਲੀਂ ਜੁਟ ਗਿਆ, "ਘੋੜਾ ਤਾਂ ਅਮਲੀਆ ਬੜਾ ਤਿੱਖਾ ਈ ਤੇਰਾ। ਕੁਝ ਕਮਾ ਵੀ ਲੈਨਾ ਏਂ।" "ਕਮਾ ਕੇ ਆਪਾਂ ਕਿਹਨੂੰ ਦੇਣਾ ਏ।" "ਬਸ ਕੱਲਾ ਈ ਏਂ, ਵਹੁਟੀ?"

ਦਿਆਲੇ ਨੇ ਪਿਛਾਂਹ ਭੌਂ ਕੇ ਤੱਕਿਆ, ਸ਼ਾਮੋ ਨੇ ਉਸ ਨੂੰ ਵੇਖ ਕੇ ਨੀਵੀਂ ਪਾ ਲਈ।

"ਵਹੁਟੀ ਨਿਕਲ ਗਈ ਸੀ ਜੀ।" ਦਿਆਲੇ ਨੇ ਜਾਣ ਕੇ ਸ਼ਾਮੋ ਨੂੰ ਸੁਣਾਉਣ ਲਈ ਝੂਠਾ ਜਵਾਬ ਦੇ ਮਾਰਿਆ।

"ਹੱਛਾ! ਕਮਾ ਕੇ ਨਹੀਂ ਖਵਾਉਂਦਾ ਹੋਵੇਂਗਾ?" ਸਰਦਾਰ ਨੇ ਹਮਦਰਦੀ, ਹੈਰਾਨੀ ਅਤੇ ਸਾਂਝੇ ਗਿਲੇ ਵਿਚ ਕਿਹਾ।

"ਆਹੋ ਜੀ, ਨਹੀਂ, ਜ਼ੋਰਾਵਰ ਖੋਹ ਕੇ ਲੈ ਗਏ!"

ਸ਼ਾਮੋ ਦਾ ਦਿਲ ਪਿੱਛਿਆ ਜਾ ਰਿਹਾ ਸੀ। ਉਹ ਆਪਣੇ ਸਰਦਾਰ 'ਤੇ ਕੁੜ੍ਹ ਰਹੀ ਸੀ। ਤੈਨੂੰ ਮਝੇਰੂਆ, ਏਨ੍ਹਾਂ ਗੱਲਾਂ ਨਾਲ ਕੀ ਪਈ? ਪੜ੍ਹਿਆ ਲਿਖਿਆ ਹੋਣ ਦੇ ਬਾਵਜੂਦ ਵੀ ਉਹ ਉਸ ਨੂੰ ਬੁੱਧੂ ਸਮਝਦੀ ਸੀ। ਇਹ ਦਿਆਲੇ ਦੀ ਸ਼ਾਮੋ ਨਾਲ ਆਖਰੀ ਮੁਲਾਕਾਤ ਸੀ। ਉਹ ਉਬਲ ਉਬਲ ਪੈਂਦੇ ਜਜ਼ਬਾਤ ਨੂੰ ਦਬਾਉਂਦਾ ਹੋਇਆ ਤਾਂਗਾ ਹੱਕਦਾ ਰਿਹਾ। ਭੋਲਾ ਸਰਦਾਰ ਸਾਰੇ ਰਾਹ ਉਸ ਨੂੰ ਚੁਆਤੀਆਂ ਲਾਉਂਦਾ ਆਇਆ। ਦਿਆਲਾ ਸਮਝਦਾ ਸੀ, ਮੇਰੀ ਸਾਰੀ ਜ਼ਿੰਦਗਾਨੀ 'ਤੇ ਕਹਿਰ ਹੋਇਆ ਹੈ। ਮੇਰੀ ਜਵਾਨੀ, ਘਰ ਘਾਟ, ਜ਼ਮੀਨ ਤੇ ਆਪਣਾ ਆਪ ਸਭ ਕੁੱਝ ਇੱਕ ਤਰ੍ਹਾਂ ਪਿਆਰ ਦੀ ਭੇਟਾ ਚੜ੍ਹ ਗਏ। ਤਿੱਲੇ ਵਾਲੀਆਂ ਜੁੱਤੀਆਂ ਅਤੇ ਲੱਠੇ ਦੇ ਚਾਦਰੇ ਹੰਢਾਉਣ ਵਾਲਾ ਭਰਿਆ ਭਰਿਆ ਦਿਆਲਾ ਅੱਜ ਤਾਂਗੇ ਵਾਲਾ ਮਾੜੂਆ ਜਿਹਾ ਅਮਲੀ ਰਹਿ ਗਿਆ।

ਇਸ ਅਧਿਆਏ ਦਾ ਅੰਤ ਕੰਵਲ ਨੇ ਇਸ ਲੋਕ ਗੀਤ ਨਾਲ ਕੀਤਾ: ਮੁੰਡਾ ਸੁੱਕ ਗਿਆ ਚੰਨਣ ਦਾ ਬੂਟਾ, ਤੇਰੇ ਪਿੱਛੇ ਗੋਰੀਏ ਰੰਨੇ।

ਕੰਵਲ ਨੇ ਇਹ ਨਾਵਲ ਤੀਹਵੇਂ ਸਾਲ ਦੀ ਉਮਰ ਵਿਚ ਲਿਖਿਆ ਸੀ। ਦਸਵੀਂ ਤੱਕ ਦੀ ਪੜ੍ਹਾਈ, ਮੇਲਿਆਂ 'ਚੋਂ ਲਏ ਕਿੱਸੇ, ਵਾਰਸ ਦੀ ਹੀਰ, ਲੋਕ ਗੀਤ, ਮਲਾਇਆ ਵਿਚ ਜਾਗੇ ਦੀ ਨੌਕਰੀ, ਚੀਨਣ ਤੇ ਮਲਾਇਣ ਨਾਲ ਇਸ਼ਕ, ਪਿੰਡ ਪਰਤ ਕੇ ਖੇਤੀ ਵਾਹੀ, ਸਾਹਿਤਕ ਪੁਸਤਕਾਂ ਦੀ ਪੜ੍ਹਾਈ, ਸ਼੍ਰੋਮਣੀ ਕਮੇਟੀ ਦੀ ਕਲੱਰਕੀ, 1947 ਦਾ ਉਜਾੜਾ, ਵੇਦਾਂਤ ਤੇ ਮਾਰਕਸਵਾਦ ਦੇ ਸਬਕ, ਜੀਵਨ ਕਣੀਆਂ, ਸੱਚ ਨੂੰ ਫਾਂਸੀ ਤੇ ਪਾਲੀ ਪੁਸਤਕਾਂ ਲਿਖਣਾ ਉਹਦਾ ਪਿਛੋਕੜ ਤੇ ਤਜਰਬਾ ਸੀ। ਉਹ ਕਮਿਊਨਿਸਟ ਬਣਨ ਦੇ ਰਾਹ ਪੈ ਗਿਆ ਸੀ ਪਰ ਕਮਿਊਨਿਸਟ ਪਾਰਟੀ ਦਾ ਮੈਂਬਰ ਨਹੀਂ ਸੀ ਬਣਿਆ। ਬਾਬਾ ਰੂੜ ਸਿੰਘ ਚੂਹੜਚੱਕ ਦੀ ਸੰਗਤ ਕਰਕੇ ਕਮਿਊਨਿਸਟ ਪਾਰਟੀ ਦਾ ਹਮਦਰਦ ਜ਼ਰੂਰ ਬਣ ਗਿਆ ਸੀ। ਮਾਲਵੇ ਦੇ ਪਿੰਡਾਂ ਦੀ ਪ੍ਰੀਤ ਕਹਾਣੀ ਦੇ ਵਿਸ਼ੇ ਵਾਲੇ ਨਾਵਲ ਵਿਚ ਉਸ ਤੋਂ ਧਰਮ ਤੇ ਸਾਇੰਸ ਦਾ ਵਾਦ-ਵਿਵਾਦ ਅਤੇ ਮਾਰਕਸਵਾਦ ਦਾ ਲੋਕ-ਇਨਕਲਾਬ ਮੱਲੋ-ਮੱਲੀ ਘੁਸੜ ਗਿਆ ਸੀ।

ਇਹਦੇ ਬਾਵਜੂਦ 'ਪੂਰਨਮਾਸ਼ੀ' ਉਹਦਾ ਸ਼ਾਹਕਾਰ ਨਾਵਲ ਗਿਣਿਆ ਜਾਂਦਾ ਹੈ। ਨਾਵਲ ਵਿਚ ਏਨਾ ਰਸ ਹੈ ਕਿ ਪਾਠਕ ਚਾਹੁੰਦਾ ਹੈ, ਨਾਵਲ ਕਦੇ ਮੁੱਕੇ ਨਾ। ਨਾਵਲ ਮੁੱਕਣ 'ਤੇ ਪਾਠਕ ਝੁਰਦਾ ਹੈ ਕਿ ਏਨੀ ਛੇਤੀ ਮੁੱਕ ਕਿਉਂ ਗਿਆ? ਇਸ ਨਾਲ ਪੰਜਾਬ ਦਾ ਪੇਂਡੂ ਜੀਵਨ ਪਹਿਲੀ ਵਾਰ ਭਰਵੇਂ ਰੂਪ ਵਿਚ ਪੇਸ਼ ਹੋਇਆ ਜੋ ਬਾਅਦ ਵਿਚ ਹੋਰਨਾਂ ਪੰਜਾਬੀ ਲੇਖਕਾਂ ਦਾ ਗਾਡੀਰਾਹ ਬਣ ਗਿਆ।



# ਰਸ਼ਮਿਕਾ ਦਾ ਰੇਸ਼ਮ


ਪ੍ਰਸਿੱਧ ਅਦਾਕਾਰਾ ਰਸ਼ਮਿਕਾ ਮੰਡਾਨਾ ਦੀ ਫਿਲਮ 'ਪੁਸ਼ਪਾ 2: ਦਿ ਰੂਲ' ਇਸੇ ਸਾਲ 5 ਦਸੰਬਰ ਨੂੰ ਰਿਲੀਜ਼ ਹੋ ਰਹੀ ਹੈ। ਉਸ ਦਾ ਦਾਅਵਾ ਹੈ ਕਿ ਇਸ ਫਿਲਮ ਵਿਚ ਉਸ ਨੇ 'ਰੇਸ਼ਮ' ਵਰਗਾ, ਭਾਵ, ਬਹੁਤ ਉਤਮ ਕਿਰਦਾਰ ਨਿਭਾਇਆ ਹੈ। ਉਸ ਮੁਤਾਬਿਕ, ਫਿਲਮ ਦਾ ਪਹਿਲਾ ਅੱਧ ਬਹੁਤ ਖ਼ੂਬਸੂਰਤ ਅਤੇ ਨਿਵੇਕਲਾ ਹੈ ਤੇ ਅਗਲੇ ਅੱਧ ਵਿਚ ਫਿਲਮ ਦਰਸ਼ਕਾਂ ਨੂੰ ਆਪਣੇ ਨਾਲ ਉਡਾ ਕੇ ਲੈ ਜਾਵੇਗੀ। ਇਸ ਫਿਲਮ ਵਿਚ ਉਸ ਦੇ ਸਾਥੀ ਕਲਾਰਾਂ ਵਿਚ ਅੱਲੂ ਅਰਜੁਨ ਅਤੇ ਫਾਹਦ ਫਾਸਿਲ ਸ਼ਾਮਿਲ ਹਨ। ਰਸ਼ਮਿਕਾ ਦੀ ਪਹਿਲੀ ਫਿਲਮ 'ਕਿਰਿਕ ਪਾਰਟੀ' ਸਾਲ 2016 ਵਿਚ ਆਈ ਸੀ। ਇਹ ਕੰਨੜ ਫਿਲਮ ਸੀ। 'ਪੁਸ਼ਪਾ 2: ਦਿ ਰੂਲ' ਤੇਲਗੂ ਫਿਲਮ ਹੈ ਜਿਸ ਦੀ ਵਾਹਵਾ ਚਰਚਾ ਹੋ ਰਹੀ ਹੈ। ਉਸ ਨੇ 'ਐਨੀਮਲ', ਮਿਸ਼ਨ ਮੰਜੂ', 'ਗੁੱਡਬਾਇ' ਆਦਿ ਹਿੰਦੀ ਫਿਲਮਾਂ ਵਿਚ ਆਪਣੀ ਅਦਾਕਾਰੀ ਦੇ ਜਲਵੇ ਦਿਖਾਏ ਹਨ। ***-ਗੁਰਜੰਟ ਸਿੰਘ***

# ਫਿਲਮਸਾਜ਼-ਸ਼ਾਇਰ ਗੁਲਜ਼ਾਰ ਦੀਆਂ ਬਾਲ ਮੁਹੱਬਤਾਂ

**ਕੁਦਰਤ ਕੌਰ**

ਉਘੇ ਸ਼ਾਇਰ ਅਤੇ ਫਿਲਮਸਾਜ਼ ਗੁਲਜ਼ਾਰ ਨੇ ਆਪਣੇ ਜ਼ਮਾਨੇ ਦੀਆਂ ਬਿਹਤਰੀਨ ਫਿਲਮਾਂ ਲਿਖੀਆਂ ਅਤੇ ਨਿਰਦੇਸ਼ਤ ਕੀਤੀਆਂ ਹਨ। ਉਨ੍ਹਾਂ ਆਪਣੇ ਫਿਲਮੀ ਕਰੀਅਰ ਦਾ ਆਰੰਭ ਸਾਲ 1963 ਵਿਚ ਫਿਲਮ 'ਬੰਦਿਨੀ' ਨਾਲ ਬਤੌਰ ਗੀਤਕਾਰ ਕੀਤਾ ਸੀ। ਇਸ ਫਿਲਮ ਦੇ ਸੰਗੀਤਕਾਰ ਐੱਸ.ਡੀ. ਬਰਮਨ ਸਨ। ਨਿਰਦੇਸ਼ਕ ਵਜੋਂ 'ਮੇਰੇ ਅਪਨੇ' ਉਨ੍ਹਾਂ ਦੀ ਪਲੇਠੀ ਫਿਲਮ ਸੀ ਜੋ 1971 ਵਿਚ ਰਿਲੀਜ਼ ਹੋਈ ਸੀ। ਇਸ ਤੋਂ ਪਹਿਲਾਂ ਉਹ 'ਅਸ਼ੀਰਵਾਦ', 'ਆਨੰਦ', 'ਖਾਮੋਸ਼ੀ' ਵਰਗੀਆਂ ਫਿਲਮਾਂ ਦੀ ਪਟਕਥਾ ਲਿਖ ਚੁੱਕੇ ਸਨ। 'ਮੇਰੇ ਅਪਨੇ' ਫਿਲਮ ਤਪਨ ਸਿਨਹਾ ਦੀ ਬੰਗਲਾ ਫਿਲਮ 'ਅਪਾਂਜਨ' (1969) ਦੀ ਰੀਮੇਕ ਸੀ। ਇਸ ਫਿਲਮ ਵਿਚ ਆਨੰਦੀ ਦੇਵੀ ਦਾ ਮੁੱਖ ਕਿਰਦਾਰ ਮੀਨਾ ਕੁਮਾਰੀ ਨੇ ਨਿਭਾਇਆ ਸੀ। ਇਹ ਵਿਨੋਦ ਖੰਨਾ ਦੀ ਬਤੌਰ ਹੀਰੋ ਪਹਿਲੀ ਫਿਲਮ ਸੀ। ਇਸ ਤੋਂ ਪਹਿਲਾਂ ਵਿਨੋਦ ਖੰਨਾ ਨੇ ਫਿਲਮਾਂ ਵਿਚ ਖਲਨਾਇਕ ਦੇ ਕਿਰਦਾਰ ਨਿਭਾਏ ਸਨ। ਇਸ ਫਿਲਮ ਦੀ ਖ਼ੂਬ ਚਰਚਾ ਹੋਈ ਸੀ ਅਤੇ ਬਤੌਰ ਫਿਲਮਸਾਜ਼ ਗੁਲਜ਼ਾਰ ਦੀਆਂ ਧੁੰਮਾਂ ਪੈ ਗਈਆਂ।

ਉਂਝ, ਗੁਲਜ਼ਾਰ ਦਾ ਆਖਣਾ ਹੈ ਕਿ ਉਨ੍ਹਾਂ ਨੂੰ ਵਧੇਰੇ ਤਸੱਲੀ ਬੱਚਿਆਂ ਨਾਲ ਸਬੰਧਿਤ ਪ੍ਰੋਜੈਕਟਾਂ ਨਾਲ ਹੀ ਮਿਲਦੀ ਹੈ। ਉਹ ਦੱਸਦੇ ਹਨ ਕਿ 'ਲੱਕੜੀ ਕੀ ਕਾਠੀ' ਵਾਲੇ ਗੀਤ ਦੀ ਪ੍ਰੇਰਨਾ ਉਨ੍ਹਾਂ ਨੂੰ ਇਉਂ ਮਿਲੀ ਸੀ ਕਿ ਜੇ ਤੁਸੀਂ ਬੱਚੇ ਨੂੰ ਸੋਟੀ 'ਤੇ ਬਿਠਾ ਕੇ ਤੋਰਨ ਲੱਗ ਪਓ ਅਤੇ ਕਹੋ ਕਿ ਘੋੜਾ ਚੱਲ ਰਿਹਾ ਹੈ ਤਾਂ ਬੱਚੇ ਨੂੰ ਭਾਵੇਂ ਇਹ ਪਤਾ ਹੁੰਦਾ ਹੈ ਕਿ ਇਹ ਘੋੜਾ ਨਹੀਂ, ਸੋਟੀ ਹੀ ਹੈ ਪਰ ਉਹ ਇਸ ਵਕਤ ਵੀ ਪੂਰਾ ਆਨੰਦ ਲੈਂਦਾ ਹੈ। ਬੰਦਾ ਅਜਿਹਾ ਆਨੰਦ ਕਦੀ ਵੀ ਨਹੀਂ ਲੈ ਸਕਦਾ ਕਿਉਂਕਿ ਬੰਦਾ ਬੱਚੇ ਵਰਗੀ ਵੱਡੀ ਕਲਪਨਾ ਕਰ ਹੀ ਨਹੀਂ ਸਕਦਾ।



ਉਨ੍ਹਾਂ ਦਾ ਮੰਨਣਾ ਹੈ ਕਿ ਬੱਚਿਆਂ ਬਾਰੇ ਲਿਖਣ ਲਈ ਤੁਹਾਨੂੰ ਬੱਚਿਆਂ ਦੀ ਮਾਨਸਿਕਤਾ ਨੂੰ ਬਹੁਤ ਗਹਿਰਾਈ ਨਾਲ ਸਮਝਣਾ ਪੈਂਦਾ ਹੈ ਬਲਕਿ ਆਪ ਬੱਚਾ ਬਣ ਕੇ ਹੀ ਸੋਚਣਾ ਪੈਂਦਾ ਹੈ। ਇਸ ਸਬੰਧੀ ਉਨ੍ਹਾਂ 'ਜੰਗਲ ਜੰਗਲ ਬਾਤ ਚਲੀ ਹੈ' ਬਾਰੇ ਕਿਹਾ ਕਿ ਇਸ ਪ੍ਰੋਜੈਕਟ ਦੇ ਨਿਰਮਾਤਾਵਾਂ ਨੇ ਗੀਤ ਵਿਚ ਆਏ ਸ਼ਬਦ 'ਚੱਡੀ' ਬਾਰੇ ਇਤਰਾਜ਼ ਕੀਤਾ ਸੀ ਅਤੇ ਸੁਝਾਅ ਦਿੱਤਾ ਸੀ ਕਿ 'ਚੱਡੀ' ਦੀ ਥਾਂ ਸ਼ਬਦ 'ਲੁੰਗੀ' ਕਰ ਲਿਆ ਜਾਵੇ; ਅਸਲ ਵਿਚ ਉਨ੍ਹਾਂ ਨੂੰ 'ਚੱਡੀ' ਸ਼ਬਦ ਅਸ਼ਲੀਲ ਲੱਗਦਾ ਸੀ ਪਰ ਜਦੋਂ ਗੁਲਜ਼ਾਰ ਨੇ ਫਿਲਮ ਦੀ ਲੋੜ ਬਾਰੇ ਜ਼ਿਕਰ ਕੀਤਾ ਤਾਂ ਨਿਰਮਾਤਾਵਾਂ ਕੋਲ ਕੋਈ ਜਵਾਬ ਨਹੀਂ ਸੀ। ਮਗਰੋਂ ਇਹ ਗੀਤ ਇੰਨਾ ਜ਼ਿਆਦਾ ਹਿੱਟ ਹੋਇਆ ਕਿ ਸਭ ਹੈਰਾਨ ਸਨ। ਉਨ੍ਹਾਂ ਦਾ ਮੰਨਣਾ ਹੈ ਕਿ ਬੱਚਿਆਂ ਬਾਰੇ ਲਿਖਣਾ ਆਮ ਲਿਖਣ ਤੋਂ ਕਿਤੇ ਵੱਧ ਔਖਾ ਅਤੇ ਮੁਸ਼ਕਿਲ ਭਰਿਆ ਕੰਮ ਹੈ। ਪੂਰਾ ਧਿਆਨ ਰੱਖਣਾ ਪੈਂਦਾ ਹੈ ਕਿ ਜੋ ਗੱਲਾਂ ਕੀਤੀਆਂ ਜਾ ਰਹੀਆਂ ਹਨ, ਉਹ ਬੱਚਿਆਂ ਦੇ ਸਮਝ ਵੀ ਆ ਰਹੀਆਂ ਹਨ ਜਾਂ ਨਹੀਂ।

# ਜਨੇਲੀਆ ਦੀ ਅਦਾਕਾਰੀ ਤੇ ਪਰਿਵਾਰ

**ਆਮਨਾ ਕੌਰ**

ਅਦਾਕਾਰਾ ਜਨੇਲੀਆ ਦੇਸ਼ਮੁਖ ਜਿਸ ਦੀ ਫਿਲਮ 'ਸਿਤਾਰੇ ਜ਼ਮੀਨ ਪਰ' ਦਸੰਬਰ ਵਿਚ ਰਿਲੀਜ਼ ਹੋ ਰਹੀ ਹੈ, ਨੇ ਗਿਣਤੀ ਦੀਆਂ ਫਿਲਮਾਂ ਹੀ ਕੀਤੀਆਂ ਹਨ। ਪਿਛਲੇ ਕੁਝ ਸਾਲਾਂ ਤੋਂ ਉਹ ਆਪਣੇ ਬੱਚਿਆਂ ਵੱਲ ਵਧੇਰੇ ਧਿਆਨ ਦੇ ਰਹੀ ਹੈ। ਉਹ ਬੜੇ ਚਾਅ ਨਾਲ ਦੱਸਦੀ ਹੈ, "ਬੱਚਿਆਂ ਦੀ ਸੰਗਤ ਵਿਚ ਉਹ ਉਹੋ ਜਿਹਾ ਮਹਿਸੂਸ ਕਰਦੀ ਜਿਹੜਾ ਕਦੀ ਜ਼ਿੰਦਗੀ ਵਿਚ ਮਹਿਸੂਸ ਨਹੀਂ ਸੀ ਕੀਤਾ। ਬੱਚੇ ਪਾਲਣਾ ਆਪਣੇ ਆਪ ਵਿਚ ਬਹੁਤ ਵੱਡਾ ਕਾਰਜ ਹੈ; ਲਗਦਾ ਹੈ ਕਿ ਤੁਸੀਂ ਆਪਣੇ ਆਪ ਨੂੰ ਦੁਬਾਰਾ ਜੀਅ ਰਹੇ ਹੋ।"

ਜਨੇਲੀਆ ਜੋ ਵਿਆਹ ਤੋਂ ਪਹਿਲਾਂ ਜਨੇਲੀਆ ਡਿਸੂਜ਼ਾ ਸੀ, ਨੇ ਹਿੰਦੀ ਫਿਲਮਾਂ ਵਿਚ ਆਪਣੇ ਕਰੀਅਰ ਦੀ ਸ਼ੁਰੂਆਤ ਸਾਲ 2003 ਵਿਚ ਫਿਲਮ 'ਤੁਝੇ ਮੇਰੀ ਕਸਮ' ਨਾਲ ਕੀਤੀ ਸੀ। ਇਸ ਤੋਂ ਪਹਿਲਾਂ ਉਸ ਨੇ ਕਈ ਤੇਲਗੂ ਤੇ ਤਮਿਲ ਫਿਲਮਾਂ ਵਿਚ ਕੰਮ ਕੀਤਾ ਸੀ ਅਤੇ ਵਾਹਵਾ ਸ਼ੋਹਰਤ ਖੱਟੀ ਸੀ। ਫਿਲਮ 'ਤੁਝੇ ਮੇਰੀ ਕਸਮ' ਵਿਚ ਉਸ ਤੋਂ ਇਲਾਵਾ ਰਿਤੇਸ਼ ਦੇਸ਼ਮੁਖ ਦਾ ਮੁੱਖ ਰੋਲ ਸੀ। ਬਾਅਦ ਵਿਚ ਜਨੇਲੀਆ ਦਾ ਵਿਆਹ ਇਸੇ ਸ਼ਖ਼ਸ ਨਾਲ ਹੋਇਆ। ਸਾਲ 2003 ਵਿਚ ਹੀ ਜਨੇਲੀਆ ਦੀਆਂ ਦੋ ਹੋਰ ਫਿਲਮਾਂ 'ਬੁਆਏਜ਼' ਅਤੇ 'ਸੱਤਿਅਮ' ਵੀ ਰਿਲੀਜ਼ ਹੋਈਆਂ ਸਨ। ਫਿਰ ਤਾਂ ਚੱਲ ਸੋ ਚੱਲ।





# ਮ੍ਰਿਣਾਲ ਦੀ ਅਦਾ

ਅਦਾਕਾਰਾ ਮ੍ਰਿਣਾਲ ਠਾਕੁਰ ਜਿਸ ਨੇ 'ਸੁਪਰ 30', ਬਾਟਲਾ ਹਾਊਸ', 'ਗੁਮਰਾਹ' ਵਰਗੀਆਂ ਹਿੰਦੀ ਫਿਲਮਾਂ ਰਾਹੀਂ ਅਦਾਕਾਰੀ ਦੇ ਜੌਹਰ ਦਿਖਾਏ ਹਨ, ਦਾ ਕਹਿਣਾ ਹੈ ਕਿ ਉਸ ਦੇ ਆਉਣ ਵਾਲੇ ਦੋ ਪ੍ਰੋਜੈਕਟ ਅਜਿਹੇ ਹਨ ਜਿਨ੍ਹਾਂ ਦੀਆਂ ਪਟਕਥਾਵਾਂ ਉਸ ਨੂੰ ਧਿਆਨ ਵਿਚ ਰੱਖ ਕੇ ਲਿਖੀਆਂ ਗਈਆਂ ਹਨ। ਇਹ ਤੇਲਗੂ ਫਿਲਮਾਂ 'ਸੀਤਾ ਰਾਮਮ' ਤੇ 'ਹਾਏ ਨਾਨਾ' ਹਨ। ਇਸ ਤੋਂ ਪਹਿਲਾਂ ਤੇਲਗੂ ਫਿਲਮ 'ਅੰਮਾਈ' ਰਾਹੀਂ ਉਹ ਦਰਸ਼ਕਾਂ ਦਾ ਪਿਆਰ ਲੈ ਚੁੱਕੀ ਹੈ। ਇਸ ਫਿਲਮ ਵਿਚ ਉਸ ਦੀ ਅਦਾਕਾਰੀ ਦੀ ਤਾਰੀਫ ਹੋਈ ਸੀ ਅਤੇ ਉਸ ਨੂੰ ਇਹ ਦੋਵੇਂ ਫਿਲਮਾਂ 'ਅੰਮਾਈ' ਕਰ ਕੇ ਹੀ ਮਿਲੀਆਂ ਸਨ।

# Reliable

*Trucks & Trailer Repair Shop*

**7401 Brookville Road Indianapolis, IN 46239**



* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change
* DPF Work
* Nox Sensor
* Truck & Trailer Bushings
* Air Compressor *
* Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**